ਸਿੱਖ ਮਾਰਗ SIKH MARG
☬ ਨਿਰੋਲ ਧਾਰਮਿਕ ਵੈੱਬ ਸਾਈਟ ਜੋ ਸ਼ਬਦ ਗੁਰੂ-ਬਾਣੀ ਦੇ ਸੱਚ ਨੂੰ ਸਮਰਪਿਤ ਹੈ ☬

## ਅੱਜ ਮਈ 18, 2020 ਦਾ ਸਵਾਲ

# ਕੀ ਤੁਸੀਂ ਗੁਰਬਾਣੀ ਵਿੱਚ ਮਿਥਿਹਾਸ ਦੀ ਗੱਲ ਪ੍ਰਵਾਨ ਕਰਦੇ ਹੋ?

ਇਸ ਗੱਲ ਤੋਂ ਤਾਂ ਕੋਈ ਮੁਨਕਰ ਨਹੀਂ ਹੋ ਸਕਦਾ ਕਿ ਗੁਰਬਾਣੀ ਇੱਕ ਜੀਵਨ ਜਾਂਚ ਦਾ ਖਜਾਨਾ ਹੈ। ਚੰਗੇ ਸਮਾਜ ਦੀ ਸਿਰਜਨਾ ਲਈ ਅਸੀਂ ਗੁਰਬਾਣੀ ਤੋਂ ਸੇਧ ਲੈ ਕੇ ਆਪਣਾ ਯੋਗਦਾਨ ਪਾ ਸਕਦੇ ਹਾਂ। ਪਰ ਜਦੋਂ ਅਸੀਂ ਇਹ ਸਮਝਣ ਲੱਗ ਪੈਂਦੇ ਹਾਂ ਕਿ ਗੁਰਬਾਣੀ ਜੀਵਨ ਜਾਂਚ ਦੀ ਥਾਂ ਤੇ ਕੋਈ ਅਲੌਕਿਕ ਰਚਨਾ ਹੈ ਅਤੇ ਇਹ ਰੱਬ ਨੇ ਗੁਰੂਆਂ ਅਤੇ ਭਗਤਾਂ ਰਾਹੀਂ ਸੰਸਾਰ ਤੇ ਭੇਜੀ ਹੈ ਅਤੇ ਇਹ ਅੱਖਰ-ਅੱਖਰ ਸੱਚ ਹੈ। ਫਿਰ ਇਸ ਨੂੰ ਅੱਖਰ-ਅੱਖਰ ਸੱਚ ਸਿੱਧ ਕਰਨ ਲਈ ਇਸ ਦੇ ਅਰਥ ਵੀ ਆਪਣੀ ਮਰਜ਼ੀ ਅਨੁਸਾਰ ਕਰਨੇ ਪੈਂਦੇ ਹਨ ਤਾਂ ਕਿ ਉਹ ਸੱਚ ਤੇ ਪੂਰੇ ਉਤਰ ਸਕਣ ਅਤੇ ਉਸ ਨੂੰ ਕੋਈ ਗਲਤ ਸਿੱਧ ਨਾ ਕਰ ਸਕੇ। ਮਿਸਾਲ ਦੇ ਤੌਰ ਤੇ, **"ਨਰੂ ਮਰੈ ਨਰੁ ਕਾਮਿ ਨ ਆਵੈ॥ ਪਸੂ ਮਰੈ ਦਸ ਕਾਜ ਸਵਾਰੈ॥"** ਵਾਲੇ ਸ਼ਬਦ ਦੇ ਅਰਥ ਕਈ ਤਰ੍ਹਾਂ ਕੀਤੇ ਹੋਏ ਮਿਲਦੇ ਹਨ। ਇੱਥੇ ਸਿੱਖ ਮਾਰਗ ਤੇ ਵੀ ਇਸ ਦੇ ਅਰਥ ਕਈ ਲੇਖਕਾਂ ਵਲੋਂ ਵੱਖ-ਵੱਖ ਕੀਤੇ ਹੋਏ ਤੁਸੀਂ ਪੜ੍ਹ ਸਕਦੇ ਹੋ। ਇਸ ਤਰ੍ਹਾਂ ਹਰ ਸ਼ਬਦ ਦੇ ਅਰਥ ਕਰਕੇ ਉਸ ਨੂੰ ਪੂਰਾ ਸੱਚ ਸਿੱਧ ਕਰਨ ਵਿੱਚ ਮੁਸ਼ਕਲ ਆ ਸਕਦੀ ਹੈ ਅਤੇ ਕੋਈ ਇਸ ਤਰ੍ਹਾਂ ਸਾਰੇ ਸ਼ਬਦਾਂ ਦੇ ਅਰਥ ਕਰ ਵੀ ਨਹੀਂ ਸਕਦਾ। ਮਿਸਾਲ ਦੇ ਤੌਰ ਤੇ ਹੇਠ ਲਿਖੇ ਦੋ ਸ਼ਬਦਾਂ ਨੂੰ ਕੋਈ ਅੱਖਰ-ਅੱਖਰ ਕਿਵੇਂ ਸੱਚ ਸਿੱਧ ਕਰ ਸਕਦਾ ਹੈ? ਪੂਰਾ ਸੱਚ ਸਿੱਧ ਕਰਨ ਲਈ ਗੁਰਮਤਿ ਦੇ ਮੁਢਲੇ ਸਿਧਾਂਤ ਦਾ ਖੁਦ ਖੰਡਨ ਕਰਨਾ ਪਵੇਗਾ।

ਪ੍ਰਭਾਤੀ ਮਹਲਾ ੧ ਦਖਣੀ॥ ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ॥ ----- (ਪੰਨਾ ੧੩੪੪) ਵਾਲਾ ਸ਼ਬਦ

ਅਤੇ

ਭੈਰਉ ਮਹਲਾ ੩॥ ਮੇਰੀ ਪਟੀਆ ਲਿਖਹੁ ਹਰਿ ਗੋਵਿੰਦ ਗੋਪਾਲਾ॥ (ਪੰਨਾ 1133) ਵਾਲਾ ਸ਼ਬਦ।

ਰੱਬ ਦੀ ਹੋਂਦ ਵਾਲੇ ਸਵਾਲ ਵਿੱਚ ਤੁਸੀਂ ਤਕਰੀਬਨ ਸਾਰੇ ਹੀ ਇਹ ਮੰਨ ਚੁੱਕੇ ਹੋ ਕਿ ਕੁਦਰਤੀ ਨਿਯਮ ਆਪਣੀ ਮਰਜ਼ੀ ਨਾਲ ਕੋਈ ਵੀ ਬਦਲ ਨਹੀਂ ਸਕਦਾ। ਫਿਰ ਇਨ੍ਹਾਂ ਸ਼ਬਦਾ ਵਿੱਚ ਜੋ ਦੁਹਰਾਇਆ ਗਿਆ ਹੈ ਉਸ ਵਿੱਚ ਤਾਂ ਰੱਬ ਥੰਮ ਵਿਚੋਂ ਵੀ ਨਿਕਲ ਸਕਦਾ ਹੈ, ਸਰੀਰ ਧਾਰ ਕੇ ਸਾਰੀ ਧਰਤੀ ਨੂੰ ਢਾਈ ਕਦਮਾਂ ਵਿੱਚ ਹੀ ਮਿਣ ਸਕਦਾ ਹੈ, ਸਰਾਪ ਨਾਲ ਇੰਦਰ ਦੇਵਤਾ ਦੇ ਸਰੀਰ ਤੇ ਹਜ਼ਾਰਾਂ ਭਗਾਂ ਦੇ ਨਿਸ਼ਾਨ ਬਣ ਸਕਦੇ ਹਨ ਅਤੇ ਹੋਰ ਵੀ ਕਈ ਕੁੱਝ ਹੋ ਸਕਦਾ ਹੈ। **ਹੁਣ ਤੁਸੀਂ ਦੱਸੋ ਕਿ ਇਹ ਕਹਾਣੀਆਂ ਮਿਥਿਹਾਸ ਹਨ ਜਾਂ ਸੱਚੀਆਂ? ਕੀ ਤੁਸੀਂ ਗੁਰਬਾਣੀ ਵਿੱਚ ਮਿਥਿਹਾਸ ਦੀ ਗੱਲ ਪ੍ਰਵਾਨ ਕਰਦੇ ਹੋ?** ਜੇ ਕਰ ਕੋਈ ਲੇਖਕ ਇਨ੍ਹਾਂ ਦੋ ਸ਼ਬਦਾਂ ਦੀ ਪੂਰੀ ਵਿਆਖਿਆ ਕਰਕੇ ਦੱਸਣਾ ਚਾਹੁੰਦਾ ਹੈ ਤਾਂ ਉਹ ਕਿਰਪਾ ਕਰਕੇ ਵੱਖਰੇ ਲੇਖ ਵਿੱਚ ਕਰਕੇ ਭੇਜ ਦੇਵੇ। ਉਸ ਨੂੰ ਵੱਖਰੇ ਲੇਖ ਵਿੱਚ ਪਾ ਕੇ, ਉਸ ਦਾ ਲਿੰਕ ਤੁਹਾਡੇ ਇੱਥੇ ਕੀਤੇ ਗਏ ਕੁਮਿੰਟਸ ਦੇ ਥੱਲੇ ਐਡ ਕਰ ਦਿੱਤਾ ਜਾਵੇਗਾ। ਇੱਥੇ ਸਿਰਫ ਸੰਖੇਪ ਸ਼ਬਦਾਂ ਵਿੱਚ ਹੀ ਸਿੱਧੇ ਤੇ ਸਪਸ਼ਟ ਵਿਚਾਰ ਦਿਓ ਜੀ- ਸੰਪਾਦਕ।

**Post a Comment on "ਕੀ ਤੁਸੀਂ ਗੁਰਬਾਣੀ ਵਿੱਚ ਮਿਥਿਹਾਸ ਦੀ ਗੱਲ ਪ੍ਰਵਾਨ ਕਰਦੇ ਹੋ?"**

Name

E-mail Address (never displayed)

Type comment here...

Notify me of replies

Post Comment

**Showing 29 Comments (52 counting replies)**

In Order

## ਸੁਖਜੀਤ ਸਿੰਘ ਕਪੂਰਥਲਾ

ਮਾਨਯੋਗ ਸੰਪਾਦਕ ਜੀਓ

ਗੁਰੂ ਫਤਿਹ

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਗੁਰਬਾਣੀ ਵਿੱਚ ਮਿਥਿਹਾਸਕ ਹਵਾਲੇ ਮਿਲਦੇ ਹਨ ।ਪਰ ਵਿਚਾਰਣ ਵਾਲਾ ਪੱਖ ਤਾਂ ਇਹ ਹੈ ਕਿ ਐਸੇ ਹਵਾਲੇ ਕਿਉਂ ? ਇਸ ਕਿਉਂ ਵਿਚੋਂ ਹੀ ਹੱਲ ਨਿਕਲੇਗਾ ।

ਉਦਾਹਰਣ ਦੇ ਤੌਰ ਤੇ ਵਿਆਜ ਦੇ ਸਵਾਲ ਹੱਲ ਕਰਨ ਲਈ ਫਾਰਮੂਲੇ ਦੀ ਵਰਤੋਂ ਕਰਦੇ ਹੋਏ ਜਿਵੇਂ ਮੰਨ ਲਿਆ ਮੂਲਧਨ =100 ਰੁਪਏ ਸਾਨੂੰ ਸਵਾਲ ਦੇ ਸਹੀ ਜਵਾਬ ਤੱਕ ਲੈ ਜਾਂਦਾ ਹੈ । ਠੀਕ ਇਸੇ ਤਰ੍ਹਾਂ ਨਾਲ ਆਮ ਪ੍ਰਚਲਿਤ ਮਿਥਿਹਾਸਕ ਹਵਾਲੇ ਸਿਰਫ ਸਿਖਿਆ ਰੂਪੀ ਹੱਲ /ਜਵਾਬ ਤੱਕ ਪਹੁੰਚਾਉਣਾ ਲਈ ਵਰਤੇ ਗਏ ਹਨ ।

ਗੁਰਬਾਣੀ ਵਿੱਚ ਮਿਥਿਹਾਸਕ ਹਵਾਲਿਆਂ ਦੀ ਵਰਤੋਂ ਦਾ ਮਕਸਦ ਕਿਸੇ ਵੀ ਤਰ੍ਹਾਂ ਨਾਲ ਉਹਨਾਂ ਦੀ ਪ੍ਰਮਾਣਿਕਤਾ ਨੂੰ ਸਿਧ ਕਰਨਾ ਕਦਾਚਿੱਤ ਵੀ ਨਹੀਂ ਹੈ ।

ਦਾਸ ਨੂੰ ਦੋ ਸਮਝ ਆਈ ਹੈ ਲਿਖਿਆ ਹੈ ।ਕੋਈ ਦਾਅਵੇਦਾਰੀ ਨਹੀਂ ਹੈ ਜੀ ।

ਸੁਖਜੀਤ ਸਿੰਘ ਕਪੂਰਥਲਾ

05/19/2020 at 2:24am

## ਸਰਵਜੀਤ ਸਿੰਘ ਸੈਕਰਾਮੈਂਟੋ

ਗੁਰਬਾਣੀ ਵਿੱਚ ਪ੍ਰਚਲਤ ਕਥਾਂ ਕਹਾਣੀਆਂ ਦੀ ਵਰਤੋ ਕਰਕੇ, ਗੁਰੂ ਸਾਹਿਬ ਨੇ ਆਪਣਾ ਉਪਦੇਸ਼ ਦਿੱਤਾ ਹੈ। ਇਸ ਭਾਵ ਇਹ ਨਹੀਂ ਕਿ ਗੁਰੂ ਸਾਹਿਬ ਨੇ ਉਨ੍ਹਾਂ ਕਥਾ- ਕਹਾਣੀਆਂ ਨੂੰ ਮਾਨਤਾ ਦਿੱਤੀ ਹੈ।

ਧੰਨਵਾਦ

05/19/2020 at 6:00pm

## Baldev singh toronto

ਕੀ ਤੁਸੀ ਗੁਰਬਾਣੀ ਵਿੱਚ ਮਿਥਹਾਸ ਦੀ ਗੱਲ ਪ੍ਰਵਾਣ ਕਰਦੇ ਹੋ?

ਬਹੁਤ ਵਧੀਆਂ ਸਵਾਲ ਹੈ ਜਿਹੜਾ ਸਾਨੂੰ ਗੁਰਬਾਣੀ ਪੱਖ ਨੂੰ ਹੋਰ ਡੂੰਘਆਈ ਨਾਲ ਸਮਝਣ ਲਈ ਉਤਸਾਹਤ ਕਰਦਾ ਹੈ। ਜਿਨ੍ਹਾਂ ਕੁ ਗੁਰਬਾਣੀ ਨੂੰ ਵੀਚਾਰਨ ਨਾਲ ਸਮਝ ਪਈ ਹੈ, ਉਸ ਮੁਤਾਬਕ ਵੀਚਾਰ ਪੇਸ ਕਰਨ ਦੀ ਕੋਸ਼ਿਸ਼ ਕਰਾਗਾ। ਸੱਭ ਤੋਂ ਪਹਿਲਾਂ ਇਹ ਗੱਲ ਸਮਝਣ ਦੀ ਲੋੜ ਹੈ ਕਿ ਇਤਿਹਾਸ ਅਤੇ ਮਿਥਹਾਸ ਵਿੱਚ ਕੀ ਫਰਕ ਹੈ। ਇਤਿਹਾਸ ਅਤੇ ਮਿਥਹਾਸ ਕਿਸ ਨੂੰ ਕਿਹਾ ਜਾਂਦਾ ਹੈ। ਇਤਿਹਾਸ ਇਕ ਵਾਪਰੇ ਵਰਤਾਰੇ ਦਾ ਨਾਮ ਹੈ ਅਤੇ ਮਿਥਹਾਸ ਅਣਵਾਪਰੇ ਵਰਤਾਰੇ ਦਾ ਨਾਮ ਹੈ। ਹਰੇਕ ਇਤਿਹਾਸਕ ਘਟਣਾ ਨੂੰ ਨਾ ਸਮਝੀ ਕਾਰਨ ਮਿਥਹਾਸ ਕਹਿਕੇ ਰੱਦ ਕਰ ਦੇਣਾ ਅਤੇ ਹਰੇਕ ਮਿਥਹਾਸਕ ਘਟਣਾ ਨੂੰ ਨਾ ਸਮਝੀ ਕਾਰਣ ਇਤਿਹਾਸ ਕਹਿ ਕਰਕੇ ਪਰਵਾਣ ਕਰ ਲੈਣਾ ਮਨੁੱਖ ਦੀ ਆਪਣੀ ਸਮਝ ਉੱਪਰ ਨਿਰਭਰ ਕਰਦਾ ਕਿ ਉਹ ਕਿਸ ਨਜਰੀਏ ਨਾਲ ਦੇਖਦਾ ਹੈ।

ਜਿਥੋਂ ਤੱਕ ਗੁਰਬਾਣੀ ਅੰਦਰ ਹਵਾਲਿਆ ਦਾ ਜਿਕਰ ਹੈ, ਉਨ੍ਹਾਂ ਨੂੰ ਜੇਕਰ ਗੁਰਬਾਣੀ ਨੁਕਤਾ ਨੁਗਾਹ ਤੋਂ ਦੇਖਿਆ ਜਾਏ ਤਾਂ ਇਤਹਾਸ ਮਿਥਹਾਸ ਦੇ ਫਰਕ ਦਾ ਪਤਾ ਲੱਗ ਸਕਦਾ ਹੈ। ਗੁਰਬਾਣੀ ਅੰਦਰ ਜਿਹੜੇ ਜਿਹੜੇ ਪਾਤਰ ਹਨ, ਉਹ ਇਤਿਹਾਸਕ ਪਾਤਰ ਹਨ, ਪਰ ਜਿਹੜੀਆਂ ਉਨ੍ਹਾਂ ਨਾਲ ਘਟਨਾਵਾ ਜੋੜੀਆਂ ਗਈਆਂ ਹਨ ਉਹ ਮਿਥਹਾਸਕ ਹਨ। ਮਿਸਾਲ ਦੇ ਤੌਰ ਤੇ ਸੁਦਾਮਾ ਬਿਦਰ ਦ੍ਰੋਪਤੀ ਕੁਬਜਾ ਅਜਾਮਲ ਅਬਰੀਕ ਉਦੋ ਅਕੂਰ ਉਗਰਸੈਨ ਗਜ ਨਾਰਦ ਧ੍ਰੂ ਪ੍ਰਹਿਲਾਦ ਆਦਿ ਇਹ ਇਤਿਹਾਸਕ ਪਾਤਰ ਹਨ। ਇਹ ਲੋਕ ਗੁਰਬਾਣੀ ਮੁਤਾਬਕ ਇਨਕਲਾਬੀ ਯੋਧੇ ਸਨ ਜੋ ਬਿਪਰਵਾਦ ਦੇ ਪਾਖੰਡ ਵਿਰੁੱਧ ਲੜੇ ਹਨ। ਦੂਸਰੇ ਪਾਸੇ ਬਿਪਰ ਵਲੋਂ ਜੋ ਮਿਥਹਾਸਕ ਕਹਾਣੀਆਂ ਬਾਣਕੇ ਇਨ੍ਹਾਂ ਨਾਲ ਜੋੜੀਆਂ ਗਈਆ ਹਨ, ਜਿਨ੍ਹਾਂ ਕਹਾਣੀਆਂ ਰਾਹੀ ਇਨ੍ਹਾਂ ਨੂੰ ਵੱਖਰਿਆਂ ਵੱਖਰਿਆਂ ਅਵਤਾਰਵਾਦੀਆਂ, ਬਿਪਰਵਾਦ ਦੇ ਹੀ ਪੁਜਾਰੀ ਸਾਬਤ ਕਰ ਦਿੱਤਾ ਗਿਆ ਹੈ, ਉਹ ਕਹਾਣੀਆਂ ਮਿਥਹਾਸਕ ਹਨ, ਜੋ ਗੁਰਬਾਣੀ ਰਚਣਹਾਰਿਆ ਨੇ ਰੱਦ ਕਰਕੇ ਇਨ੍ਹਾਂ ਨੂੰ ਸੱਚ ਦੇ ਪੁਜਾਰੀ ਹੋਣ ਦੀ ਗਵਾਹੀ ਭਰੀ ਹੈ ਪਰ ਗੁਰਬਾਣੀ ਵਿਆਖਿਆਕਾਰਾਂ ਵਲੋਂ ਗੁਰਬਾਣੀ ਅੰਦਰ ਇਨ੍ਹਾਂ ਪਰਥਾਏ ਜੋ ਸਬਦ ਹਨ ਉਨ੍ਹਾਂ ਨੂੰ ਵਿਰੋਧੀਆਂ ਵਲੋਂ ਇਨ੍ਹਾਂ ਵਿਰੁੱਧ ਘੜੀਆ ਮਿਥਿਹਾਸਕ ਕਹਾਣੀਆਂ ਨੂੰ ਮੁਖ ਰੱਖ ਕਰਕੇ ਅਰਥਾਉਣ ਕਰਕੇ ਬਿਪਰ ਵਲੋਂ ਘੜੀਆਂ ਮਿਥਿਹਾਸਕ ਕਹਾਣੀਆਂ ਨੂੰ ਸੱਚ ਸਾਬਤ ਕਰ ਦਿੱਤਾ ਗਿਆ ਹੈ, ਜਿਨ੍ਹਾਂ ਕਹਾਣੀਆਂ ਨੂੰ ਪੜਕੇ ਕਈਆਂ ਸੱਜਣਾਂ ਵਲੋਂ ਇਨ੍ਹਾਂ ਨੂੰ ਮਿਥਹਾਸਕ ਪਾਤਰ ਸਮਝਿਆ ਜਾ ਰਿਹਾ ਹੈ।

ਦੂਸਰੇ ਪਾਸੇ ਬ੍ਰਹਮਾ ਵਿਸਨੂੰ ਮਹਾਦੇਊ ਰਾਮ ਕ੍ਰਿਸਨ ਇੰਦ੍ਰ ਆਦਿ ਜੋ ਹਨ ਇਹ ਵੀ ਇਤਹਾਸਕ ਪਾਤਰ ਹਨ ਭਾਵ ਇਹ ਹੋਏ ਹਨ, ਪਰ ਇਨ੍ਹਾਂ ਨੂੰ ਜੋ ਰੱਬ ਬਣਾਕੇ ਪੇਸ ਕਰਦੀਆਂ ਕਹਾਣੀਆਂ ਬਣਾਕੇ ਲੋਕਾਈ ਉੱਪਰ ਥੋਪੀਆਂ ਗਈਆਂ ਹਨ, ਉਹ ਮਿਥਹਾਸਕ ਹਨ, ਜੋ ਗੁਰਬਾਣੀ ਰਚਣਹਾਰਿਆ ਨੇ ਇਨ੍ਹਾਂ ਦੇ ਰੱਬ ਹੋਣ ਦੇ ਭਰਮ ਨੂੰ ਖੰਡਣ ਕਰਕੇ ਇਨ੍ਹਾਂ ਦੀਆਂ ਕਰਤੂਤਾ ਲੋਕਾਈ ਸਾਹਮਣੇ ਰੱਖੀਆ ਹਨ। ਬਿਪਰਵਾਦੀ ਵੀਚਾਰਧਾਰਾ ਮੁਤਾਬਕ ਰਾਜਾ ਹੀ ਰੱਬ ਸੀ ਅਤੇ ਹੈ। ਗੁਰਬਾਣੀ ਰਚਣਹਰਿਆ ਨੇ ਸਾਬਤ ਕੀਤਾ ਹੈ ਕਿ ਇਹ ਸਮੇਂ ਸਮੇਂ ਅਨੁਸਾਰ ਛੋਟੀਆਂ ਛੋਟੀਆਂ ਰਿਆਸਤਾ ਦੇ ਰਾਜੇ ਸਨ ਜਿਨ੍ਹਾਂ ਨੂੰ ਅਵਤਾਰ ਕਹਿ ਕਰਕੇ ਗਾਵਿਆ ਭਾਵ ਪਰਚਾਰਿਆ ਗਿਆ ਹੈ। ਸੋ ਗੁਰਬਾਣੀ ਰਚਣਹਾਰਿਆ ਨੇ ਆਪ ਕੋਈ ਮਿਥ ਨਹੀਂ ਘੜੀ, ਘੜੀਆ ਹੋਈਆਂ ਮਿਥਾ ਨੂੰ ਨਕਾਰਿਆ ਹੈ। ਸੋ ਮਿਥਾਂ ਨੂੰ ਗੁਰਬਾਣੀ ਅੰਦਰ ਨਿਕਾਰਨ ਦੀ ਗੱਲ ਪ੍ਰਵਾਣ ਕਰਦਾ ਹਾਂ।

ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ ॥

ਤਿਨ ਭੀ ਅੰਤੁ ਨ ਪਾਇਆ ਤਾ ਕਾ ਕਿਆ ਕਰਿ ਆਖਿ ਵੀਚਾਰੀ ॥੭॥

ਅਗਲੇਰੇ ਸ਼ਬਦ ਅੰਦਰ ਜਿਨ੍ਹਾਂ ਪਾਤਰਾ ਦਾ ਵਰਨਣ ਕੀਤਾ ਗਿਆ ਹੈ ਇਹ ਵੀ ਹੋਏ ਹੀ ਹਨ ਅਤੇ ਤਾਂ ਹੀ ਉਨ੍ਹਾਂ ਆਪਣੇ ਆਪ ਨੂੰ ਦੇਵਤੇ ਅਖਵਾਉਣ ਵਾਲਿਆ ਦਾ ਕਿਰਦਾਰ ਲੋਕਾਈ ਸਾਹਮਣੇ ਰੱਖਿਆ ਹੈ।

ਪ੍ਰਭਾਤੀ ਮਹਲਾ ੧ ਦਖਣੀ ॥

ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ ॥

ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ ॥੧॥

ਕੋਈ ਜਾਣਿ ਨ ਭੂਲੈ ਭਾਈ ॥

ਸੋ ਭੂਲੈ ਜਿਸੁ ਆਪਿ ਭੁਲਾਏ ਬੂਝੈ ਜਿਸੈ ਬੁਝਾਈ ॥੧॥ ਰਹਾਉ ॥

ਗੋਤਮ ਤਪੇ ਦੀ ਇਸਤ੍ਰੀ ਨੂੰ ਦੇਖ ਕਰਕੇ ਇੰਦ੍ਰ ਵਲੋਂ ਉਸ ਉੱਪਰ ਲੁਭਾਇਮਾਨ ਹੋਣ ਦਾ ਜਿਕਰ ਹੈ। ਇਹ ਗੱਲ ਸਾਹਮਣੇ ਰੱਖਣ ਦਾ ਗੁਰਬਾਣੀ ਰਚਣਹਾਰਿਆ ਦਾ ਮਨੋਰਥ ਇਹ ਹੈ ਕਿ ਲੋਕਾਈ ਇਨ੍ਹਾਂ ਦੇ ਦੇਵਤੇ ਹੋਣ ਦੇ ਭਰਮ ਤੋਂ ਬਾਹਰ ਆ ਸਕੇ। ਨਾਨਕ ਪਾਤਸਾਹ ਸਮਝਾ ਰਹੇ ਹਨ ਕਿ ਗੋਤਮ ਤਪਾ ਇਕ ਮਸਹੂਰ ਬੰਦਾ ਹੋਣ ਕਰਕੇ, ਗੋਤਮ ਤਪੇ ਦੀ ਇਸਤ੍ਰੀ ਤੇ ਲੋਭਾਇਮਾਨ ਹੋਣ ਵਾਲੀ ਘਟਣਾ ਜਦ ਸਾਹਮਣੇ ਆਈ ਤਾਂ ਉਸ ਘਟਣਾ ਦੇ ਸਾਹਮਣੇ ਆਉਣ ਨਾਲ ਸਹਸ/ਹਜਾਰਾ ਹੋਰਨਾਂ ਜਿਨਾ ਨਾਲ ਵੀ ਜੋ ਇੰਦ੍ਰ ਵਲੋਂ ਜੋਨ ਸੋਸਣ ਹੋਇ ਸਨ, ਤਾਂ ਜਦ ਉਹ ਵੀ ਸਾਹਮਣੇ ਆਏ ਤਾਂ ਮੰਨਕੇ ਪਛਤਾਪ ਕਰਦਾ ਹੋਇਆ ਆਪਣੇ ਆਪ ਨੂੰ (ਕਲੀਨ ਚਿੱਟ) ਇਹ ਕਹਿਕੇ ਦੇ ਰਿਹਾ ਸੀ ਕੋਈ ਜਾਣ ਬੁੱਝਕੇ ਭੁੱਲ ਨਹੀ ਕਰਦਾ, ਭੁੱਲ ਉਹ ਕਰਦਾ ਹੈ ਜਿਸਨੂੰ ਕਰਤਾ ਆਪ ਭੁਲਾ ਦਿੰਦਾ ਹੈ, ਜਿਸਨੂੰ ਸੋਝੀ ਬਖਸਦਾ ਹੈ, ਉਹ ਭੁੱਲ ਨਹੀਂ ਕਰਦਾ ਭਾਵ ਕਹਿੰਦਾ ਜਿਹੜੀ ਭੁੱਲ ਹੈ ਉਹ ਮੈਂ ਨਹੀਂ ਕੀਤੀ ਕਰਤੇ ਨੇ ਮੇਰੇ ਕੋਲੋ ਕਰਵਾਈ ਹੈ।ਇਸ ਤਰ੍ਹਾਂ ਸ਼ਾਤਰ ਦਿਮਾਗ ਲੋਕ ਆਪਣੀਆਂ ਕੀਤੀਆਂ ਕਰਤੂਤਾਂ ਨੂੰ ਰੱਬ ਦੇ ਸਿਰ ਸੁੱਟਕੇ ਆਪਣੇ ਆਪ ਨੂੰ ਬੇਦਾਗ ਰੱਖਣ ਦਾ ਸੜਜੰਤਰ ਰਚਦੇ ਹਨ ਅਤੇ ਕਿਵੇਂ ਇੰਦ੍ਰ ਵਲੋਂ ਸਯਜੰਤਰ ਰਚਿਆ ਗਿਆ ਸੀ ਜੋ ਲੋਕਾਈ ਦੇ ਸਾਹਮਣੇ ਰੱਖਿਆ ਹੈ।

05/19/2020 at 9:17pm

**Iqbal Singh Dhillon**

ਇਹ ਸਹੀ ਹੈ ਕਿ ਗੁਰਬਾਣੀ ਕੋਈ ਅਲੌਕਿਕ ਰਚਨਾ ਨਹੀਂ ਸਗੋਂ ਇਹ ਇਕ ਅਜਿਹਾ ਪਾਠ (text) ਹੈ ਜਿਸ ਰਾਹੀਂ ਮਨੁੱਖੀ ਜੀਵਨ ਨੂੰ ਵਿਵਹਾਰਿਕ ਪੱਖੋਂ ਸਾਰਥਿਕ ਬਣਾਉਣ ਲਈ ਯੋਗ ਅਗਵਾਈ ਮਿਲ ਸਕਦੀ ਹੈ। ਮੈਂ ਗੁਰਬਾਣੀ ਨੂੰ ਮਾਨਵਵਾਦ ਦੇ ਖੇਤਰ ਵਿਚ ਸੰਸਾਰ ਭਰ ਵਿਚ ਪੇਸ਼ ਕੀਤੀ ਗਈ ਪਹਿਲੀ ਰਚਨਾ ਮੰਨਦਾ ਹਾਂ ਅਤੇ ਮਾਨਵਵਾਦ ਅਜੋਕੇ ਸੰਸਾਰ ਦਾ ਸਰਵੋਤਮ ਫਲਸਫਾ ਹੈ ਜੋ ਗੁਰੂ ਨਾਨਕ ਜੀ ਨੇ ਪੰਜ ਸੌ ਸਾਲ ਪਹਿਲਾਂ ਹੀ ਪੇਸ਼ ਕਰ ਦਿੱਤਾ ਸੀ। ਮਾਨਵਵਾਦ ਪ੍ਰਾਲੌਕਿਕਤਾ ਨੂੰ ਨਕਾਰਦੇ ਹੋਏ ਤਰਕ ਅਧਾਰਿਤ ਜੀਵਨ-ਜਾਚ ਨੂੰ ਤਰਜੀਹ ਦੇਂਦਾ ਹੈ। ਇਸ ਪੱਖੋਂ ਅਸੀਂ ਗੁਰਬਾਣੀ ਨੂੰ ਇਕ ਵਿਵਹਾਰਿਕ ਅਗਵਾਈ ਦੇਣ ਵਾਲਾ ਦਸਤਾਵੇਜ਼ ਮੰਨ ਸਕਦੇ ਹਾਂ ਨਾਂ ਕਿ ਕੋਈ ਅਲੌਕਿਕ ਰਚਨਾ। ਗੁਰਬਾਣੀ ਨੂੰ 'ਗੁਰੂ' ਮੰਨਣ ਦਾ ਅਰਥ ਵੀ ਏਹੋ ਹੀ ਬਣਦਾ ਹੈ।

ਗੁਰਬਾਣੀ ਦਾ ਇਕ ਅਤੀ ਮਹੱਤਵਪੂਰਨ ਪੱਖ ਇਹ ਵੀ ਹੈ ਕਿ ਇਹ ਇਕ ਕਾਵਿ-ਰਚਨਾ ਹੈ। ਕਾਵਿ-ਰਚਨਾ ਦੀਆਂ ਆਪਣੀਆਂ ਵਿਸ਼ੇਸ਼ ਜੁਗਤਾਂ ਹਨ ਜਿਵੇਂ ਕਿ ਛੰਦ-ਬਣਤਰ, ਬਿੰਬਾਵਲੀ, ਪ੍ਰਤੀਕ ਉਸਾਰੀ, ਅਲੰਕਾਰਾਂ ਦੀ ਵਰਤੋਂ, ਮਿੱਥ ਦਾ ਪਰਯੋਗ, ਵਿਸ਼ੇਸ਼ ਸ਼ਬਦਾਵਲੀ, ਵਿਸ਼ਾ-ਵਿਸ਼ੇਸ਼ ਆਦਿਕ। ਅਲੰਕਾਰਾਂ ਵਿਚ ਰੂਪਕ (metaphor ਅਤੇ similie) ਅਤੇ ਮਾਨਵੀਕਰਨ (personification) ਪਰਮੁੱਖ ਹਨ। ਉਂਜ ਤਾਂ ਗੁਰਬਾਣੀ ਵਿਚ ਕਾਵਿ-ਕਲਾ ਦੀਆਂ ਇਹਨਾਂ ਸਾਰੀਆਂ ਜੁਗਤਾਂ ਦੀ ਭਰਪੂਰ ਵਰਤੋਂ ਹੋਈ ਹੈ ਅਤੇ ਗੁਰਬਾਣੀ ਦੇ ਸੰਗੀਤਕ ਨਿਭਾਅ (rendition) ਨੂੰ ਵੀ ਧਿਆਨ ਵਿਚ ਰੱਖਿਆ ਗਿਆ ਹੈ ਪਰੰਤੂ ਏਥੇ ਵਿਚਾਰ-ਚਰਚਾ ਲਈ ਨਿਰਧਾਰਿਤ ਵਿਸ਼ੇ ਨੂੰ ਸਾਹਮਣੇਂ ਰੱਖਦੇ ਹੋਏ ਸਾਨੂੰ ਗੁਰਬਾਣੀ ਵਿਚ ਰੂਪਕ, ਮਾਨਵੀਕਰਨ

ਅਤੇ ਮਿੱਥ ਦੀ ਵਰਤੋਂ ਉੱਤੇ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ। ਅਸੀਂ ਵੇਖਦੇ ਹਾਂ ਕਿ ਆਮ ਜੀਵਨ ਵਿਚ ਅਸੀਂ ਕਿਸੇ ਵਿਅਕਤੀ ਵਿਸ਼ੇਸ ਦੀ ਬਹਾਦਰੀ ਨੂੰ ਦਰਸਾਉਂਦੇ ਹੋਏ ਇਹ ਕਹਿ ਦੇਂਦੇ ਹਾਂ ਕਿ ਉਹ ਵਿਅਕਤੀ ਤਾਂ 'ਸ਼ੇਰ' ਹੈ ਪਰੰਤੂ ਅਸਲ ਵਿਚ ਉਹ ਮਨੁੱਖ ਹੀ ਹੁੰਦਾ ਹੈ ਕੋਈ ਜੰਗਲੀ ਜਾਨਵਰ ਨਹੀਂ (ਏਥੇ metaphor ਰੂਪਕ ਦੀ ਵਰਤੋਂ ਹੋਈ ਹੈ)। ਏਸੇ ਤਰ੍ਹਾਂ ਇਹ ਸਮਝਾਉਣ ਲਈ ਕਿ ਸਫਲਤਾ ਪਰਾਪਤ ਕਰਨ ਲਈ ਧੀਰਜ ਤੋਂ ਕੰਮ ਲੈਣਾ ਚਾਹੀਦਾ ਹੈ ਨਾ ਕਿ ਕਾਹਲ ਤੋਂ, ਕੱਛੂ-ਕੁੰਮੇਂ ਅਤੇ ਖਰਗੋਸ਼ ਦੀ ਆਪਸੀ ਦੌੜ ਦੀ ਕਹਾਣੀ ਸੁਣਾ ਦਿੱਤੀ ਜਾਂਦੀ ਹੈ ਪਰੰਤੂ ਅਸੀਂ ਜਾਣਦੇ ਹਾਂ ਅਸਲ ਵਿਚ ਇਹ ਕਹਾਣੀ ਸੱਚੀ ਨਹੀਂ ਜਾਂ ਇਹ ਦੱਸਣ ਲਈ ਕਿ ਆਪਸੀ ਝਗੜੇ ਦਾ ਲਾਭ ਬਾਹਰਲੇ ਚਲਾਕ ਅਤੇ ਸੁਆਰਥੀ ਲੋਕ ਉਠਾ ਜਾਂਦੇ ਹਨ ਦੋ ਬਿੱਲੀਆਂ ਦੀ ਰੋਟੀ ਪਿੱਛੇ ਲੜਾਈ ਵਿਚ ਬਾਂਦਰ ਦੀ ਭੂਮਿਕਾ ਵਾਲੀ ਕਹਾਣੀ ਪਰਚਲਤ ਹੈ (ਏਥੇ ਦੋਵਾਂ ਥਾਵਾਂ ਤੇ 'ਮਾਨਵੀਕਰਨ' ਅਲੰਕਾਰ ਦੀ ਵਰਤੋਂ ਹੋਈ ਹੈ) । ਲੋਕ ਕਹਾਣੀਆਂ, ਦੰਦ-ਕਥਾਵਾਂ, ਮੁਹਾਵਰੇ, ਕਿੱਸਾ-ਕਾਵਿ, ਤਮਸੀਲਾਂ (allegorical tales) ਅਤੇ ਸਾਹਿਤਕ ਰਚਨਾਵਾਂ (ਮਹਾਂ-ਕਾਵਿ, ਕਹਾਣੀ, ਨਾਵਲ, ਨਾਟਕ ਆਦਿਕ) ਬਹੁਤ ਵਾਰੀ ਮਨੋਕਲਪਿਤ ਗਾਥਾਵਾਂ ਅਤੇ ਪਾਤਰਾਂ ਰਾਹੀਂ ਆਪਣਾ-ਆਪਣਾ ਸੰਦੇਸ਼ ਪਰਗਟ ਕਰਦੇ ਹਨ। ਐਨ ਏਸੇ ਤਰ੍ਹਾਂ ਗੁਰਬਾਣੀ ਵਿਚ ਵੀ ਵਿਵਹਾਰਿਕ ਸੰਦੇਸ਼ ਦੇਣ ਲਈ ਵੱਖ-ਵੱਖ ਰੂਪਕਾਂ, ਕਹਾਣੀਆਂ, ਹਵਾਲਿਆਂ, ਮਿੱਥਾਂ ਦੀ ਵਰਤੋਂ ਕੀਤੀ ਗਈ ਹੋਈ ਹੈ।

ਇਸ ਲਈ ਲੋੜ ਹੈ ਕਿ ਅਸੀਂ ਪਹਿਲਾਂ ਤਾਂ ਗੁਰਬਾਣੀ ਦੇ ਸੰਦੇਸ਼ ਦੀ ਸਹੀ ਪਛਾਣ ਕਰੀਏ ਅਤੇ ਫਿਰ ਗੁਰਬਾਣੀ ਨੂੰ ਇਕ ਕਾਵਿ-ਰਚਨਾ ਦੇ ਤੌਰ ਤੇ ਲੈਂਦੇ ਹੋਏ ਇਸ ਵਿਚ ਵਰਤੀਆਂ ਗਈਆਂ ਕਾਵਿ-ਜੁਗਤਾਂ ਦੀ ਪਛਾਣ ਕਰੀਏ।

ਜਿੱਥੋਂ ਤੱਕ ਗੁਰਬਾਣੀ ਵਿਚ ਵਰਤੀਆਂ ਗਈਆਂ ਮਿਥਹਾਸਿਕ ਘਟਨਾਵਾਂ ਦਾ ਸਬੰਧ ਹੈ, ਸਾਡਾ ਨਜ਼ਰੀਆ ਇਹ ਹੋਣਾ ਚਾਹਿਦਾ ਹੈ ਕਿ ਇਹ ਕੇਵਲ ਕਾਵਿ-ਜੁਗਤ ਦੇ ਤੌਰ ਤੇ ਹੀ ਵਰਤੀਆਂ ਗਈਆਂ ਹਨ ਅਤੇ ਗੁਰਬਾਣੀ ਵਿਚ ਕੀਤੀ ਗਈ ਇਹਨਾਂ ਦੀ ਵਰਤੋਂ ਨੂੰ ਇਹਨਾਂ ਦੀ ਸਚਾਈ ਨੂੰ ਮਾਨਤਾ ਦੇਣ ਦੇ ਤੌਰ ਤੇ ਨਹੀਂ ਲੈਣਾ ਚਾਹੀਦਾ।

ਇਕਬਾਲ ਸਿੰਘ ਢਿੱਲੋਂ, ਚੰਡੀਗੜ੍ਹ।

05/20/2020 at 4:07am 1 Like

**ENG DARSHAN SINGH KHALSA. AUSTRALIA**

ਮਨੁੱਖਾ ਸਮਾਜ ਵਿਚ ਹਮੇਸ਼ਾ ਬਹੁਤ ਸਾਰੇ ਕਿੱਸੇ, ਕਥਾ-ਕਹਾਣੀਆਂ, ਪ੍ਰਸੰਗ ਪ੍ਰਚੱਲਤ ਰਹਿੰਦੇ ਹਨ, ਜਿਹਨਾਂ ਦਾ ਆਧਾਰ ਕਈ ਵਾਰ ਇਤਿਹਾਸ ਹੁੰਦਾ ਹੈ ਅਤੇ ਕਈ ਵਾਰ ਮਿਥਿਹਾਸ ਹੁੰਦਾ ਹੈ।

. 'ਗੁਰਬਾਣੀ' ਅੰਦਰ ਬਾਣੀਕਾਰਾਂ ਦੇ ਸਮੇਂ ਤੋਂ ਵੀ ਪਹਿਲਾਂ ਮਨੁੱਖਾ ਸਮਾਜ ਵਿਚ ਪ੍ਰਚੱਲਤ ਪ੍ਰਸੰਗ, ਕਥਾ ਕਹਾਣੀਆਂ, ਦਾ ਜ਼ਿਕਰ ਕੀਤਾ ਗਿਆ ਹੈ।

. ਬਾਣੀ ਵਿਚ ਜ਼ਿਕਰ ਕਰਨ/ਕਰਾਉਣ ਪਿੱਛੇ ਬਾਣੀਕਾਰ ਦੀ ਕੀ ਭਾਵਨਾ ਹੈ, ਉਸ ਨੂੰ ਜਾਨਣਾ ਨਿਹਾਇਤ ਜਰੂਰੀ ਹੈ।

. ਗੁਰੂ ਅਰਜਨ ਸਾਹਿਬ ਜੀ ਨੇ 'ਸਬਦ ਗੁਰੂ ਗਰੰਥ' ਜੀ ਦੀ ਸੰਪਾਦਨਾ ਦੇ ਸਮੇਂ ਇਹਨਾਂ ਪ੍ਰਸੰਗਾਂ ਕਥਾ-ਕਹਾਣੀਆਂ ਨੂੰ ਜਰੂਰ 'ਗੁਰਮੱਤ-ਆਸ਼ੇ' ਦੇ ਅਨੁਸਾਰ ਘੋਖ ਕਰਨੀ ਕੀਤੀ ਹੋਵੇਗੀ। ਭਾਈ ਗੁਰਦਾਸ ਜੀ ਵੀ 'ਗੁਰਮੱਤ' ਆਸ਼ੇ ਪ੍ਰਤੀ ਸੁਚੇਤ ਸਨ। ਗੁਰੂ ਦੀ ਰਜ਼ਾਮੰਦੀ ਅਤੇ ਸਹਿਮਤੀ ਨਾਲ ਹੀ ਭਾਈ ਗੁਰਦਾਸ ਜੀ ਨੇ ਇਹ ਸਾਰੇ ਪ੍ਰਸੰਗ, ਕਥਾ ਕਹਾਣੀਆਂ ਲਿਖਤ ਵਿਚ ਲਿਆਉਣੀਆਂ ਕੀਤੀਆਂ।

. ਗੁਰ-ਉਪਦੇਸ਼, ਗੁਰ-ਆਸ਼ੇ ਨੂੰ ਸਮਝਣਾ, ਪਕੜਨਾ, ਜਾਨਣਾ, ਬੁੱਝਣਾ ਜਰੂਰੀ ਹੈ।

. 'ਗੁਰਬਾਣੀ ਸਿਧਾਂਤ, ਗਿਆਨ -ਵਿਚਾਰ, ਕਿਸੇ ਵੀ ਮੰਨਮੱਤ, ਮਿਥਿਹਾਸ ਨੂੰ ਮਾਨਤਾ ਨਹੀਂ ਦਿੰਦਾ।

. ਮ1, ਮ3, ਮ4, ਮ5, ਮ9, ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭੱਟ ਕਲਸਹਾਰ, ਭੱਟ ਗਯੰਦ ਜੀ ਨੇ ਆਪਣੀਆਂ ਰਚਨਾਵਾਂ ਵਿਚ ਭਗਤ ਧਰੂ ਅਤੇ ਪ੍ਰਹਿਲਾਦ ਦਾ ਜ਼ਿਕਰ ਕਰਨਾ ਕੀਤਾ ਹੈ। ਸਮੇਂ ਅਨੁਸਾਰ ਇਹਨਾਂ ਦੀ ਭਗਤੀ ਬਾਰੇ ਖੂਬ ਪ੍ਰਚਾਰ-ਪ੍ਰਸਾਰ ਕੀਤਾ ਗਿਆ, ਪਰ ਮਿਥਿਹਾਸਿਕ ਮਿਰਚ-ਮਸਾਲਾ ਲਾ ਕੇ। ਪਾਤਰ ਸਹੀ ਹਨ, ਪਰੋਮੋਸ਼ਨ ਗ਼ਲਤ ਤਰੀਕੇ ਕੀਤੀ ਗਈ।

. ਕੀ ਸਹੀ ਹੈ ਅਤੇ ਕੀ ਗ਼ਲਤ ਹੈ . . . . ਫੈਸਲਾ ਪਾਠਕ ਨੇ ਆਪਣੀ ਸੁਰਤ, ਮਨ, ਮੱਤ, ਬਿਬੇਕ-ਬੁੱਧ ਵਰਤ ਕੇ ਕਰਨਾ ਹੈ। ਵੈਸੇ ਸਿੱਖ ਸਮਾਜ ਵਿਚ 'ਗੁਰਬਾਣੀ' ਨੂੰ ਤ੍ਰੈ-ਕਾਲ ਸੱਤ ਮੰਨਦੇ ਹਨ, ਭਾਵ ਕਿ ਬਾਣੀ ਕਾਰਾਂ ਨੇ ਕੇਵਲ 'ਸੱਚ' ਲਿਖਣ ਨੂੰ ਪਹਿਲ ਦਿੱਤੀ ਹੈ।

. ਗੁਰਮੱਤ ਦੇ ਮੁੱਢਲੇ ਅਸੂਲ, ਸ਼ਿਧਾਂਤ ਦੇ ਅਨੁਸਾਰ ਸੋਚਣ, ਵਿਚਾਰਨ, ਸਮਝਣ, ਬੁੱਝਣ ਨਾਲ ਭਰਮ ਭੇਲੇਖੇ ਦੂਰ ਹੋ ਜਾਂਦੇ ਹਨ।

. ਕਥਾ-ਕਹਾਣੀਆਂ, ਪ੍ਰਸੰਗਾਂ ਰਾਂਹੀ ਕਿਸੇ ਵਿਚਾਰ ਨੂੰ ਵਧੇਰੇ ਸੌਖਿਆਈ ਨਾਲ ਸਮਝਿਆ/ਸਮਝਾਇਆ ਜਾ ਸਕਦਾ ਹੈ। ਇਹ ਪ੍ਰਵਕਤਾ ਤੇ ਨਿਰਭਰ ਕਰਦਾ ਹੈ ਕਿ ਉਹ ਇਤਿਹਾਸ ਨੂੰ ਪਹਿਲ ਦੇ ਰਿਹਾ ਹੈ ਜਾਂ ਕਿ ਕੋਰੀ ਕਲਪਨਾ ਦੇ ਤਹਿਤ ਕਹਾਣੀ ਪ੍ਰਸੰਗ ਨੂੰ ਮਿਥਿਹਾਸਿੱਕ ਮਿਰਚ-ਮਸਾਲਾ ਲਾ ਰਿਹਾ ਹੈ।

. 'ਗੁਰਬਾਣੀ ਨੂੰ ਆਧਾਰ ਬਣਾ ਕੇ ਜੀਵਨ ਜਿਉਂਣ ਵਾਲੇ ਗੁਰਮੁੱਖ-ਗੁਰਸਿੱਖ ਨੂੰ 'ਗੁਰਮੱਤ-ਆਸ਼ੇ-ਸਿਧਾਂਤ' ਦੇ ਅਨੁਸਾਰ ਹੀ 'ਗੁਰਬਾਣੀ' ਵਿਚ ਆਏ ਪ੍ਰਸੰਗਾਂ, ਕਥਾ-ਕਹਾਣੀਆਂ ਨੂੰ ਸਮਝਣਾ, ਵਾਚਣਾ, ਜਾਨਣਾ, ਬੁੱਝਣਾ ਚੀਨਣਾ, ਪਕੜਨਾ ਹੋਵੇਗਾ।

. 'ਗੁਰਬਾਣੀ' ਨੇ ਕੇਵਲ 'ਸੱਚ' ਨੂੰ ਹੀ ਸਲਾਹੁਣਾ, ਵਡਿਆਉਂਣਾ ਕੀਤਾ ਹੈ।

05/20/2020 at 7:30am

**Makhan Singh Purewal** In reply to ENG DARSHAN SINGH KHALSA. AUSTRALIA

(ਨੋਟ:- ਇੰਜ ਦਰਸ਼ਨ ਸਿੰਘ ਖਾਲਸਾ ਦਾ ਇਸ ਤਰ੍ਹਾਂ ਦਾ ਹੋਰ ਵਿਸਥਾਰ ਜੋ ਕਿ ਅੱਜ ਹੀ ਪਾਇਆ ਹੈ, ਹੇਠ ਲਿਖੇ ਲਿੰਕ ਤੇ ਕਲਿਕ ਕਰਕੇ ਪੜ੍ਹ ਸਕਦੇ ਹੋ-ਸੰਪਾਦਕ)

http://www.sikhmarg.com/2020/0521-gurbani-hawaley.html

05/21/2020 at 8:14pm

## ਦਰਸ਼ਨ ਸਿੰਘ

ਕੀ ਤੁਸੀਂ ਗੁਰਬਾਣੀ ਵਿੱਚ ਮਿਥਿਹਾਸ ਦੀ ਗੱਲ ਪ੍ਰਵਾਨ ਕਰਦੇ ਹੋ?

ਗੁਰਬਾਣੀ ਵਿੱਚ ਸਮੇ ਦੀਆਂ ਪ੍ਰਚਲਤ ਕਥਾ ਕਹਾਣੀਆਂ ਦੇ ਮਿੱਥ (ਝੂਠ) ਤੇ ਸੱਚ ਨੂੰ ਨਿਤਾਰਨ ਲਈ ਗਿਆਨ ਦੀ ਕਸਵੱਟੀ ਤੇ

ਪਰਖਿਆ ਗਿਆ ਹੈ। ਕੀ ਮਿੱਥ ਨੂੰ ਜਾਣੇ ਬਿਨਾ ਸੱਚ, ਦੁੱਖ ਨੂੰ ਜਾਣੇ ਬਿਨਾ ਸੁੱਖ ਜਾਂ ਮੌਤ ਨੂੰ ਜਾਣੇ ਬਿਨਾ ਜੀਵਨ, ਨੂੰ ਜਾਣਿਆ ਜਾ ਸਕਦਾ ਹੈ? ਕੀ ਇਕ ਤੋਂ ਬਿਨਾ ਦੂਜੇ ਨੂੰ ਜਾਣਿਆ ਜਾ ਸਕਦਾ ਹੈ? ਇਸ ਲਈ ਸਪਸ਼ਟ ਹੈ ਕਿ ਗੁਰਬਾਣੀ ਵਿੱਚ ਮਿਥਿਹਾਸ ਦੁਆਰਾ ਸੱਚ ਨੂੰ ਹੀ ਪ੍ਰਗਟਾਇਆ ਗਿਆ ਹੈ ਜੋ ਮਨੁਖੀ ਜੀਵਨ ਨੂੰ ਸੁਖੀ ਤੇ ਅਨੰਦਿਤ ਬਣਾ ਸਕਦਾ ਹੈ। ਉਂਗਲ ਦੇ ਇਸ਼ਾਰੇ ਵਲ ਵੇਖਣਾ ਹੀ ਲਾਭਦਾਇਕ ਹੋ ਸਕਦਾ ਹੈ ਉਂਗਲ ਵਲ ਨਹੀ।

05/20/2020 at 1:32pm 1 Like

**Makhan Singh Purewal**

ਅੱਜ 20 ਮਈ ਦਿਨ ਬੁੱਧਵਾਰ ਸ਼ਾਮ ਤੱਕ ਜਿਹੜੇ ਵੀ ਪਾਠਕਾਂ/ਲੇਖਕਾਂ ਨੇ ਆਪਣੇ ਵਿਚਾਰ ਦਿੱਤੇ ਹਨ ਉਹ ਤਕਰੀਬਨ ਸਾਰੇ ਹੀ ਇਸ ਗੱਲ ਨਾਲ ਸਹਿਮਤ ਹਨ ਕਿ ਗੁਰਬਾਣੀ ਵਿੱਚ ਮਿਥਿਹਾਸਕ ਹਵਾਲੇ ਮਿਲਦੇ ਹਨ। ਜਿਨ੍ਹਾਂ ਪਾਤਰਾਂ ਨਾਲ ਇਹ ਮਿਥਿਹਾਸਕ ਕਹਾਣੀਆਂ ਜੋੜੀਆਂ ਗਈਆਂ ਹਨ ਉਨ੍ਹਾਂ ਨੂੰ ਕਈ ਲੇਖਕ ਇਤਿਹਾਸਕ ਪਾਤਰ ਮੰਨਦੇ ਹਨ। ਹੋ ਸਕਦਾ ਹੈ ਕਿ ਸਾਰੇ ਮੰਨਦੇ ਹੋਣ ਪਰ ਬਹੁਤਿਆਂ ਨੇ ਇਹ ਗੱਲ ਸਪਸ਼ਟ ਨਹੀਂ ਕੀਤੀ। ਜਿਨ੍ਹਾਂ ਸ਼ਬਦਾਂ ਵਿੱਚ ਮਿਥਿਹਾਸਕ ਕਹਾਣੀਆਂ ਜਾਂ ਹਵਾਲਿਆਂ ਦਾ ਜ਼ਿਕਰ ਕੀਤਾ ਗਿਆ ਹੈ। ਉਨ੍ਹਾਂ ਵਿਚੋਂ ਕੀ ਸੇਧ ਮਿਲਦੀ ਹੈ? ਇਸ ਬਾਰੇ ਹਾਲੇ ਤੱਕ ਕਿਸੇ ਵੀ ਲੇਖਕ ਨੇ ਚੰਗੀ ਤਰ੍ਹਾਂ ਖੋਲ ਕੇ ਨਹੀਂ ਦੱਸਿਆ। ਇਨ੍ਹਾਂ ਸ਼ਬਦਾਂ ਵਿੱਚ ਗੁਰੂ ਜੀ ਆਪਣੀ ਕਿਹੜੀ ਗੱਲ ਦ੍ਰਿੜ ਕਰਵਾਉਣਾ ਚਾਹੁੰਦੇ ਹਨ? ਇਸ ਬਾਰੇ ਵੀ ਵਿਚਾਰ ਦੇਣੇ ਚਾਹੀਦੇ ਹਨ।

05/20/2020 at 8:40pm

**Iqbal Singh Dhillon** In reply to Makhan Singh Purewal

ਮਾਨਯੋਗ ਸੰਪਾਦਕ ਜੀ,

ਗੁਰਬਾਣੀ ਵਿਚ ਮਿਥਹਾਸਿਕ ਅੰਸ਼ਾਂ ਨੂੰ ਲੈ ਕੇ ਇਕ ਵਿਸ਼ਾਲ ਖੇਤਰ ਵਾਲਾ ਵਿਸ਼ਾ ਬਣਦਾ ਹੈ ਜਿਸ ਨੂੰ ਇਕ ਵੱਡ-ਅਕਾਰੀ ਪੁਸਤਕ ਵਿਚ ਹੀ ਸਮੇਟਿਆ ਜਾ ਸਕਦਾ ਹੈ ਜਾਂ ਫਿਰ ਇਹ Ph. D. ਲਈ ਵੀ ਇਕ ਢੁੱਕਵਾਂ ਵਿਸ਼ਾ ਬਣ ਸਕਦਾ ਹੈ (ਹੋ ਸਕਦਾ ਹੈ ਕਿਸੇ ਧਿਰ ਨੇ ਅਜਿਹਾ ਕਾਰਜ ਕਰ ਵੀ ਲਿਆ ਹੋਵੇ)। ਚੱਲ ਰਹੀ ਵਿਚਾਰ-ਚਰਚਾ ਵਿਚ ਇਸ ਬਾਰੇ ਬਹੁਤਾ ਵਿਸਥਾਰ ਨਹੀਂ ਦਿੱਤਾ ਜਾ ਸਕਦਾ। ਹਾਂ, ਜੇਕਰ ਤੁਸੀਂ ਵੈਬਸਾਈਟ ਉੱਤੇ ਇਕ-ਇਕ ਸ਼ਬਦ ਦੇ ਕੇ ਵਿਚਾਰ-ਚਰਚਾ ਕਰਵਾ ਲਵੋ ਤਾਂ ਇਹ ਇਕ ਬਹੁਤ ਲਾਹੇਵੰਦ ਉਪਰਾਲਾ ਸਾਬਿਤ ਹੋ ਸਕਦਾ ਹੈ।

ਇਕਬਾਲ ਸਿੰਘ ਢਿੱਲੋਂ, ਚੰਡੀਗੜ੍ਹ।

05/21/2020 at 7:08pm 1 Like

**Makhan Singh Purewal**

ਡਾ: ਇਕਬਾਲ ਸਿੰਘ ਢਿੱਲੋਂ ਜੀ,

ਇਸ ਸਵਾਲ ਵਿਚਲੇ ਦੋ ਸ਼ਬਦਾਂ ਦੇ ਵਿਚਾਰ ਨਾਲ ਕਾਫੀ ਗੱਲ ਸਪਸ਼ਟ ਹੋ ਜਾਣੀ ਹੈ। ਪ੍ਰਿੰ: ਗੁਰਬਚਨ ਸਿੰਘ ਜੀ ਨੇ ਇਕ ਸ਼ਬਦ ਦੀ ਵਿਆਖਿਆ ਕਰਕੇ ਭੇਜ ਦਿੱਤੀ ਹੈ ਜੋ ਕਿ ਅੱਜ ਹੁਣੇ ਹੀ ਲੇਖ ਦੇ ਰੂਪ ਵਿਚ ਪਾ ਕੇ ਉਨ੍ਹਾਂ ਵਲੋਂ ਕੀਤੇ ਸੰਖੇਪ ਜਿਹੇ ਕੁਮਿੰਟਸ ਦੇ ਥੱਲੇ ਲਿੰਕ ਪਾ ਦਿੱਤਾ ਹੈ। ਇਸੇ ਤਰ੍ਹਾਂ ਹੋਰ ਵੀ ਕਈਆਂ ਵਲੋਂ

ਆਉਣ ਦੀ ਸੰਭਾਵਨਾ ਹੈ। ਤੁਸੀਂ ਵੀ ਵਿਆਖਿਆ ਕਰਕੇ ਭੇਜਣੀ ਚਾਹੁੰਦੇ ਹੋ ਤਾਂ ਭੇਜ ਸਕਦੇ ਹੋ।

ਧੰਨਵਾਦ।

05/21/2020 at 8:30pm

**Gurindar Singh Paul**

ਮਿਥ ਜਾਂ ਮਿਥਿਯਾ ਦਾ ਅਰਥ ਹੈ: ਜੋ ਸੱਚ ਨਹੀਂ, ਝੂਠ-ਮੂਠ; ਫ਼ਰਜ਼ੀ, ਕਾਲਪਨਿਕ; ਢਕੌਂਸਲਾ। ਮਿਥਿਹਾਸ ਤੋਂ ਭਾਵ ਹੈ: ਉਹ ਕਾਲਪਨਿਕ ਕਥਾ-ਕਹਾਣੀ ਜਿਸ ਦੇ ਪਾਤ੍ਰ ਵੀ ਫ਼ਰਜ਼ੀ ਹੋਣ। ਸੰਪਰਦਾਈ ਧਰਮਾਂ ਦੇ ਪੁਰਾਣਿਕ ਗ੍ਰੰਥਾਂ ਦੀਆਂ ਕਥਾ-ਕਹਾਣੀਆਂ ਮਨਘੜਤ ਹਨ ਅਤੇ ਉਨ੍ਹਾਂ ਵਿਚਲੇ ਪਾਤ੍ਰ ਵੀ ਕਾਲਪਨਿਕ ਅਰਥਾਤ ਫ਼ਰਜ਼ੀ ਹਨ। ਇਸੇ ਲਈ ਉਨ੍ਹਾਂ ਕਥਾ-ਕਹਾਣੀਆਂ ਨੂੰ ਮਿਥਿਹਾਸ ਕਿਹਾ ਜਾਂਦਾ ਹੈ। ਮਿਥਿਹਾਸ ਵਿੱਚ ਵਿਸ਼ਵਾਸ ਹੀ ਅਗਿਆਨਤਾ ਦਾ ਮੂਲ ਕਾਰਣ ਹੈ। ਬਾਣੀਕਾਰਾਂ ਦੇ ਜੀਵਨ ਦਾ ਇਕ ਮਨੋਰਥ ਇਹ ਸੀ ਕਿ ਮਿਥਿਹਾਸ ਜ਼ਰੀਏ ਫੈਲਾਏ ਗਏ ਅਗਿਆਨ-ਅੰਧੇਰੇ ਵਿੱਚ ਠੇਡੇ ਖਾ ਰਹੀ ਰੱਬ ਦੀ ਭੋਲੀ-ਭਾਲੀ ਰਿਆਯਾ ਨੂੰ, ਰੱਬੀ ਰੌਸ਼ਨੀ ਦਿਖਾ ਕੇ, ਅਗਿਆਨਤਾ ਦੀ ਖੱਡ ਵਿੱਚੋਂ ਬਾਹਰ ਕੱਢਣਾ ਅਤੇ ਰੱਬ ਦੇ ਲੜ ਲਾਉਣਾ।

ਗੁਰਫ਼ਲਸਫ਼ੇ ਦਾ ਧੁਰਾ "ੴ ਸਤਿ ਨਾਮ" ਹੈ। ਸਾਰੀ ਬਾਣੀ ਇਸ ਧੁਰੇ ਦੁਆਲੇ ਹੀ ਘੁੰਮਦੀ ਹੈ। ਸੋ, ਸਚ ਦੀ ਬਾਣੀ ਵਿੱਚ ਮਿਥਿਹਾਸ ਦੇ ਸਮਰਥਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ! ਬਾਣੀ ਵਿੱਚ ਮਿਥਿਹਾਸਕ ਕਥਾ-ਕਹਾਣੀਆਂ ਅਤੇ ਪਾਤ੍ਰਾਂ ਦਾ ਜੋ ਵਰਣਨ ਹੈ, ਉਹ ਸਿਰਫ਼ ਮਿਥਿਹਾਸ ਦੀ ਨਿਰਮੂਲਤਾ ਦ੍ਰਿੜਾਉਣ ਵਾਸਤੇ ਹੈ। ਗੁਰਬਾਣੀ ਵਿੱਚ, ਇਸ ਵਿਚਾਰ ਦੀ ਪੁਸ਼ਟੀ ਲਈ ਅਨੇਕ ਪ੍ਰਮਾਣ ਮਿਲਦੇ ਹਨ। ਇਥੇ ਸਿਰਫ਼ ਦੋ ਪ੍ਰਮਾਣ ਦਿੱਤੇ ਜਾ ਰਹੇ ਹਨ। ਪਹਿਲਾ, ਗੁਰਮਤਿ ਦਾ ਬੀਜ ਮੰਤ੍ਰ "ੴ" ਹੈ। ਹਿੰਦੂ ਮੱਤ ਵਿੱਚ "ਓਮ" ਜਾਂ "ਓਅੰ" ਦੀ ਪ੍ਰਧਾਨਤਾ ਹੈ। ਪੌਰਾਣਿਕ ਗ੍ਰੰਥਾਂ ਅਨੁਸਾਰ, ਇਹ ਸ਼ਬਦ ਤਿੰਨ ਮੁੱਖ ਦੇਵਤਿਆਂ (ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ) ਦਾ ਲਖਾਇਕ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਓਮ ਦੇ ਪਹਿਲਾਂ "੧" ਲਗਾ ਕੇ ਅੰਤ 'ਤੇ ਗੋਲਾਕਾਰ ਲਕੀਰ ਖਿੱਚ ਦਿੱਤੀ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਉਨ੍ਹਾਂ ਨੇ ਤ੍ਰਿਦੇਵ ਨੂੰ ਨਕਾਰ ਕੇ ਕੇਵਲ "੧" (ਅਕਾਲ ਪੁਰਖ) ਨੂੰ ਮੰਨਿਆ ਹੈ। ਗੋਲਾਕਾਰ ਲਕੀਰ ਅਕਾਲ ਪੁਰਖ ਦੀ ਨਿਰੰਤਰਤਾ ਜਾਂ ਸਦੀਵਤਾ ਦੀ ਪ੍ਰਤੀਕ ਹੈ।

ਦੂਜਾ ਪ੍ਰਮਾਣ: ਬਾਣੀ "ਜਪੁ" ਦੀ ਇਕ ਪਉੜੀ ਵਿੱਚ ਵੀ ਪਹਿਲੇ ਪ੍ਰਮਾਣ ਦੀ ਪੁਸ਼ਟੀ ਕੀਤੀ ਮਿਲਦੀ ਹੈ:

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥

ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥

ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥

ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥

ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥ ਜਪੁ ਮ:੧

ਅਰਥ:- ਲੋਕਾਂ ਵਿੱਚ ਇਹ ਕਥਾ ਪ੍ਰਵਾਣਿਤ ਹੈ ਕਿ, ਇਕ ਮਾਂ (ਮਾਈ ਮਾਇਆ) ਨੇ, ਕਿਸੇ ਤਰ੍ਹਾਂ, ਤਿੰਨ ਬੱਚਿਆਂ ਨੂੰ ਜਨਮ ਦਿੱਤਾ। ਇਕ ਜੀਵਾਂ ਨੂੰ ਪੈਦਾ ਕਰਨ ਵਾਲਾ (ਬ੍ਰਹਮਾ), ਦੂਜਾ ਪਾਲਣਹਾਰ (ਵਿਸ਼ਨੂ) ਅਤੇ ਤੀਜਾ ਨਿਆਂਕਾਰ ਤੇ ਵਿਨਾਸ਼ ਕਰਨ ਵਾਲਾ (ਸ਼ਿਵ) ਕਿਹਾ ਜਾਂਦਾ ਹੈ।

(ਇਸ ਮਿਥਿਹਾਸਕ ਕਹਾਣੀ ਨੂੰ ਨਕਾਰਦਿਆਂ, ਗੁਰੂ ਨਾਨਕ ਦੇਵ ਜੀ ਤੀਸਰੀ ਤੁਕ ਵਿੱਚ ਆਪਣਾ ਵਿਚਾਰ ਰੱਖਦੇ ਹੋਏ ਫ਼ਰਮਾਉਂਦੇ ਹਨ ਕਿ, ਦਰਅਸਲ) ਜਿਵੇਂ ਉਸ ਅਕਾਲ ਪੁਰਖ ਨੂੰ ਚੰਗਾ ਲੱਗਦਾ ਹੈ, ਅਤੇ ਜਿਸ ਤਰ੍ਹਾਂ ਉਸ ਦਾ ਹੁਕਮ ਹੁੰਦਾ ਹੈ, ਤਿਵੇਂ ਹੀ ਉਹ ਖ਼ੁਦ (ਜਨਮ-ਜੀਵਨ-ਮੌਤ ਦੀ) ਕਾਰ ਚਲਾ ਰਿਹਾ ਹੈ।......

05/20/2020 at 9:17pm

**Baldev singh toronto**

ਇਹਦੇ ਵਿੱਚ ਗੁਰੂ ਜੀ ਕਿਹੜੀ ਗੱਲ ਦ੍ਰਿੜ ਕਰਵਾ ਰਹੇ ਹਨ।

ਸਰਦਾਰ ਮੱਖਣ ਸਿੰਘ ਜੀ ਇਹ ਇਕ ਵੱਖਰਾ ਵਿਸਾ ਹੈ ਇਸ ਲਈ ਇਸ ਵਿਸੇ ਨੂੰ ਰੱਲਗੱਡ ਕਰਕੇ ਨਹੀ ਵੀਚਾਰਿਆ ਜਾ ਸਕਦਾ।ਅਗਲੇ ਹਫਤੇ ਪ੍ਰਹਿਲਾਦ ਜੀ ਵਾਲਾ ਜੋ ਸ਼ਬਦ ਉਸ ਉੱਪਰ ਵੀਚਾਰ ਕਰਾਂਗੇ ਕਿਉਕਿ ਸਮੇਂ ਦੀ ਵੀ ਘਾਟ ਹੈ ਅਤੇ ਦੂਸਰਾ ਕਿਉਕਿ ਇਹ ਵਿਸੇ ਕਾਫੀ ਸਮਾ ਮੰਗਦੇ ਹਨ।

ਬਲਦੇਵ ਸਿੰਘ ਟੌਰਾਂਟੌਂ

05/20/2020 at 9:54pm

**Manohar Singh Purewal**

ਗੁਰਬਾਣੀ ਕਿਉਂਕਿ ਜੀਵਾਂ ਦੀ ਜਿੰਦਗੀ ਬਿਹਤਰ ਬਨਾਉਣ ਲਈ ਹੈ ਇਸ ਕਰਕੇ ਇੱਥੇ ਵਰਤੀਆਂ ਪਰਚਲਤ ਪੁਰਾਣੀਆਂ ਕਹਾਣੀਆਂ ਭੀ ਇਸ ਮੰਤਵ ਵਿੱਚ ਹਿੱਸਾ ਪਾਉਣ ਲਈ ਹੀ ਹਨ।ਉਹਨਾਂ ਰਾਹੀਂ ਜਿਹੜੀ ਸਿੱਖਿਆ ਦਿੱਤੀ ਹੈ ਉਹ ਸਮਝਣ ਦੀ ਲੋੜ ਹੈ।ਅੱਖਰੀ ਅਰਥਾਂ ਤੇ ਹੀ ਅਟਕਣ ਨਾਲ ਭਰਮ ਦੂਰ ਨਹੀਂ ਹੋ ਸਕਦੇ।

ਗੁਰਬਾਣੀ ਦੀਆਂ ਕਈ ਤੁਕਾਂ ਦੇ ਭੀ ਅੱਖਰੀ ਅਰਥ ਕਰਕੇ ਉਨਾਂ ਤੇ ਚੱਲਿਆ ਹੀ ਨਹੀਂ ਜਾ ਸਕਦਾ। ਆਮ ਬੋਲੀ ਵਿੱਚ ਵਰਤੇ ਜਾਂਦੇ ਮੁਹਾਵਰੇ-ਸੱਤੀਂ ਕੱਪੜੀਂ ਅੱਗ ਲੱਗ ਜਾਣਾ, ਉੱਚਾ ਲੰਮਾਂ ਗਭਰੂ ਪੱਲੇ ਠੀਕਰੀਆਂ-ਆਦਿ ਦੇ ਭੀ ਅੱਖਰੀ ਅਰਥ ਨਹੀਂ ਕੀਤੇ ਜਾਂਦੇ।ਇੱਕ ਤਸਵੀਰ ਸਾਹਮਣੇ ਬਣਨ ਨਾਲ ਗੱਲ ਜ਼ਰੂਰ ਸਮਝ ਆ ਜਾਂਦੀ ਹੈ।ਪੁਰਾਤਨ ਕਹਾਣੀਆਂ ਜਿਹੜੇ ਸਮੇਂ ਚੱਲੀਆਂ ਉਸ ਵੇਲੇ ਗੱਲ ਸਮਝਾਉਣ ਦੇ ਤਰੀਕੇ ਵੱਖਰੇ ਹੋ ਸਕਦੇ ਹਨ।ਉਹ ਅੱਖਰ ਅੱਖਰ ਸੱਚੀਆਂ ਭਾਵੇਂ ਨਾ ਹੋਣ ਪਰ ਉਨਾਂ ਰਾਹੀਂ ਕੋਈ ਸੁਨੇਹਾ ਜ਼ਰੂਰ ਦਿੱਤਾ ਹੈ। ਉਸ ਸੁਨੇਹੇ ਤੱਕ ਪਹੁੰਚਣਾ ਜ਼ਰੂਰੀ ਹੈ।

05/21/2020 at 12:24am

**gurbachan singh panwan**

ਪ੍ਰਚਲਤ ਮਿੱਥਾਂ

ਗੁਰੂ ਸਾਹਿਬ ਜੀ ਨੇ ਪ੍ਰਚਲਤ ਮਿੱਥਾਂ, ਦੰਦ ਕਥਾ ਅਤੇ ਕਹਾਣੀਆਂ ਦੀ ਪ੍ਰੋੜਤਾ ਨਹੀਂ ਕੀਤੀ ਸਗੋਂ ਇਹਨਾਂ ਦੀ ਵਰਤੋਂ ਕਰਕੇ ਹਰੇਕ ਮਨੁੱਖ ਨੂੰ ਸਚਿਆਰ ਬਣਨ ਦਾ ਉਪਦੇਸ਼ ਦਿੱਤਾ ਹੈ।

05/21/2020 at 7:52am 1 Like

**Makhan Singh Purewal** In reply to gurbachan singh panwan

(ਨੋਟ:-ਪ੍ਰਿੰ: ਗੁਰਬਚਨ ਸਿੰਘ ਜੀ ਦਾ ਇਸ ਵਿਸ਼ੇ ਬਾਰੇ ਵਿਸਥਾਰ ਪੂਰਬਕ ਲੇਖ ਜੋ ਕਿ ਅੱਜ ਹੀ ਪਾਇਆ ਹੈ ਉਹ ਹੇਠ ਲਿਖੇ ਲਿੰਕ ਤੇ ਕਲਿਕ ਕਰਕੇ ਪੜ੍ਹ ਸਕਦੇ ਹੋ-ਸੰਪਾਦਕ)

http://www.sikhmarg.com/2020/0521-gur-updesh.html

05/21/2020 at 8:15pm 1 Like

**Dr. Sarbjit Singh**

ਕੀ ਤੁਸੀਂ ਗੁਰਬਾਣੀ ਵਿੱਚ ਮਿਥਿਹਾਸ ਦੀ ਗੱਲ ਪ੍ਰਵਾਨ ਕਰਦੇ ਹੋ?

ਗੁਰੂ ਨਾਨਕ ਸਾਹਿਬ ਨੇ ਸੱਚ ਤੇ ਵਿਗਿਆਨ ਦੇ ਆਧਾਰ ਤੇ ਇਕ ਅਧੁਨਿਕ ਧਰਮ ਤੇ ਸਮਾਜ ਦਾ ਆਰੰਭ ਕੀਤਾ। ਦੁਨੀਆ ਦੇ ਬਹੁਤ ਸਾਰੇ ਲੋਕਾਂ ਜਾਂ ਧਰਮਾਂ ਨੇ ਅਕਾਲ ਪੁਰਖੁ ਦੀ ਪਰਿਭਾਸ਼ਾ ਆਪਣੀ ਆਪਣੀ ਕਲਪਨਾਂ ਦੇ ਆਧਾਰ ਤੇ ਦਿਤੀ ਹੈ। ਕਿਸੇ ਨੇ ਮਨੁੱਖ ਨੂੰ ਅਕਾਲ ਪੁਰਖੁ ਦਾ ਦਰਜਾ ਦੇ ਦਿਤਾ ਤੇ ਕਿਸੇ ਨੇ ਜੀਵ ਜੰਤੂ, ਵਸਤੂ ਜਾਂ ਸਥਾਨ ਨੂੰ ਅਕਾਲ ਪੁਰਖ ਦਾ ਦਰਜਾ ਦੇ ਦਿਤਾ। ਪਰੰਤੂ ਇਹ ਸਭ ਕੁਝ ਤਾਂ ਖੁਦ ਅਕਾਲ ਪੁਰਖੁ ਦੇ ਆਪਣੇ ਬਣਾਏ ਹੋਏ ਹਨ, ਜੋ ਕਿ ਨਾਸ਼ਵੰਤ ਹਨ। ਜੇ ਅਕਾਲ ਪੁਰਖ ਹੀ ਨਾਸ ਹੋ ਗਿਆ ਤਾਂ ਬਾਕੀ ਕੀ ਰਹਿ ਜਾਵੇਗਾ। ਗੁਰੂ ਗਰੰਥ ਸਾਹਿਬ ਵਿਚ ਅੰਕਿਤ ਸਿਰਲੇਖ ਅਕਾਲ ਪੁਰਖੁ ਨੂੰ ਵਿਗਿਆਨਕ ਤਰੀਕੇ ਨਾਲ ਦਰਸਾਉਂਣ ਦਾ ਆਰੰਭ ਹੈ। ਇਸ ਨੂੰ ਅਕਾਲ ਪੁਰਖੁ ਸਬੰਧੀ ਸਾਇੰਸ ਦਾ ਮੁੱਢ ਵੀ ਕਹਿ ਸਕਦੇ ਹਾਂ। ਗੁਰੂ ਨਾਨਕ ਸਾਹਿਬ ਨੇ ਅਕਾਲ ਪੁਰਖੁ ਦੀ ਪਰਿਭਾਸ਼ਾ ਕਲਪਨਾਂ ਦੇ ਆਧਾਰ ਤੇ ਨਹੀਂ ਦਿਤੀ, ਬਲਕਿ ਪੂਰਨ, ਉਚੇ ਪੱਧਰ ਦੀ ਸਾਇੰਸ ਦੇ ਆਧਾਰ ਤੇ ਦਿੱਤੀ ਹੈ।

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥(੧)

ਗੁਰੂ ਨਾਨਕ ਸਾਹਿਬ ਨੇ ਜਪੁਜੀ ਸਾਹਿਬ ਦੀ ਪਹਿਲੀ ਪਉੜੀ ਵਿਚ ਹੀ ਹੋਰਨਾਂ ਮਤਾਂ ਦਾ ਜਿਕਰ ਕਰਦੇ ਹੋਏ ਸਿੱਖ ਧਰਮ ਦੇ ਮੁਢਲੇ ਸਿਧਾਂਤ, 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ' , ਬਾਰੇ ਵੀ ਸਪੱਸ਼ਟ ਜਾਣਕਾਰੀ ਦੇ ਦਿਤੀ ਹੈ।

ਸਾਡੇ ਭੁਲੇਖਿਆਂ ਦਾ ਕਾਰਨ ਇਹੀ ਹੈ, ਕਿ ਅਸੀਂ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਤੇ ਘਟ ਵਿਸ਼ਵਾਸ ਕਰਦੇ ਹਾਂ, ਤੇ ਹੋਰਨਾਂ ਲਿਖਤਾਂ ਤੇ ਜਿਆਦਾ। ਅਸੀਂ ਸਿੱਖ ਧਰਮ ਦੇ ਬਹੁਤ ਸਾਰੇ ਕਾਨੂੰਨ ਅਜੇਹੇ ਬਣਾ ਦਿਤੇ ਹਨ, ਜਿਹੜੇ ਕਿ ਗੁਰੂ ਗਰੰਥ ਸਾਹਿਬ ਵਿਚ ਮਿਲਦੇ ਹੀ ਨਹੀਂ। ਉਦਾਰਹਣ ਦੇ ਤੌਰ ਤੇ ਸਿੱਖ ਧਰਮ ਦਾ ਮੁਢਲੇ ਸਿਧਾਂਤ। ਗੁਰੂ ਗਰੰਥ ਸਾਹਿਬ ਵਿਚ ਕੋਈ ਸਬਦ ਸਿਧੇ ਤੌਰ ਤੇ ਨਹੀਂ ਮਿਲਦਾ ਹੈ, ਜਿਹੜਾ ਕਹਿੰਦਾ ਹੈ ਕਿ "ਨਾਮ ਜਪਣਾ, ਵੰਡ ਛਕਣਾ, ਕਿਰਤ ਕਰਨੀ", ਸਿੱਖ ਧਰਮ ਦਾ ਮੁਢਲਾ ਸਿਧਾਂਤ ਹੈ। ਇਹ ਸਾਡਾ ਆਪਣਾ, ਆਪ ਪ੍ਰਚਾਰ ਕਰਕੇ ਬਣਾਇਆ ਗਿਆ ਸਿਧਾਂਤ ਹੈ। ਜੇਕਰ ਗੁਰੂ ਗਰੰਥ ਸਾਹਿਬ ਨੂੰ ਧਿਆਨ ਨਾਲ ਪੜੀਏ ਤਾਂ ਪਤਾ ਚਲਦਾ ਹੈ, ਕਿ, ਗੁਰੂ ਨਾਨਕ ਸਾਹਿਬ ਨੇ ਜਪੁਜੀ ਸਾਹਿਬ ਦੀ ਪਹਿਲੀ ਪਉੜੀ ਵਿਚ ਹੀ ਹੋਰਨਾਂ ਮਤਾਂ ਦਾ ਜਿਕਰ ਕਰਦੇ ਹੋਏ ਸਿੱਖ ਧਰਮ ਦੇ ਮੁਢਲੇ ਸਿਧਾਂਤ, 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ' ਬਾਰੇ ਵੀ ਸਪੱਸ਼ਟ ਜਾਣਕਾਰੀ ਦੇ ਦਿਤੀ ਹੈ। ਗੁਰੂ ਨਾਨਕ ਸਾਹਿਬ ਨੇ ਤਾਂ ਸਾਨੂੰ ਇਕ ਨਿਵੇਕਲਾ ਅਧੁਨਿਕ ਵਿਗਿਆਨਕ ਧਰਮ ਦਿਤਾ ਸੀ, ਪਰੰਤੂ ਅਸੀਂ ਦੂਸਰਿਆਂ ਦੇ ਮਗਰ ਲਗ ਕੇ ਇਸ ਨੂੰ ਇਕ ਰਵਾਇਤੀ ਧਰਮ ਬਣਾ ਦਿਤਾ ਹੈ।

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥ (੧)

ਹੁਕਮੁ ਕੀ ਹੈ, ਇਸ ਦਾ ਵਿਸਥਾਰ ਜਪੁਜੀ ਸਾਹਿਬ ਦੀ ਦੂਸਰੀ ਪੌੜੀ ਵਿੱਚ ਮਿਲ ਜਾਂਦਾ ਹੈ। ਹੁਕਮੁ ਸਬੰਧੀ ਹੋਰ ਵਿਸਥਾਰ ਹੇਠ ਲਿਖੇ ਲਿੰਕ ਤੋਂ ਪੜ੍ਹ ਸਕਦੇ ਹੋ ਜੀ।

http://www.geocities.ws/sarbjitsingh/Bani3510GurMag200604.pdf

http://www.sikhmarg.com/2006/0430-bani-hukam.html ; ,

ਅਕਾਲ ਪੁਰਖੁ ਦੇ ਹੁਕਮੁ ਸਬੰਧੀ ਜਾਣਕਾਰੀ ਸਮਝਣ ਲਈ, ਆਪ ਜੀ ਹੇਠ ਲਿਖੇ ਯੂਟੀਊਬ ਦੇ ਲਿੰਕ ਤੋਂ ਵੀ ਸੁਣ ਸਕਦੇ ਹੋ ਜੀ।

Gurmat Vichar Part 02 ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ Understanding the Hukam of

Akal Purkh

https://youtu.be/6wLBZOtfeIs

ਅਕਾਲ ਪੁਰਖੁ ਦੇ ਹੁਕਮੁ ਸਬੰਧੀ ਹੋਰ ਪਹਿਲੂਆਂ ਬਾਰੇ ਜਾਣਕਾਰੀ ਲੈਣ ਲਈ, ਆਪ ਜੀ ਇਸ ਲੜੀ ਦੀਆਂ ਬਾਕੀ ਦੀਆਂ ਗੁਰਮਤਿ ਵੀਚਾਰਾਂ, ਭਾਵ ਬਾਕੀ ਦੇ ਹੋਰ ਭਾਗ ਸੁਣ ਸਕਦੇ ਹੋ ਜੀ।

ਗੁਰਬਾਣੀ ਵਿਚ ਅਸਲੀਅਤ ਪ੍ਰਵਾਨ ਕੀਤੀ ਗਈ ਹੈ, ਕਿਸੇ ਤਰ੍ਹਾਂ ਦਾ ਕੋਈ ਮਿਥਿਹਾਸ ਨਹੀਂ। ਜੇਕਰ ਮਿਥਿਹਾਸ ਵਾਲੀਆਂ ਗੱਲਾਂ ਦਾ ਜਿਕਰ ਆਇਆ ਹੈ, ਤਾਂ ਉਹ ਕੁਝ ਵਿਸ਼ਿਆਂ ਬਾਰੇ ਸਮਝਾਂਣ ਲਈ ਤੇ ਇਕ ਉਦਾਹਰਣ ਦੇ ਤੌਰ ਤੇ ਦੱਸਿਆ ਗਿਆ ਹੈ।

ਰਾਮ ਜਪਉ ਜੀ ਐਸੇ ਐਸੇ ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥੧॥ (੩੩੭)

ਇਥੇ ਇਹ ਸਿਖਿਆ ਦਿਤੀ ਗਈ ਹੈ, ਕਿ ਧ੍ਰੂ ਪ੍ਰਹਿਲਾਦ ਦੀ ਤਰ੍ਹਾਂ ਸੇਵਕ ਦੇ ਮਨ ਅੰਦਰ ਦਿੜ੍ਰਤਾ ਹੋਣੀ ਚਾਹੀਦੀ ਹੈ, ਅਕਾਲ ਪੁਰਖੁ ਤੇ ਭਰੋਸਾ ਹੋਣਾ ਚਾਹੀਦਾ ਹੈ, ਅਕਾਲ ਪੁਰਖੁ ਦੇ ਹੁਕਮੁ ਤੇ ਰਜਾ ਵਿਚ ਰਹਿੰਣ ਲਈ ਤਤਪਰ ਹੋਣਾ ਚਾਹੀਦਾ ਹੈ। ਬੱਚਿਆਂ ਨੂੰ ਅਕਸਰ ਸਕੂਲਾਂ ਵਿਚ, ਪਿਆਸੇ ਕਾਂ ਦੀ ਪਾਣੀ ਪੀਣ ਦੀ ਕਹਾਣੀ ਜਾਂ ਖਰਗੋਸ਼ ਤੇ ਕੱਛੂਕੁੰਮੇ ਦੀ ਦੌੜ ਦੀ ਕਹਾਣੀ ਸੁਣਾਈ ਜਾਂਦੀ ਹੈ। ਜਰੂਰੀ ਨਹੀਂ ਕਿ ਇਹ ਸਭ ਕਹਾਣੀਆਂ ਪੂਰਨ ਤੌਰ ਤੇ ਸਚ ਹੋਣ, ਮੰਤਵ ਸਿਰਫ ਸਮਝਾਂਣ ਦਾ ਹੁੰਦਾ ਹੈ। ਹੋ ਸਕਦਾ ਹੈ, ਦੱਸਿਆ ਗਿਆ ਮਿਥਿਹਾਸ ਪੂਰਨ ਸਚ ਹੋਵੇ ਜਾਂ ਨਾ ਹੋਵੇ, ਸਾਡਾ ਫਰਜ ਦਿਤੀ ਗਈ ਸਿਖਿਆ ਵਲ ਧਿਆਨ ਦੇਣਾ ਹੈ। ਇਨ੍ਹਾਂ ਨੂੰ ਇਤਿਹਾਸਕ ਪੱਖੋ ਸਚ ਵੇਖਣ ਲਈ ਸਾਨੂੰ ਹੋਰ ਬਹੁਤ ਸਾਰੇ ਪਹਿਲੂਆਂ ਬਾਰੇ ਵੀ ਜਾਨਣਾ ਪਵੇਗਾ, ਉਸ ਸਬੰਧੀ ਵਿਸਥਾਰ ਗੁਰੂ ਗਰੰਥ ਸਾਹਿਬ ਵਿਚ ਮਿਲ ਵੀ ਸਕਦਾ ਹੈ ਤੇ ਹੋ ਸਕਦਾ ਹੈ ਨਾ ਵੀ ਮਿਲੇ, ਕਿਉਂਕਿ ਗੁਰੂ ਗਰੰਥ ਸਾਹਿਬ ਵਿਚ ਮੰਤਵ ਜੀਵਨ ਜਾਚ ਦਾ ਹੈ, ਨਾ ਕਿ ਕਹਾਣੀਆਂ ਸੁਣਾਨ ਦਾ।

ਕਈ ਲੇਖਕਾਂ ਦਾ ਧਿਆਨ, ਸੱਚ ਨੂੰ ਤੋੜ ਮੜੋੜ ਕੇ ਪੇਸ਼ ਕਰਨ ਵਿਚ ਜਿਆਦਾ ਸ਼ੌਕ ਹੁੰਦਾ ਹੈ ਤੇ ਦੱਸੀ ਗਈ ਸਿਖਿਆ ਵੱਲ ਘੱਟ। ਵੈਸੇ ਆਮ ਲੋਕਾਂ ਨੂੰ ਵੀ ਮਸਾਲੇ ਵਾਲੀਆਂ ਕਹਾਣੀਆਂ, ਟੀ.ਵੀ. ਸੀਰੀਅਲ ਦੀ ਤਰ੍ਹਾਂ, ਜਿਆਦਾ ਚੰਗੀਆਂ ਲਗਦੀਆਂ ਹਨ, ਜਿਸ ਕਰਕੇ ਉਹ ਵੀ ਅਜੇਹੇ ਪਾਸੇ ਵੱਲ ਜਿਆਦਾ ਵੋਟਾਂ ਪਾਣ ਲੱਗ ਜਾਂਦੇ ਹਨ। ਪੂਰੇ ਗੁਰੂ ਗਰੰਥ ਸਾਹਿਬ ਵਿਚ ਕਿਤੇ ਵੀ "ਸਤਿਨਾਮੁ ਵਾਹਿਗੁਰੂ", ਇਕੱਠਾ ਨਹੀਂ ਅਇਆ ਹੈ, ਪਰੰਤੂ ਲਗਭਗ ਹਰੇਕ ਗੁਰਦੁਆਰਾ ਸਾਹਿਬ ਵਿਚ ਲੰਗਰ ਦੇ ਸਮੇਂ ਇਹ ਨਾਮੁ ਜਪਣ ਦਾ ਕਾਨੂੰਨ ਬਣ ਗਿਆ ਹੈ।

http://www.geocities.ws/sarbjitsingh/BookGuruGranthSahibAndNaam.pdf

ਸਾਰੀ ਸ੍ਰਿਸ਼ਟੀ ਅਕਾਲ ਪੁਰਖੁ ਦੇ ਹੁਕਮੁ ਵਿਚ ਹੀ ਹੈ। "ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥" (੧), ਕੋਈ ਜੀਵ ਹੁਕਮ ਤੋਂ ਬਾਹਰ, ਭਾਵ ਹੁਕਮੁ ਤੋ ਆਕੀ ਨਹੀਂ ਹੋ ਸਕਦਾ। ਭਾਵੇ ਕੋਈ ਰੱਬ ਨੂੰ ਮੰਨੇ ਜਾਂ ਨਾ ਮੰਨੇ। ਇਸ ਲਈ ਭਾਵੇਂ ਕੋਈ ਆਸਤਿਕ ਹੈ ਜਾਂ ਨਾਸਤਿਕ ਹੈ, ਉਹ ਹੈ ਹੁਕਮੁ ਦੇ ਅਧੀਨ ਹੀ ਹੈ। ਹੁਕਮੁ ਕੋਈ ਰਵਾਇਤੀ ਗੱਲ ਨਹੀਂ, ਜੋ ਅਸੀਂ ਅਕਸਰ ਆਮ ਵਰਤ ਲੈਂਦੇ ਹਾਂ। ਇਸ ਵਿੱਚ ਬਹੁਤ ਡੂੰਘਿਆਈ ਛਿਪੀ ਹੋਈ ਹੈ। ਅਕਾਲ ਪੁਰਖੁ ਦਾ ਹੁਕਮੁ ਅਟੱਲ ਹੈ ਤੇ ਸਾਰਿਆ ਵਾਸਤੇ ਸਾਂਝਾ ਹੈ, ਜਿਸ ਅਨਸਾਰ ਸਿਰਫ ਇਤਿਹਾਸ ਤੇ ਸਚਾਈ ਹੀ ਪ੍ਰਵਾਨ ਹੋ ਸਕਦੀ ਹੈ, ਕਿਸੇ ਤਰ੍ਹਾਂ ਦੇ ਮਿਥਿਹਾਸ ਲਈ ਕੋਈ ਥਾਂ ਨਹੀਂ ਹੈ। ਜੇਕਰ ਗੁਰੂ ਗਰੰਥ ਸਾਹਿਬ ਅਨੁਸਾਰ ਸਿਰਫ ਸਚ ਹੀ ਪ੍ਰਵਾਨ ਹੈ, ਤਾਂ ਫਿਰ ਅਸੀਂ ਮਿਥਿਹਾਸ ਦੀਆਂ ਗੱਲਾਂ ਕਿਸ ਤਰ੍ਹਾਂ ਪ੍ਰਵਾਨ ਕਰ ਸਕਦੇ ਹਾਂ। ਸਾਡਾ ਫਰਜ ਗੁਰਬਾਣੀ ਵਿੱਚ ਦਿਤੀ ਗਈ ਸਿਖਿਆ ਵਲ ਧਿਆਨ ਦੇਣਾ ਹੈ, ਉਸ ਵਿਚ ਬਾਹਰੋਂ ਮਿਥਿਹਾਸ ਦੀਆਂ ਹੋਰ ਕਹਾਣੀਆਂ ਨੂੰ ਜੋੜ ਕੇ, ਉਨ੍ਹਾਂ ਕਹਾਣੀਆਂ ਨੂੰ ਠੀਕ ਸਾਬਤ ਕਰਨਾ ਨਹੀਂ ਹੈ।

ਸਲੋਕੁ ਮਃ ੧ ॥ ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥ ਸਚੇ ਤੇਰੇ ਲੋਅ ਸਚੇ ਆਕਾਰ ॥ ਸਚੇ ਤੇਰੇ ਕਰਣੇ ਸਰਬ ਬੀਚਾਰ ॥ ਸਚਾ ਤੇਰਾ ਅਮਰੁ ਸਚਾ ਦੀਬਾਣੁ ॥ ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥ ਸਚਾ ਤੇਰਾ ਕਰਮੁ ਸਚਾ ਨੀਸਾਣੁ ॥ ਸਚੇ ਤੁਧੁ ਆਖਹਿ ਲਖ ਕਰੋੜਿ ॥ ਸਚੈ ਸਭਿ ਤਾਣਿ ਸਚੈ ਸਭਿ ਜੋਰਿ ॥ ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥ ਨਾਨਕ ਸਚੁ ਧਿਆਇਨਿ ਸਚੁ ॥ ਜੋ ਮਰਿ ਜੰਮੇ ਸੁ ਕਚੁ ਨਿਕਚੁ ॥੧॥ (੪੬੩)

ਇਸ ਲਈ ਆਓ ਸਾਰੇ ਜਾਣੇ ਗੁਰੂ ਗਰੰਥ ਸਾਹਿਬ ਵਿੱਚ ਦਿਤੀ ਗਈ ਸਿਖਿਆ ਅਨੁਸਾਰ ਚਲੀਏ ਤੇ ਆਪਣਾ ਮਨੁੱਖਾ ਜੀਵਨ ਸਫਲ ਕਰੀਏ।

ਗੁਰਸਿਖ ਮੀਤ ਚਲਹੁ ਗੁਰ ਚਾਲੀ ॥ ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥੧॥ ਰਹਾਉ ॥ (੬੬੭, ੬੬੮)

"ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ"

( ਡਾ: ਸਰਬਜੀਤ ਸਿੰਘ )

Email = sarbjitsingh@yahoo.com

http://www.geocities.ws/sarbjitsingh/,

05/21/2020 at 1:05pm

**Iqbal Singh Dhillon** In reply to Dr. Sarbjit Singh

ਡਾ. ਸਰਬਜੀਤ ਸਿੰਘ ਜੀ,

ਤੁਸੀਂ ਉੱਪਰ ਆਈ ਆਪਣੀ ਪੋਸਟ ਵਿਚ ਕਹਿੰਦੇ ਹੋ ਕਿ "ਗੁਰੂ ਨਾਨਕ ਸਾਹਿਬ ਨੇ ਤਾਂ ਸਾਨੂੰ ਇਕ ਨਿਵੇਕਲਾ ਅਧੁਨਿਕ ਵਿਗਿਆਨਕ ਧਰਮ ਦਿਤਾ ਸੀ"। ਏਥੇ ਤੁਹਾਨੂੰ ਇਹ ਦੱਸਣਾਂ ਚਾਹਾਂਗਾ ਕਿ 'ਵਿਗਿਆਨਕ ਧਰਮ' ਤਾਂ ਕੋਈ ਹੁੰਦਾ ਹੀ ਨਹੀਂ ਜੇਕਰ ਏਥੇ ਤੁਸੀਂ "ਧਰਮ' ਦਾ ਭਾਵ ਮਜ਼ਹਬ/religion ਤੋਂ ਲੈ ਰਹੇ ਹੋ ਕਿਉਂਕਿ ਵਿਗਿਆਨ ਅਤੇ ਮਜ਼ਹਬ ਨਾ ਕੇਵਲ ਇਕ ਦੂਜੇ ਤੋਂ ਭਿੰਨ ਹਨ ਸਗੋਂ ਇਹ ਦੋਵੇਂ ਇਕ ਦੂਜੇ ਦੇ ਵਿਪਰੀਤ ਵੀ ਜਾਂਦੇ ਹਨ। 'ਵਿਗਿਆਨਕ ਧਰਮ' ਕਹਿਣ ਤੇ ਤਾਂ ਇੰਜ ਲੱਗਦਾ ਹੈ ਜਿਵੇਂ ਕੋਈ ਕਹਿ ਰਿਹਾ ਹੋਵੇ ਕਿ 'ਗਰਮਾ-ਗਰਮ ਬਰਫ'।

ਇਕਬਾਲ ਸਿੰਘ ਢਿੱਲੋਂ, ਚੰਡੀਗੜ੍ਹ।

05/21/2020 at 6:34pm

**Dr. Sarbjit Singh**

Dear Dr. Ikbal Singh Ji

This all depends how one judges a system.

If you judge on the basis of rituals, then there is no relation of Science and Sikhism.

But if you judge on the basis of facts, then there is a very close relation

between Science and Sikhism.

Can you please quote specifically, what are the differences between Science and Sikhism, which you are referring.

Thanks

Sarbjit Singh

05/23/2020 at 2:19pm

**Iqbal Singh Dhillon**

Dr Sarabjit Singh ji,

Every system has its clearly demarcated norms and dimensions. So, judgment of a particular system or contrast drawn between two given systems can't be merely personal or subjective. It is you who have used the term 'scientific religion' (if by 'dharam' you mean 'religion'). In my opinion Guru Nanak did not establish any system in the name of 'Sikhism'. What I know is that Guru Nanak's doctrine is enshrined in Gurbani and it is generally referred to as 'Gurmatt'. It is, therefore, for you to clarify whether you project 'Sikhism' as a religion ascribing it to Guru Nanak and, if so, how you call it a 'scientific religion'.

Iqbal Singh Dhillon, Chandigarh

05/23/2020 at 6:53pm

**Dr. Sarbjit Singh**

Dear Dr. Ikbal Singh Ji

Please go through the references quoted in the post dated 21.05.2020 for the clarifications.

It is better not to go for the literal translation of English word and it is always better to see them in the broader sense..

You may kindly down the articles on various topics from the following websites for further clarifications:

http://www.geocities.ws/sarbjitsingh/,

http://www.geocities.ws/sarbjitsingh/GurbaniIndexGurmukhi.htm,

http://www.geocities.ws/sarbjitsingh/GurbaniIndexEnglish.htm,

http://www.geocities.ws/sarbjitsingh/GurbaniIndexPoster.htm

Thanking you

Sarbjit Singh

05/24/2020 at 1:49pm

**Iqbal Singh Dhillon**

Dr Sarbjit Singh ji,

Basing on your earlier claim I've posed you a question which I reproduce here: "Whether you project 'Sikhism' as a religion ascribing it to Guru Nanak and, if so, how you call it a 'scientific religion'"

Kindly furnish your reply in your own words here instead of citing some extraneous references. It is not a matter concerned only with the translation of some English word. You have, of course, studied and written abundantly on the subject. I want your brief and direct reply here in this very column so that others may also benefit out of your rich erudition.

Iqbal Singh Dhillon

05/24/2020 at 6:50pm

**Iqbal Singh Dhillon**

Dr Sarabjit Singh ji,

Four days have passed but reply from your side is still awaited. You will agree that when a writer makes a claim publicly, it becomes his or her moral

responsibilty to reply to a query raised by a reader on the basis of such a claim. By not giving your reply till date you are creating the impression that you are deliberately evading it and are, thus, shirking your moral responsibility. If it is so, one would naturally ask, "What does your 'scientific religion' actually teach ?"

Iqbal Singh Dhillon

05/28/2020 at 7:31am 1 Like

**Iqbal Singh Dhillon**

Dr Sarbjit Singh ji,

It is, by now, clear that you have run away from your responsibility of furnishing your reply to my query raised over the claim made in your write-up above. It proves that your 'scientific religion' has taught you no ethics and your scholarship is quite hollow..

Iqbal Singh Dhillon

05/30/2020 at 3:24pm

**Hakam Singh**

ਗੁਰਬਾਣੀ ਵਿਚ ਮਿਥਹਾਸਕ ਹਵਾਲੇ ਸਾਧਾਰਣ ਲੋਕਾਂ ਨੂੰ ਗੁਰਬਾਣੀ ਸਮਝਾਉਣ ਲਈ ਦਿੱਤੇ ਗਏ ਹਨ। ਜਿਸ ਵੇਲੇ ਗੁਰਬਾਣੀ ਰਚੀ ਗਈ ਸੀ ਉਸ ਵੇਲੇ ਮਿਥਹਾਸਕ ਕਹਾਣੀਆਂ ਤਕਰੀਬਨ ਸਾਰੇ ਹੀ ਲੋਕਾਂ ਵਿਚ ਪਰਚਲਤ ਅਤੇ ਮਸ਼ਹੂਰ ਸਨ। ਉਨ੍ਹਾਂ ਲੋਕਾਂ ਨੂੰ ਗੁਰਬਾਣੀ ਦਾ ਗਿਆਨ ਉਨ੍ਹਾਂ ਦੀ ਜਾਣਕਾਰੀ, ਵਿਸ਼ਵਾਸਾਂ ਅਤੇ ਮਨੌਤਾਂ ਦੇ ਆਧਾਰ ਤੇ ਹੀ ਦਿੱਤਾ ਜਾ ਸਕਦਾ ਸੀ। ਜ਼ਰੂਰੀ ਤੱਥ ਇਹ ਹੈ ਕਿ ਗੁਰਬਾਣੀ ਉਸ ਮਿਥਹਾਸ ਦਾ ਸਮਰਥਨ ਨਹੀਂ ਕਰਦੀ ਬਲਕੇ ਉਸ ਨੂੰ ਗੁਰਮਤਿ ਗਿਆਨ ਦੀ ਸੂਝ ਬਖਸ਼ਣ ਲਈ ਵਰਤਦੀ ਹੈ। ਸਮਾਂ ਬਦਲਦਾ ਰਹਿੰਦਾ ਹੈ ਅਤੇ ਲੋਕਾਂ ਦੇ ਵਿਚਾਰਾਂ ਅਤੇ ਵਿਸ਼ਵਾਸਾਂ ਵਿਚ ਬਦਲਾਓ ਆਉਣਾ ਸੁਭਾਵਕ ਹੈ। ਹੁਣ ਆਮ ਲੋਕਾਂ ਦੀ ਸੋਚ ਅਤੇ ਵਿਸ਼ਵਾਸ ਸਿਖਿਆ ਅਦਾਰਿਆਂ ਅਤੇ ਪੂੰਜੀਵਾਦੀ ਸਮਾਜ ਨੇ ਬਦਲ ਦਿੱਤੇ ਹਨ ਅਤੇ ਪੁਰਾਤਨ ਮਿਥਹਾਸ ਅਰਥਹੀਣ ਜਾਪਣ ਲੱਗ ਪਿਆ ਹੈ। ਇਸ ਲਈ ਅੱਜ ਬੇਅਰਥ ਹਵਾਲਿਆਂ ਦੀ ਥਾਂ ਗੁਰਬਾਣੀ ਦੇ ਮੂਲ ਉਪਦੇਸ਼ ਨੂੰ ਸਮਝਣ ਦੀ ਲੋੜ ਵਧ ਗਈ ਹੈ। ਪਰ ਇਹ ਹਵਾਲੇ ਮਨਘੜਤ ਅਤੇ ਕਲਪਤ ਹੋਣ ਕਾਰਨ ਗੁਰਬਾਣੀ

ਉਪਦੇਸ਼ ਦੇ ਸੱਚ ਨੂੰ ਧੁੰਦਲਾ ਜ਼ਰੂਰ ਕਰ ਰਹੇ ਹਨ।

ਮਿਥਹਾਸ ਮਨ ਮਰਜ਼ੀ ਦਾ ਕਲਪਤ ਇਤਹਾਸ ਹੁੰਦਾ ਹੈ। ਵੈਸੇ ਤੇ ਇਤਹਾਸ ਵੀ ਇਤਹਾਸਕਾਰ ਦੇ ਨਿੱਜੀ ਨਜ਼ੱਰੀਏ ਅਤੇ ਪਸੰਦ ਤੋਂ ਪ੍ਰਭਾਵਤ ਹੋਣ ਕਾਰਨ ਇੱਕ ਪੱਖਾ ਹੀ ਹੁੰਦਾ ਹੈ ਅਤੇ ਉਸ ਦੇ ਵਿਰੋਧੀ ਉਸੇ ਇਤਹਾਸ ਦਾ ਵਖਰਾ ਰੂਪ ਪੇਸ਼ ਕਰ ਦਿੰਦੇ ਹਨ। ਇਸੇ ਲਈ ਅੰਗ੍ਰੇਜ਼ੀ ਵਿਚ ਇਸ ਨੂੰ ਉਸ ਦੀ ਕਹਾਣੀ, ਹਿਜ਼ ਸਟੋਰੀ, ਆਖਿਆ ਗਿਆ ਹੈ। ਇਤਹਾਸ ਕਿਸੇ ਹੋਣੀ ਦਾ ਸਮੇਂ ਅਤੇ ਸਥਾਨ ਤੇ ਆਧਾਰਤ ਵਿਵਰਣ ਹੁੰਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਹਿੰਦੂ ਧਰਮ ਵਿਚ ਸਮੇਂ ਅਤੇ ਸਥਾਨ ਬਾਰੇ ਸਪਸ਼ਟਤਾ ਦੀ ਘਾਟ ਸੀ, ਇਸ ਲਈ ਇਤਹਾਸ ਦੀ ਥਾਂ ਮਿਥਹਾਸ ਰਚਣ ਦੀ ਪ੍ਰਥਾ ਸੀ। ਹਿੰਦੂ ਧਰਮ ਦਾ ਮਿਥਹਾਸ ਪ੍ਰਚਲਤ ਹੋਣ ਕਾਰਨ ਗੁਰਬਾਣੀ ਵੀ ਉਸ ਤੋਂ ਪ੍ਰਭਾਵਤ ਹੋਈ ਹੈ। ਹਿੰਦੂ ਵਿਚਾਰਧਾਰਾ ਤੋਂ ਪ੍ਰਭਾਵਤ ਉਦਾਸੀ ਅਤੇ ਨਿਰਮਲੇ ਵਿਦਵਾਨਾਂ ਵਲੋਂ ਰਚੇ ਸਿੱਖ ਇਤਹਾਸ ਵਿਚ ਵੀ ਮਿਥਹਾਸ ਹਾਵੀ ਹੈ।

ਗੁਰਬਾਣੀ ਦਾ ਮੁੱਖ ਮਨੋਰਥ ਮਨੁੱਖ ਦਾ ਨੈਤਕ ਸੁਧਾਰ ਅਤੇ ਸੰਸਾਰਕ ਸ਼ਾਂਤੀ ਹੈ। ਇਸ ਲਈ ਵਿਗਿਆਨ, ਇਤਹਾਸ, ਸਾਹਿਤ ਜਾਂ ਮਨੋਰੰਜਕ ਲਿਖਤਾਂ ਦੀ ਗੁਰਬਾਣੀ ਨਾਲ ਕੋਈ ਸਾਂਝ ਨਹੀਂ ਹੈ। ਗੁਰਬਾਣੀ ਦੇ ਵਿਪ੍ਰੀਤ ਵਿਗਿਆਨ ਪਦਾਰਥ, ਕੁਦਰਤ ਅਤੇ ਉਸ ਦੇ ਨਿਯਮਾਂ ਦਾ ਵਰਨਨ ਹੈ। ਵਰਨਨ ਦੀ ਸਪਸ਼ਟਤਾ ਲਈ ਵਿਗਿਆਨ ਵਿਚ ਜ਼ਿਆਦਾਤਰ ਗਣਿਤ ਨੂੰ ਭਾਸ਼ਾ ਵਜੋਂ ਵਰਤਣ ਅਤੇ ਵਰਤੇ ਸ਼ਬਦਾਂ ਨੂੰ ਪਰਿਭਾਸ਼ਤ ਕਰਨ ਜਾਂ ਵਿਸ਼ੇਸ਼ ਨਵੇਂ ਸ਼ਬਦ ਘੜਨ ਦੀ ਰੀਤ ਹੈ। ਵਿਗਿਆਨਕ ਖੋਜ ਵਿਚ ਪੂਰਨ ਧਾਰਨਾ (ਪੌਸਟਯੂਲੇਟ) ਅਤੇ ਤਰਕ ਦੀ ਵਰਤੋਂ ਕੀਤੀ ਜਾਂਦੀ ਹੈ। ਨਿਰਪੱਖ ਜਾਣਕਾਰੀ ਹੋਣ ਕਾਰਨ ਵਿਗਿਆਨ ਦੀ ਬਹੁਤੀ ਵਰਤੋਂ ਪੂੰਜੀਪਤੀ ਨਿੱਜੀ ਮੁਨਾਫੇ ਅਤੇ ਸਰਕਾਰਾਂ ਜੰਗਾਂ ਲਈ ਕਰਦੀਆਂ ਆ ਰਹਿਈਆਂ ਹਨ।

ਵਿਗਿਆਨ ਦੇ ਉਲਟ ਸਾਹਿਤ ਮਨੋਰੰਜਨ ਅਤੇ ਸਿਖਿਆ ਲਈ ਮਨੁੱਖੀ ਭਾਵਨਾਵਾਂ ਅਤੇ ਜੀਵਨ ਢੰਗ ਦਾ ਸ਼ਾਬਦਕ ਚਿਤਰ ਹੁੰਦਾ ਹੈ। ਕਵਿਤਾ ਵਿਗਿਆਨਕ ਲਿਖਤਾਂ ਨਾਲੋਂ ਬਹੁਤ ਵਖਰੀ ਹੁੰਦੀ ਹੈ। ਇਸ ਵਿਚ ਵਰਤੇ ਸ਼ਬਦਾਂ ਦੇ ਅਰਥ ਹਰ ਪਾਠਕ ਆਪਣੇ ਅਨੁਭਵ ਅਨੁਸਾਰ ਲੈਂਦਾ ਹੈ। ਕਵੀਆਂ ਅਤੇ ਵਿਗਿਆਨੀਆਂ ਦੇ ਜੀਵਨ ਢੰਗ ਵਿਚ ਕੋਈ ਮੇਲ ਨਹੀਂ ਹੈ। ਸੂਫੀ ਕਵੀ ਤੇ ਸੰਸਾਰਕ ਜੀਵਨ ਦੀਆਂ ਸਹੂਲਤਾਂ ਨੂੰ ਵੀ ਤੁੱਛ ਸਮਝਦੇ ਹਨ।

ਗੁਰਬਾਣੀ ਸਾਧ ਭਾਸ਼ਾ ਵਿਚ ਰਚੀ ਕਵਿਤਾ ਹੈ। ਇਸ ਵਿਚ ਕਵਿਤਾ ਅਤੇ ਸਾਧ ਭਾਸ਼ਾ ਵਾਲੇ ਗੁਣ ਹੋਣੇ ਸੁਭਾਵਕ ਹਨ। ਤਰਕ, ਵਿਚਾਰਾਂ ਵਿਚ ਅਸੰਗਤਾ ਅਤੇ ਦੁਹਰਾਓ ਨੂੰ ਅਣਡਿਠ ਕਰਨਾ ਇਸ ਦਾ ਸੁਭਾ ਹੈ। ਗੁਰਬਾਣੀ ਦਾ ਮਨੋਰਥ ਮਨੁੱਖ ਨੂੰ ਸੰਸਾਰ ਵਿਚ ਵਰਤ ਰਹੀ ਮਾਇਆ ਅਤੇ ਨਿੱਜੀ ਹਉਮੈ ਦੇ ਭਰਮ ਭੁਲੇਖਿਆਂ ਤੋਂ ਸੁਚੇਤ ਕਰਕੇ ਦਿਆਨਤਦਾਰੀ, ਮੇਹਨਤ, ਪ੍ਰੇਮ ਅਤੇ ਸੇਵਾ ਭਾਵਨਾ ਵਾਲਾ ਕੁਦਰਤ ਦੇ ਅਨੁਕੂਲ ਸਚਿਆਰਾ ਜੀਵਨ ਰਹਿਣ ਲਈ ਪ੍ਰੇਰਤ ਕਰਨਾ ਹੈ। ਕਿਉਂਕੇ ਮਨੁੱਖ ਵਿਚ ਸੰਸਾਰਕ ਮਾਇਆ ਅਤੇ ਆਪਣੀ ਹਉਮੈ ਤੋਂ ਮੁਕਤ ਹੋਣ ਦੀ ਸਮਰਥਾ ਨਹੀਂ ਹੁੰਦੀ ਇਸ ਲਈ ਉਹ ਮਾਇਆ ਦੇ ਰਚਣਹਾਰ, ਰੱਬ ਅੱਗੇ ਬੇਨਤੀ ਕਰਕੇ ਉਸ ਦੀ ਕਿਰਪਾ ਨਾਲ ਹੀ ਉਨ੍ਹਾਂ ਤੋਂ ਮੁਕਤ ਹੋ ਸਕਦਾ ਹੈ।

ਗੁਰੂ ਗ੍ਰੰਥ ਸਾਹਿਬ ਵੱਡੇ ਆਕਾਰ ਦਾ ਗ੍ਰੰਥ ਹੈ ਅਤੇ ਇਸ ਵਿਚ ਬਹੁਤੇ ਉਪਦੇਸ਼ ਮੁੜ ਮੁੜ ਦੁਹਰਾਏ ਗਏ ਹਨ। ਮੂਲ ਉਪਦੇਸ਼ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਅੰਕਤ ਹੈ। ਦੂਜੇ ਗੁਰੂ ਸਾਹਿਬਾਨ ਨੇ ਗੁਰੂ ਨਾਨਕ ਸਾਹਿਬ ਦੇ ਕੁੱਝ ਚੋਣਵੇਂ ਉਪਦੇਸ਼ਾਂ ਦੀ ਹੀ ਵਿਆਖਿਆ ਕੀਤੀ ਹੈ। ਐਸੇ ਗ੍ਰੰਥ ਵਿਚ ਦੁਹਰਾਓ ਹੋਣਾ ਸੁਭਾਵਕ ਹੈ। ਇਸ ਵਿਚ ਮਿਥਹਾਸਕ ਅਤੇ ਕਰਾਮਾਤੀ ਹਵਾਲੇ ਹੁਣ ਅਸੰਗਤ ਹੋ ਗਏ ਹਨ ਉਨ੍ਹਾਂ ਨੂੰ ਨਜ਼ਰ ਅੰਦਾਜ਼ ਕਰਨ ਦੀ ਲੋੜ ਹੈ। ਗੁਰੂ ਗ੍ਰੰਥ ਸਾਹਿਬ ਵਿਗਿਆਨਕ ਖੋਜ ਪ੍ਰਬੰਧ ਨਹੀਂ ਹੈ।

ਵਿਗਿਆਨਕ ਆਖੇ ਜਾਂਦੇ ਯੁਗ ਵਿਚ ਵਿਗਿਆਨਕ ਜਾਣਕਾਰੀ ਤੇ ਪੂੰਜੀਪਤੀਆਂ ਦਾ ਕੰਟਰੋਲ ਹੈ ਅਤੇ ਉਨ੍ਹਾਂ ਉਸ ਜਾਣਕਾਰੀ ਨੂੰ ਮਸ਼ੀਨਾਂ ਬਨਾਉਣ ਵਿਚ ਵਰਤ ਕੇ ਆਪਣੇ ਮੁਨਾਫੇ ਲਈ ਖਪਤਕਾਰੀ ਅਤੇ ਅਧੀਨ ਸਮਾਜ ਸਿਰਜ ਲਿਆ ਹੈ। ਪੂੰਜੀਪਤੀਆਂ ਨੇ

ਸਰਕਾਰਾਂ ਨਾਲ ਮਿਲ ਕੇ ਆਜ਼ਾਦ ਕਿੱਤਾ ਕਰਨ ਵਾਲੇ ਬਹੁਤੇ ਕਿਸਾਨਾਂ ਅਤੇ ਕਾਰੀਗਰਾਂ ਦੇ ਕੰਮ ਬੰਦ ਕਰਵਾ ਕੇ ਉਨ੍ਹਾਂ ਨੂੰ ਤਨਖਾਹੀ ਮਜ਼ਦੂਰ ਬਣਾ ਲਿਆ ਹੈ ਜਾਂ ਬੇਰੁਜ਼ਗਾਰ ਕਰ ਦਿੱਤਾ ਹੈ।

ਗੁਰਬਾਣੀ ਮਨੁੱਖੀ ਆਜ਼ਾਦੀ ਅਤੇ ਬਰਾਬਰੀ ਦਾ ਉਪਦੇਸ਼ ਕਰਦੀ ਹੈ ਅਤੇ ਸਾਮਰਾਜੀ ਗਲੋਬਲ ਸਿਸਟਮ ਦੀ ਅਧੀਨਗੀ ਅਤੇ ਮੁਨਾਫੇ ਲਈ ਸਿਰਜੇ ਖਪਤਕਾਰੀ ਸਮਾਜ ਨੂੰ ਪ੍ਰਵਾਨ ਨਹੀਂ ਕਰਦੀ। ਅਜੋਕੇ ਸਮੇਂ ਵਿਚ ਗੁਰਬਾਣੀ ਦੇ ਨਿਸ਼ਕਾਮ ਕਰਮ ਅਤੇ ਰੱਬੀ ਕਾਇਨਾਤ ਦੀ ਸੇਵਾ (ਨਾ ਕਿ ਚੈਰਿਟੀ) ਦੇ ਸੰਕਲਪ ਮਹਤੱਵਪੂਰਨ ਹੋ ਗਏ ਹਨ।

05/21/2020 at 3:41pm

**Iqbal Singh Dhillon** In reply to Hakam Singh

ਸ. ਹਾਕਮ ਸਿੰਘ ਜੀ,

ਇਹ ਕਾਫੀ ਤਸੱਲੀ ਵਾਲੀ ਗੱਲ ਹੈ ਕਿ ਹੁਣ ਤੁਸੀਂ ਗੁਰਬਾਣੀ ਨੂੰ ਕੇਵਲ 'ਆਤਮਕ' (spiritual) ਗਿਆਨ ਦੇ ਤੌਰ ਤੇ ਪੇਸ਼ ਕਰਨ ਨਾਲੋਂ ਇਸ ਨੂੰ ਮਨੁੱਖੀ ਸਰੋਕਾਰਾਂ ਨਾਲ ਜੋੜਨ ਲੱਗ ਪਏ ਹੋ। ਬੇਨਤੀ ਹੈ ਕਿ ਤੁਸੀਂ ਵਿਗਿਆਨ ਪ੍ਰਤੀ ਆਪਣੇ ਨਕਾਰਾਤਮਕ ਨਜ਼ਰੀਏ ਦਾ ਵੀ ਤਿਆਗ ਕਰ ਛੱਡੋ। ਤੁਸੀਂ ਵਿਗਿਆਨ ਨੂੰ ਪੂੰਜੀਪਤੀਆਂ ਨਾਲ ਜੋੜਦੇ ਹੋਏ ਇਕ ਅਸਲੋਂ ਹੀ ਤਰਕਹੀਣ ਦਲੀਲ ਦੇ ਰਹੇ ਹੋ। ਜੇਕਰ ਵਿਗਿਆਨ ਐਨਾ ਮਾੜਾ ਹੈ ਤਾਂ ਤੁਸੀਂ ਉਹਨਾਂ ਸਾਰੀਆਂ ਸੁੱਖ-ਸਹੂਲਤਾਂ ਦਾ ਤਿਆਗ ਕਰੋ ਜੋ ਵਿਗਿਆਨ ਦੀਆਂ ਬਖਸ਼ੀਆਂ ਹੋਈਆਂ ਹਨ ਅਤੇ ਜਿਹਨਾਂ ਬਗੈਰ ਤੁਸੀਂ ਇਕ ਪਲ ਵੀ ਚੈਨ ਨਾਲ ਬਸਰ ਨਹੀਂ ਕਰ ਸਕਦੇ। ਜ਼ਰਾ 18ਵੀਂ ਜਾਂ 19ਵੀਂ ਸਦੀ ਵਾਲਾ ਜੀਵਨ ਅਪਣਾ ਕੇ ਤਾਂ ਵੇਖੋ ਜਦੋਂ ਵਿਗਿਆਨ-ਅਧਾਰਿਤ ਸੁੱਖ-ਸਹੂਲਤਾਂ ਪਰਾਪਤ ਨਹੀਂ ਸਨ। ਇਹ ਜਿਹੜਾ ਕੰਪਿਊਟਰ ਅਤੇ ਇੰਟਰਨੈਟ ਤੁਸੀਂ ਆਪਣੀ ਪੋਸਟ ਭੇਜਣ ਲਈ ਵਰਤਿਆ ਹੈ ਉਹ ਵੀ ਵਿਗਿਆਨ ਦਾ ਦਿੱਤਾ ਹੋਇਆ ਹੈ।

ਸ. ਹਾਕਮ ਸਿੰਘ ਜੀ, ਤੁਸੀਂ ਸਾਹਿਤ ਨੂੰ ਕੇਵਲ ਮਨੋਰੰਜਨ ਅਤੇ ਸਿਖਿਆ (education) ਦਾ ਸਾਧਨ ਦੱsਕੇ ਇਸ ਨੂੰ ਵੀ ਛੁਟਿਆ ਰਹੇ ਹੋ ਜਦੋਂ ਕਿ ਸਾਹਿਤ ਮਨੁੱਖ ਦੀਆਂ ਅਤੀ-ਸੂਖਮ ਭਾਵਨਾਵਾਂ ਅਤੇ ਉੱਚ-ਵਿਚਾਰਾਂ ਨੂੰ ਪ੍ਰਗਟਾਉਣ ਦਾ ਸਮਰੱਥ ਵਸੀਲਾ ਹੁੰਦਾ ਹੈ। ਗੁਰਬਾਣੀ ਵੀ ਤਾਂ ਸਾਹਿਤ ਦਾ ਹੀ ਇਕ ਰੂਪ ਹੈ। ਗੁਰਬਾਣੀ ਵਿਚ 'ਸ਼ਬਦ' ਨੂੰ ਇਕ ਪਰਪੱਕ ਸਾਹਿਤਕ ਰਚਨਾ ਦੇ ਅਰਥਾਂ ਵਿਚ ਹੀ ਵਰਤਿਆ ਗਿਆ ਹੈ।

ਇਕਬਾਲ ਸਿੰਘ ਢਿੱਲੋਂ, ਚੰਡੀਗੜ੍ਹ।

05/21/2020 at 6:58pm



## ਮਨੋਜ ਮਲਿਕ (ਚੰਡੀਗੜ੍ਹ)

ਮਾਨਯੋਗ ਸੰਪਾਦਕ ਜੀਓ,

ਚੱਲ ਰਿਹੇ ਵਿਸ਼ੇ ਅਧੀਨ ਮੈਂ ਸਨਿਮਰ ਆਪਣੇ ਵਿਚਾਰ ਰੱਖ ਰਿਹਾ ਹਾਂ। ਗੁਰਬਾਣੀ ਸਮੇਤ ਦੁਨੀਆਂ ਦੀਆਂ ਸਾਰੀਆਂ ਕਿਤਾਬਾਂ ਆਪਣੇ ਸਮੇਂ ਦੇ ਲੋਕਾਂ ਨੇ ਲਿਖੀਆਂ ਹਨ। ਹਰੇਕ ਲਿਖਾਰੀ ਆਪਣੇ ਵਕਤ ਦੇ ਸਮਾਜ ਤੋਂ ਆਪਣੀ ਕਿਤਾਬ ਦਾ ਕਥਾਨਕ (plot) ਲੈਂਦਾ ਹੈ। ਕੋਈ ਵੀ ਕਿਤਾਬ ਆਸਮਾਨ ਤੋਂ ਨਹੀਂ ਆਈ ਹੈ। ਅਸੀਂ ਜਾਣਦੇ ਹਾਂ ਕਿ ਮਨੁੱਖ ਗਲਤੀਆਂ ਦਾ ਪੁਤਲਾ ਹੁੰਦਾ ਹੈ, ਮਨੁੱਖੀ-ਰਚਨਾ ਹੋਣ ਕਰਕੇ ਇਨ੍ਹਾਂ ਕਿਤਾਬਾਂ ਵਿੱਚ ਚੰਗੀਆਂ ਗੱਲਾਂ ਦੇ ਨਾਲ-ਨਾਲ ਗਲਤੀਆਂ ਵੀ ਹੋ

ਸਕਦੀਆਂ ਹਨ। ਇਸ ਕਰਕੇ ਇਨ੍ਹਾਂ ਕਿਤਾਬਾਂ ਨੂੰ, ਜਿਨ੍ਹਾਂ ਨੂੰ ਆਦਰ-ਸਤਿਕਾਰ ਨਾਲ "ਪਵਿੱਤਰ-ਗ੍ਰੰਥ"(Holy Scriptures) ਕਿਹਾ ਜਾਂਦਾ ਹੈ, ਸਾਨੂੰ ਹਰ ਸਮੇਂ ਲਈ ਸੱਚ (Final Truth) ਅਤੇ ਦੋਸ਼-ਰਹਿਤ (Infallible) ਨਹੀਂ ਮੰਨਿਆ ਜਾਣਾ ਚਾਹੀਦਾ ਹੈ।

ਗੁਰਬਾਣੀ (ਸ਼੍ਰੀ ਗੁਰੂ ਗ੍ਰੰਥ ਸਾਹਿਬ) ਬਾਰੇ ਅਜਿਹਾ ਕੋਈ ਦਾਅਵਾ ਨਹੀਂ ਕੀਤਾ ਜਾਂਦਾ ਹੈ ਕਿ ਇਹ ਕੋਈ ਆਸਮਾਨੀ ਕਿਤਾਬ ਹੈ। ਇਹ ਇੱਕ ਲੇਖਕ ਦੀ ਰਚਨਾ ਹੋਣ ਦੀ ਥਾਂ, ਵੱਖ-ਵੱਖ ਲੋਕਾਂ ਦੀਆਂ ਰਚਨਾਵਾਂ ਦਾ ਸੰਕਲਨ (Compilation) ਹੈ। ਇਹ ਜਿਆਦਾਤਰ ਲਿਖਾਰੀ "ਭਗਤੀ-ਲਹਿਰ" ਦੇ ਸਾਧੂ-ਸੰਤ ਸੀ। ਇਹ ਭਗਤੀ-ਲਹਿਰ 13ਵੀਂ ਤੋਂ 16ਵੀਂ ਸਦੀ ਤੀਕਰ ਚੱਲੀ ਸੀ। ਸੁਭਾਵਕ ਹੈ ਕਿ ਇਨ੍ਹਾਂ ਦੇ ਉਦਾਹਰਣ, ਮੁਹਾਵਰੇ ਅਤੇ ਕਥਾਨਕ ਉਸ ਸਮੇਂ ਦੀ ਸਾਮਾਜਿਕ, ਧਾਰਮਿਕ ਹਾਲਾਤਾਂ ਦੀ ਦੇਣ ਹੈ।

ਗੁਰਬਾਣੀ ਉੱਤੇ ਹਿੰਦੂ ਰਿਲੀਜਨ ਦਾ ਸੰਘਣਾ ਪ੍ਰਭਾਵ ਹੈ। ਇਹ "ਭਗਤੀ-ਲਹਿਰ" ਦਾ ਸੁਭਾਵਿਕ ਨਤੀਜਾ ਹੈ। ਉਸ ਵੇਲੇ ਇਸਲਾਮ ਦਾ ਜੋਰ ਸੀ। ਇਸ ਕਰਕੇ ਇਸਲਾਮ ਦਾ ਅਸਰ ਵੀ ਸਾਫ ਦਿਸਦਾ ਹੈ। ਇਸਦੇ ਇਲਾਵਾ ਉਸ ਵਕਤ "ਜੋਗੀ-ਮੱਤ" ਆਪਣੇ ਉਠਾਵ ਤੇ ਸੀ। ਉਸਦਾ ਜਿਕਰ ਵੀ ਖੰਡਨ ਕਰਦੇ ਹੋਏ ਕੀਤਾ ਗਿਆ ਹੈ।

ਗੁਰਬਾਣੀ ਵਿੱਚ ਹਿੰਦੂ ਧਰਮ ਦੀ ਪ੍ਰਚਲਿਤ ਕਥਾ-ਕਹਾਣੀਆਂ ਨੂੰ ਖੂਬ ਇਸਤੇਮਾਲ ਕੀਤਾ ਗਿਆ ਹੈ। ਇੱਕ ਉਦਾਹਰਣ ਪੇਸ਼ ਹੈ:-

ਮਾਰੂ ਮਹੱਲਾ 9

ਹਰਿ ਕੋ ਨਾਮ ਸਦਾ ਸੁਖਦਾਈ।।
ਜਾ ਕਉ ਸਿਮਰਿ ਅਜਾਮਲ ਉਧਰਿਓ
ਗਨਿਕਾ ਹੂ ਗਤਿ ਪਾਈ।।
ਪੰਚਾਲੀ ਕਉ ਰਾਜਸਭਾ ਮਹਿ
ਰਾਮ ਨਾਮ ਸੁਧਿ ਆਈ।।
ਤਾ ਕੋ ਦੂਖੁ ਹਰਿਓ ਕਰੁਣਾ ਮੈ
ਅਪਨੀ ਪੈਜ ਬਢਾਈ।।
ਜਿਹ ਨਰ ਜਸੁ ਕਿਰਪਾ ਨਿਧਿ ਗਾਇਓ
ਤਾ ਕਉ ਭਇਓ ਸਹਾਈ।।
ਕਹਿ ਨਾਨਕ ਮੈਂ ਇਹੀ ਭਰੋਸੇ

ਇਸ ਵਿੱਚ ਹਿੰਦੂ-ਮਿਥਿਹਾਸ (ਅਜਾਮਲ ਦਾ ਮਰਣ ਵੇਲੇ ਆਪਣੇ ਪੁੱਤ ਦਾ ਨਾਂ "ਨਾਰਾਇਣ-ਨਾਰਾਇਣ" ਕਹਿਣ ਦੇ ਨਾਲ ਸੁਰਗ ਮਿਲ ਜਾਣਾ, ਅਤੇ ਪਾਂਚਾਲੀ (ਦ੍ਰੋਪਤੀ) ਦੇ ਚੀਰ-ਹਰਣ ਵੇਲੇ ਭਗਵਾਨ ਦਾ ਨਾਮ ਲੈਣ ਨਾਲ ਕਪੜਾ ਵਧਦੇ ਜਾਣ ਦਾ ਚਮਤਕਾਰ) ਨੂੰ ਸੱਚ ਮੰਨ ਕੇ ਇਸਤੇਮਾਲ ਕੀਤਾ ਗਿਆ ਹੈ। ਉਪਰੋਕਤ ਉਦਾਹਰਣ ਦਿੰਦੇ ਹੋਏ ਸਿੱਟਾ ਕੱਢਿਆ ਗਿਆ ਹੈ ਕਿ ਪ੍ਰਭੂ ਦੀ ਸ਼ਰਣ ਆਓ, ਉਸਦੇ ਨਾਮ ਦਾ ਜਾਪ ਕਰੋ। "ਨਾਨਕ ਥਿਰੁ ਹਰਿ ਭਗਤੀ ਹੈ, ਤਿਹ ਰਾਖੋ ਮਨ ਮਾਹੀ।" ਗੁਰਬਾਣੀ ਇਸ ਸੰਸਾਰ ਨੂੰ ਝੂਠ ਮੰਨਦੀ ਹੈ ਅਤੇ ਹਰਿ-ਭਜਨ ਦੀ ਗੱਲ ਕਰਦੀ ਹੈ:-

"ਜਗ ਰਚਨਾ ਸਭ ਝੂਠ ਹੈ, ਜਾਨਿ ਲੇਹੁ ਰੇ ਮੀਤ"

ਨਾਨਕ ਕਹਤ ਜਗਤ ਸਭ ਮਿਥਿਆ,

ਜਿਉ ਸੁਪਨਾ ਰੈਨਾਈ"

ਇਹ ਪ੍ਰਭੁ-ਸਿਮਰਨ ਤੇ ਜੋਰ ਪਾਉਂਦੀ ਹੈ:-

ਰਾਮੁ ਸਿਮਰਿ, ਰਾਮੁ ਸਿਮਰਿ, ਇਹੈ ਤੇਰੈ ਕਾਜ ਹੈ।।

ਮਾਇਆ ਕੋ ਸੰਗ ਤਿਆਗੁ, ਪ੍ਰਭੁ ਜੂ ਕੀ ਸਰਨਿ ਲਾਗੁ।।

ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ

ਕਹਿ ਨਾਨਕ ਬਿਨੁ ਹਰਿ ਭਜਨ, ਜੀਵਨ ਕਉਨੇ ਕਾਮ"

ਗੁਰਬਾਣੀ "ਭਗਤੀ-ਲਹਿਰ" ਦੇ ਕੇਂਦਰੀ ਭਾਵ "ਭਗਤੀ" ਤੇ ਅਧਾਰਿਤ ਹੈ। ਇੱਥੇ ਕੋਈ ਰੂਪਕ (metaphor ਜਾਂ simile) ਦੀ ਗੁੰਜਾਇਸ਼ ਨਹੀਂ ਹੈ। ਇਸ ਕਰਕੇ ਮਾਨਸਿਕ ਘੋਲ (mental gymnasium) ਕਰਦੇ ਹੋਏ ਇਸਦੀ ਕੋਈ ਨਿਵੇਕਲੀ ਵਿਆਖਿਆ ਕਰਨ ਦੀ ਲੋੜ ਨਹੀਂ ਹੈ। ਗੁਰਬਾਣੀ ਤੀਰਥ, ਇਸਨਾਨੁ, ਪਾਖੰਡ ਦੀ ਨਿਖੇਧੀ ਕਰਦਿਆਂ ਹੋਇਆਂ ਨਿਰਾਕਾਰ ਇਸ਼ਵਰ ਦੀ ਭਗਤੀ ਤੇ ਜੋਰ ਦਿੰਦੀ ਹੈ। ਇਸੇ ਕਾਰਨ ਕਬੀਰ, ਬਾਬਾ ਫਰੀਦ ਆਦੀ ਨਿਰਗੁਣ ਭਗਤੀ ਕਰਨ ਵਾਲਿਆਂ ਦੀਆਂ ਰਚਨਾਵਾਂ ਸ਼ਾਮਿਲ ਕੀਤੀ ਗਈ ਹਨ। ਇਹ ਮਾਨਵਵਾਦ (Humanism) ਦੇ ਨੇੜੇ ਜਾਪਦੀ ਹੈ, ਪਰੰਤੂ ਇਸਨੂੰ ਆਧੁਨਿਕ ਮਾਨਵਵਾਦ (Modern Humanism) ਨਹੀਂ ਕਿਹਾ ਜਾ ਸਕਦਾ, ਕਿਉਂਕਿ ਇਸ ਵਿੱਚ ਇਨਸਾਨੀਅਤ ਦੇ ਸੁਨੇਹੇ ਦੇ ਨਾਲ-ਨਾਲ ਅਤੀ-ਪ੍ਰਾਕ੍ਰਿਤਕ (Supernatural power) ਦਾ ਵਰਣਨ ਮਿਲਦਾ ਹੈ। ਪਰ ਇਸਨੂੰ ਮਾਨਵਵਾਦ ਦੀ ਸ਼ੁਰੁਆਤ(forerunner ਜਾਂ precursor) ਕਿਹਾ ਜਾ ਸਕਦਾ ਹੈ।

--- ਮਨੋਜ ਮਲਿਕ, ਚੰਡੀਗੜ੍ਹ

05/22/2020 at 8:54am

**Iqbal Singh Dhillon** In reply to ਮਨੋਜ ਮਲਿਕ (ਚੰਡੀਗੜ੍ਹ)

ਸ੍ਰੀ ਮਨੋਜ ਮਲਿਕ ਜੀ,

ਇਹ ਆਮ ਕਰਕੇ ਗਲਤ ਪਰਚਾਰਿਆ ਜਾਂਦਾ ਹੈ ਕਿ ਗੁਰਬਾਣੀ ਵਿਚ ਭਗਤੀ ਕਾਲ ਦੀਆਂ ਰਚਨਾਵਾਂ ਸ਼ਾਮਲ ਹਨ। ਅਸਲ ਵਿਚ ਗੁਰੂ ਨਾਨਕ ਜੀ ਨੇ ਭਗਤੀ ਕਾਲ ਤੋਂ ਅਗਲੇ ਪੜਾਅ ਦਾ ਅਰੰਭ ਕੀਤਾ ਸੀ ਅਤੇ ਉਹ ਸੀ ਤਰਕਸ਼ੀਲਤਾ, ਧਰਮ-ਨਿਰਪੇਖਤਾ ਅਤੇ ਮਾਨਵਵਾਦ ਦਾ ਪਸਾਰ ਕਰਨ ਦਾ। ਗੁਰਬਾਣੀ ਵਿਚ ਭਗਤੀ ਕਾਲ ਅਤੇ ਸੂਫੀ ਲਹਿਰ ਦੇ ਉਪਾਸ਼ਕਾਂ ਦੀਆਂ ਵੀ ਕਈ ਪਰੰਪਰਾਵਾਂ ਉੱਤੇ ਚੋਟ ਕੀਤੀ ਗਈ ਹੈ। ਗੁਰਬਾਣੀ ਵਿਚ ਰਚਨਾਵਾਂ ਸ਼ਾਮਲ ਕਰਨ ਦੀ ਕਸਵੱਟੀ ਕਿਸੇ ਵਿਸ਼ੇਸ਼ ਵੰਨਗੀ ਦਾ 'ਧਾਰਮਿਕ' ਵਿਹਾਰ ਅਤੇ ਜਾਂ ਫਿਰਕੂ ਪਰੰਪਰਾਵਾਂ ਨਹੀਂ ਸਨ।

ਇਕਬਾਲ ਸਿੰਘ ਢਿੱਲੋਂ, ਚੰਡੀਗੜ੍ਹ।

05/22/2020 at 3:47pm 1 Like

**ENG DARSHAN SINGH KHALSA. AUSTRALIA** In reply to ਮਨੋਜ ਮਲਿਕ (ਚੰਡੀਗੜ੍ਹ)

ਵੀਰ, ਮਨੋਜ ਮਲਿਕ ਜੀ, ਸਤਿ ਸ੍ਰੀ ਅਕਾਲ।

ਆਪ ਜੀ ਨੇ ਲ਼ਿਖਣਾ ਕੀਤਾ ਹੈ ਕਿ:-

" . . . ਗੁਰਬਾਣੀ ਸਮੇਤ ਦੁਨੀਆਂ ਦੀਆਂ ਸਾਰੀਆਂ ਕਿਤਾਬਾਂ ਆਪਣੇ ਸਮੇਂ ਦੇ ਲੋਕਾਂ ਨੇ ਲਿਖੀਆਂ ਹਨ। ਹਰੇਕ ਲਿਖਾਰੀ ਆਪਣੇ ਵਕਤ ਦੇ ਸਮਾਜ ਤੋਂ ਆਪਣੀ ਕਿਤਾਬ ਦਾ ਕਥਾਨਕ (plot) ਲੈਂਦਾ ਹੈ। ਕੋਈ ਵੀ ਕਿਤਾਬ ਆਸਮਾਨ ਤੋਂ ਨਹੀਂ ਆਈ ਹੈ। ਅਸੀਂ ਜਾਣਦੇ ਹਾਂ ਕਿ ਮਨੁੱਖ ਗਲਤੀਆਂ ਦਾ ਪੁਤਲਾ ਹੁੰਦਾ ਹੈ, ਮਨੁੱਖੀ-ਰਚਨਾ ਹੋਣ ਕਰਕੇ ਇਨ੍ਹਾਂ ਕਿਤਾਬਾਂ ਵਿੱਚ ਚੰਗੀਆਂ ਗੱਲਾਂ ਦੇ ਨਾਲ-ਨਾਲ ਗਲਤੀਆਂ ਵੀ ਹੋ ਸਕਦੀਆਂ ਹਨ। ਇਸ ਕਰਕੇ ਇਨ੍ਹਾਂ ਕਿਤਾਬਾਂ ਨੂੰ, ਜਿਨ੍ਹਾਂ ਨੂੰ ਆਦਰ-ਸਤਿਕਾਰ ਨਾਲ "ਪਵਿੱਤਰ-ਗ੍ਰੰਥ"(Holy Scriptures) ਕਿਹਾ ਜਾਂਦਾ ਹੈ, ਸਾਨੂੰ ਹਰ ਸਮੇਂ ਲਈ ਸੱਚ (Final Truth) ਅਤੇ ਦੋਸ਼-ਰਹਿਤ (Infallible) ਨਹੀਂ ਮੰਨਿਆ ਜਾਣਾ ਚਾਹੀਦਾ ਹੈ। . . "

" ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੇ॥ ਕਬੀਰ ਜੀ॥1350॥

. ਜਦ, ਪੁਰਾਤਨ ਲਿਖਤਾਂ ਵਿਚੋਂ ਕੁੱਝ ਮਨੁੱਖ ਦੀ ਸਮਝ ਵਿਚ ਨਹੀਂ ਆਉਂਦਾ, ਮਨੁੱਖ ਉਸ ਪਰ ਗਲਤ ਦਾ ਠੱਪਾ ਲਾ ਦੇਂਦਾ ਹੈ। ਸਮੇਂ ਸਥਾਨ ਦੇ ਅਨੁਸਾਰੀ ਕੋਈ ਲਿਖਾਰੀ/ਲੇਖਕ ਆਪਣੇ ਵਲੋਂ 100% ਸਹੀ ਜਾਣਕਾਰੀ ਮੁਹੱਈਆ ਕਰਾਉਣ ਦੀ ਕੋਸ਼ਿਸ ਕਰਦਾ ਹੈ। ਕਈ ਵਾਰ ਲੇਖਕ ਦਾ ਆਸ਼ਾ/ਮਕਸਦ ਸਾਡੀ ਪਕੜ ਵਿਚ ਨਾ ਆਉਂਣ ਕਰਕੇ ਭਰਮ-ਭੁਲੇਖੇ ਪੈਦਾ ਹੋ ਜਾਂਦੇ ਹਨ।

. ਅੱਜ ਦਾ ਮਨੁੱਖਾ-ਸਮਾਜ ਬੜੀ ਤੇਜ਼ੀ ਨਾਲ ਆਪਣੇ ਆਪ ਵਿਚ ਬਦਲਾਅ ਲਿਆ ਰਿਹਾ ਹੈ, ਭਾਵ ਮਨੁੱਖ ਬਦਲ ਰਿਹਾ ਹੈ। ਪਿਛਲੇ ਹਾਲਾਤਾਂ ਨੂੰ ਵੇਖਦੇ ਮਨੁੱਖ ਅੱਗੇ ਤੋਂ ਅੱਗੇ ਬਹੁਤ ਤਰੱਕੀ ਕਰ ਰਿਹਾ ਹੈ। ਅਨੇਕਾਂ ਖੇਤਰਾਂ ਵਿਚ ਤਰੱਕੀਆਂ ਕੀਤੀਆਂ ਹਨ।

. ਸਹੀ ਤੇ ਗਲਤ ਦਾ ਫੈਸਲਾ ਹਰ ਮਨੁੱਖ ਦਾ ਆਪਣਾ ਆਪਣਾ ਹੁੰਦਾ ਹੈ। ਮਨੁੱਖਾ ਸਮਾਜ ਵਿਚ ਕਈ ਵਾਰ ਗਲਤ ਨੂੰ ਸਹੀ ਅਤੇ ਸਹੀ ਨੂੰ ਗਲਤ ਗਰਦਾਨ ਦਿੱਤਾ ਜਾਂਦਾ ਹੈ। ਐਸਾ ਮਨੁੱਖਾ ਸਮਾਜ ਵਿਚ ਹੋ ਰਿਹਾ ਹੈ।

. ਬਹੁਤ ਹੱਦ ਤੱਕ ਤੁਹਾਡੇ ਵਿਚਾਰਾਂ ਨਾਲ ਸਹਿਮਤੀ ਹੈ।

. ਬਿਨਾਂ ਸ਼ੱਕ 'ਸਬਦ-ਗੁਰੂ ਗਰੰਥ ਅੰਦਰ 35 ਬਾਣੀਕਾਰਾਂ ਦੀ ਰਚਨਾਵਾਂ ਸ਼ਾਮਿਲ ਹਨ। ਪੰਜਵੇਂ ਸਤਿਗੁਰੂ ਗੁਰੂ ਅਰਜਨ ਸਾਹਿਬ ਜੀ ਨੇ ਬੜੀ ਦੂਰ ਦ੍ਰਿਸ਼ਟਾ ਨਾਲ ਬਾਣੀ/ਰਚਨਾਵਾਂ ਦੀ ਸੰਪਾਦਨਾ ਕਰਨਾ ਕੀਤਾ ਹੈ। ਹਾਂ! ਕਿਸੇ ਵਿਚਾਰ ਦੀ ਡੂੰਗਿਆਈ ਸਾਡੀ ਸਮਝ ਵਿਚ ਨਾ ਆਏ ਤਾਂ ਅਸੀਂ ਉਸ ਵਿਚਾਰ ਨੂੰ ਆਪਣੇ ਅਨੁਸਾਰੀ ਬਨਾਉਣ ਲਈ, ਉਸ ਵਿਚਾਰ ਨੂੰ ਗਲਤ ਨਹੀਂ ਗਰਦਾਨ ਸਕਦੇ।

. ਪਾਠਕ ਜਨਾਂ ਨੂੰ ਕਿਸੇ ਵੀ ਲਿਖਾਰੀ ਦੇ ਲਿਖਤ ਵਿਚ ਆਏ ਮਨੋ-ਭਾਵਾਂ ਦੀ ਪਕੜ ਕਰਨੀ ਸੌਖੀ ਨਹੀਂ ਹੁੰਦੀ ਕਿ ਲਿਖਾਰੀ ਨੇ ਕਿਸ ਡੂੰਗਿਆਈ ਵਿਚ ਜਾ ਕੇ ਆਪਣੀ ਰਚਨਾਵਾਂ ਨੂੰ ਸਾਰੰਜਾਮ ਦਿੱਤਾ ਹੁੰਦਾ ਹੈ। ਹਾਂ! ਕੇਵਲ ਲਿਖਾਰੀ ਹੀ ਆਪਣੀ ਲਿਖਤ ਬਾਰੇ ਖੁਲਾਸਾ ਕਰ ਸਕਦਾ ਹੈ ਕਿ ਉਸਨੇ ਕਿਸ ਭਾਵ ਨਾਲ ਆਪਣੇ ਵਿਚਾਰ ਲਿਖਤ ਵਿਚ ਲਿਆਉਂਣੇ ਕੀਤੇ ਹਨ।

. ਸਮੇਂ, ਸਥਾਨ, ਸਮਾਜ . . ਅਨੁਸਾਰ ਮਨੁੱਖੀ ਵਿਚਾਰਾਂ ਵਿਚ ਬਦਲਾਅ ਆਉਂਣਾ ਸੁਭਾਵਿੱਕ ਹੈ।

. ਧੰਨਵਾਧ

. ਇੰਜ ਦਰਸਨ ਸਿੰਘ ਖਾਲਸਾ

. ਅਸਟਰੇਲੀਆ

. 24 ਮਈ 2020

05/23/2020 at 8:02am 1 Like

**Makhan Singh Purewal**

(ਨੋਟ:- ਸ: ਜਰਨੈਲ ਸਿੰਘ ਅਸਟ੍ਰੇਲੀਆ ਨੇ ਅੱਜ ਇੱਕ ਸ਼ਬਦ ਦੇ ਅਰਥ ਕਰਕੇ ਇਸ ਵਿਸ਼ੇ ਨਾਲ ਸੰਬੰਧਿਤ ਆਪਣੇ ਵਿਚਾਰ ਇੱਕ ਲੇਖ ਵਿੱਚ ਭੇਜੇ ਹਨ ਜੋ ਕਿ ਹੇਠ ਲਿਖੇ ਲਿੰਕ ਤੇ ਕਲਿਕ ਕਰਕੇ ਪੜ੍ਹੇ ਜਾ ਸਕਦੇ ਹਨ-ਸੰਪਾਦਕ)

http://www.sikhmarg.com/2020/0522-so-bhooley.html

05/22/2020 at 9:36pm

**Makhan Singh Purewal**

ਅੱਜ ਮਈ 24, 2020 ਦੀ ਸ਼ਾਮ ਤੱਕ ਜਿਨ੍ਹਾਂ ਵੀ ਪਾਠਕਾਂ/ਲੇਖਕਾਂ ਨੇ ਆਪਣੇ ਵਿਚਾਰ ਦਿੱਤੇ ਹਨ ਉਨ੍ਹਾਂ ਸਾਰਿਆਂ ਦਾ ਧੰਨਵਾਦ। ਇਸ ਸਵਾਲ ਵਿੱਚ ਜਿਹੜੇ ਦੋ ਸ਼ਬਦਾਂ ਦਾ ਜ਼ਿਕਰ ਕੀਤਾ ਗਿਆ ਸੀ ਉਨ੍ਹਾਂ ਬਾਰੇ ਤਿੰਨ ਲੇਖਕਾਂ ਦੇ ਵਿਚਾਰ ਇਕ-ਇਕ ਸ਼ਬਦ ਬਾਰੇ ਆਏ ਹਨ। ਬਲਦੇਵ ਸਿੰਘ ਟੋਰਾਂਟੋ ਦੇ ਵਿਚਾਰ ਇਹ ਪੋਸਟ ਪਉਣ ਤੱਕ ਹਾਲੇ ਨਹੀਂ ਆਏ। ਇਸ ਲਈ ਇਸ ਸਵਾਲ ਬਾਰੇ ਵਿਚਾਰ ਹਾਲੇ ਘੱਟੋ-ਘੱਟ ਇੱਕ ਹਫਤਾ ਹੋਰ ਜਰੂਰ ਹੋਵੇਗੀ।
ਹਰਣਾਖਸੁ ਬਾਰੇ ਇੱਕ ਕਹਾਣੀ ਬਚਪਨ ਤੋਂ ਹੀ ਸੁਣਦੇ ਆ ਰਹੇ ਹਾਂ ਕਿ ਉਸ ਨੇ ਭਗਤੀ ਕਰਕੇ ਇੱਕ ਵਰ ਲਿਆ ਹੋਇਆ ਸੀ ਕਿ ਨਾ ਦਿਨੇ ਮਰਾਂ ਨਾ ਰਾਤ ਮਰਾਂ, ਨਾ ਅੰਦਰ ਮਰਾਂ ਨਾ ਬਾਹਰ ਮਰਾਂ, ਨਾ ਮਨੁੱਖ ਕੋਲੋਂ ਮਰਾਂ ਨਾ ਹਥਿਆਰ ਨਾਲ ਮਰਾਂ। ਰੱਬ ਦੇ ਨਾਮ ਦੀ ਥਾਂ ਤੇ ਇਸ ਨੇ ਆਪਣਾ ਹੀ ਨਾਮ ਜਪਾਉਣਾ ਸ਼ੁਰੂ ਕਰ ਦਿੱਤਾ ਸੀ। ਭਗਤ ਪ੍ਰਹਿਲਾਦ ਪ੍ਰਭੂ ਦਾ ਭਗਤ ਸੀ ਇਸ ਲਈ ਉਸ ਨੇ ਇਸ ਦਾ ਹੁਕਮ ਨਾ ਮੰਨਿਆਂ ਤਾਂ ਹਰਣਾਖਸੁ ਨੇ ਉਸ ਨੂੰ ਕਸ਼ਟ ਦੇਣੇ ਸ਼ੁਰੂ ਕਰ ਦਿੱਤੇ। ਪਹਿਲਾਂ ਤਾਂ ਲੋਹੇ ਦੇ ਥੰਮ ਨੂੰ ਤਪਾ ਕੇ ਉਸ ਨਾਲ ਜੱਫੀ ਪਉਣ ਨੂੰ ਕਿਹਾ ਗਿਆ। ਪ੍ਰਹਿਲਾਦ ਪਹਿਲਾਂ ਤਾਂ ਡਰ ਗਿਆ ਪਰ ਜਦੋਂ ਉਸ ਨੇ ਉਸ ਥੰਮ ਉਪਰ ਕੀੜੀ ਤੁਰਦੀ ਦੇਖੀ ਤਾਂ ਉਸ ਨੂੰ ਅਹਿਸਾਸ ਹੋਇਆ ਕਿ ਜਦੋਂ ਕੀੜੀ ਨਹੀਂ ਮਰੀ/ਸੜੀ ਤਾਂ ਮੈਨੂੰ ਵੀ ਕੁੱਝ ਨਹੀਂ ਹੋਣ ਲੱਗਾ। ਕਿਉਂਕਿ ਪ੍ਰਭੂ ਕੀੜੀ ਦਾ ਰੂਪ ਧਾਰਨ ਕਰਕੇ ਆਇਆ ਸੀ। ਇਸ ਬਾਰੇ ਇੱਕ ਧਾਰਨਾ ਵੀ ਪ੍ਰਚੱਲਤ ਸੀ ਕਿ, "ਪਾ ਲੈ ਤੱਤਿਆਂ ਥੰਮਾਂ ਨੂੰ ਜੱਫੀਆਂ, ਆਪੇ ਤੈਨੂੰ ਰਾਮ ਰੱਖ ਲਊ"। ਇਹ ਕੀੜੀ ਵਾਲੀ ਗੱਲ ਤਾਂ ਗੁਰਬਾਣੀ ਵਿੱਚ ਦਰਜ਼ ਨਹੀਂ ਹੈ ਪਰ ਥੰਮ ਦਾ ਜ਼ਿਕਰ ਜਰੂਰ ਆਇਆ ਹੈ। ਉਸ ਥੰਮ ਵਿਚੋਂ ਰੱਬ ਨੇ ਪ੍ਰਗਟ ਹੋ ਕਿ ਉਸ ਹਰਣਾਖਸੁ ਨੂੰ ਮਿਲੇ ਵਰ ਦੀਆਂ ਸ਼ਰਤਾਂ ਵੀ ਪੂਰੀਆਂ ਕਰ ਦਿੱਤੀਆਂ ਅਤੇ ਮੌਤ ਵੀ ਕਰ ਦਿੱਤੀ। ਪਹਿਲਾਂ ਪਹਿਲ ਸਾਨੂੰ ਇਹ ਕਹਾਣੀ ਸੱਚੀ ਲੱਗਦੀ ਸੀ। ਹੋ ਸਕਦਾ ਹੈ ਕਿ ਹਾਲੇ ਵੀ ਕਈਆਂ ਨੂੰ ਲਗਦੀ ਹੋਵੇ ਕਿਉਂਕਿ ਗੁਰਬਾਣੀ ਵਿੱਚ ਇਸ ਦਾ ਬਹੁਤ ਵਾਰੀ ਜ਼ਿਕਰ ਆਇਆ ਹੈ।
ਹੁਣ ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਜਿਸ ਰੱਬ ਜੀ ਦੀ ਵਿਆਖਿਆ ਗੁਰਬਾਣੀ ਦੇ ਮੁੱਢ ਵਿੱਚ ਹੀ ਕਰ ਦਿੱਤੀ ਗਈ ਸੀ ਅਤੇ ਗੁਰੂ ਅਰਜਨ ਦੇਵ ਜੀ ਨੇ ਬਹੁਤ ਹੀ ਸਖ਼ਤ ਸ਼ਬਦਾਂ ਵਿੱਚ ਕਿਹਾ ਹੈ ਕਿ ਉਹ ਮੂੰਹ ਸੜ ਕਿਉਂ ਨਾ ਜਾਵੇ ਜਿਹੜਾ ਇਹ

ਕਹਿੰਦਾ ਹੈ ਕਿ ਰੱਬ ਜੀ ਜੂਨਾ ਵਿੱਚ ਆਉਂਦੇ ਹਨ, ਭਾਵ ਕਿ ਸਰੀਰ ਧਾਰੀ ਵੀ ਹੋ ਸਕਦੇ ਹਨ। ਸੋ ਇਹ ਕਹਾਣੀ ਨਿਰੀ ਝੂਠੀ ਅਤੇ ਮਿਥਿਹਾਸਕ ਹੈ। ਪਾਤਰ ਭਾਵੇਂ ਇਸ ਦੇ ਇਤਿਹਾਸਕ ਹੋਣ। ਇਸ ਸ਼ਬਦ ਵਿਚੋਂ ਇਹੀ ਸਿੱਖਿਆ ਮਿਲਦੀ ਹੈ ਕਿ ਮੌਤ ਤੋਂ ਕੋਈ ਵੀ ਬਚ ਨਹੀਂ ਸਕਦਾ ਇਸ ਲਈ ਹੰਕਾਰੀ ਹੋ ਕਿ ਦੂਸਰਿਆਂ ਤੇ ਜ਼ੁਲਮ ਨਹੀਂ ਕਰਨੇ ਚਾਹੀਦੇ। ਗੁਰਬਾਣੀ ਵਿੱਚ ਆਈਆਂ ਮਿਥਿਹਾਸਕ ਘਟਨਾਮਾਂ, ਕਹਾਣੀਆਂ ਜਾਂ ਤਰਜੀਹਾਂ ਨੂੰ ਅਸੀਂ ਗਲਤੀਆਂ ਨਹੀਂ ਕਹਿ ਸਕਦੇ ਕਿ ਗੁਰੂ ਜੀ ਨੇ ਕੋਈ ਗਲਤੀਆਂ ਕੀਤੀਆਂ ਹੋਣਗੀਆਂ। ਅਤੇ ਨਾ ਹੀ ਇਹ ਕਹਿਣਾ ਚਾਹੀਦਾ ਹੈ ਕਿ ਗੁਰਬਾਣੀ ਅੱਖਰ-ਅੱਖਰ ਸੱਚ ਹੈ ਜਾਂ ਗੁਰਬਾਣੀ ਉਥੋਂ ਸ਼ੁਰੂ ਹੁੰਦੀ ਹੈ ਜਿੱਥੇ ਸਾਇੰਸ ਮੁੱਕ ਜਾਂਦੀ ਹੈ। ਗੁਰਬਾਣੀ ਕਵਿਤਾ ਵਿੱਚ ਹੋਣ ਕਰਕੇ ਲੋਕਾਈ ਨੂੰ ਇਨ੍ਹਾਂ ਮਿਥਿਹਾਸਕ ਕਹਾਣੀਆਂ ਨਾਲ ਸਮਝਾਉਣ ਦਾ ਉਨ੍ਹਾਂ ਦਾ ਕੋਈ ਮਕਸਦ ਹੋ ਸਕਦਾ ਹੈ। ਇਹ ਤਾਂ ਹੋ ਨਹੀਂ ਸਕਦਾ ਕਿ ਖੁਦ ਆਪ ਹੀ ਗੁਰਬਾਣੀ ਦੇ ਮੁੱਢਲੇ ਸਿਧਾਂਤ ਦਾ ਭਾਵ ਕਿ ਮੂਲ ਮੰਤ੍ਰ ਵਿੱਚ ਦੱਸੇ ਗਏ ਗੁਰਮਤਿ ਦੇ ਰੱਬ ਦਾ ਖੰਡਨ ਕਰੀ ਜਾਣ।

**(ਨੋਟ:- ਇੰਜ: ਦਰਸ਼ਨ ਸਿੰਘ ਖਾਲਸਾ ਨੇ ਇੱਕ ਸ਼ਬਦ ਦੇ ਅਰਥ ਕਰਕੇ ਭੇਜੇ ਹਨ ਜੋ ਕਿ ਹੇਠ ਲਿਖੇ ਲਿੰਕ ਤੇ ਕਲਿਕ ਕਰਕੇ ਪੜ੍ਹੇ ਜਾ ਸਕਦੇ ਹਨ-ਸੰਪਾਦਕ)**

http://www.sikhmarg.com/2020/0524-karta-aap.html

05/24/2020 at 4:55pm

**Iqbal Singh Dhillon** In reply to Makhan Singh Purewal

ਮਾਨਯੋਗ ਸੰਪਾਦਕ ਜੀ,

ਆਪ ਜੀ ਆਪਣੀ ਇਸ ਪੋਸਟ ਵਿਚ 'ਗੁਰਮਤਿ ਦਾ ਰੱਬ' ਵਾਲੇ ਸੰਕਲਪ ਨੂੰ ਮਾਨਤਾ ਦੇਂਦੇ ਹੋਏ ਨਜ਼ਰ ਆਉਂਦੇ ਹੋ। ਮੈਂ ਇਹ ਸਮਝਦਾ ਹਾਂ ਕਿ ਇਹ ਮਾਨਤਾ ਤੁਹਾਡੀ ਆਪਣੀ ਨਿਜੀ ਰਾਇ ਹੈ ਨਾ ਕਿ ਏਥੇ 'ਰੱਬ ਦੀ ਹੋਂਦ' ਵਾਲੇ ਵਿਸ਼ੇ ਉੱਤੇ ਪਹਿਲਾਂ ਹੋਈ ਵਿਚਾਰ-ਚਰਚਾ ਦਾ ਨਿਰਨਾ।

ਇਕਬਾਲ ਸਿੰਘ ਢਿੱਲੋਂ, ਚੰਡੀਗੜ੍ਹ।

05/26/2020 at 7:18pm



**ਮਨੋਜ ਮਲਿਕ (ਚੰਡੀਗੜ੍ਹ)**

ਵੀਰ, ਇੰਜ ਦਰਸਨ ਸਿੰਘ ਖਾਲਸਾ

(ਅਸਟਰੇਲੀਆ) ਸਚ ਸ੍ਰੀ ਅਕਾਲ ਜੀ।

ਤੁਹਾਡੇ ਬੇਸ਼ਕੀਮਤੀ ਪ੍ਰਤੀਕਰਮ ਲਈ ਧੰਨਵਾਦ।

ਤੁਸੀਂ ਕਿਹਾ ਕਿ // "ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥ ਕਬੀਰ ਜੀ॥1350॥

ਕਈ ਵਾਰ ਲੇਖਕ ਦਾ ਆਸ਼ਾ/ਮਕਸਦ ਸਾਡੀ ਪਕੜ ਵਿਚ ਨਾ ਆਉਂਣ ਕਰਕੇ ਭਰਮ-ਭੁਲੇਖੇ ਪੈਦਾ ਹੋ ਜਾਂਦੇ ਹਨ।... ਸਹੀ ਤੇ ਗਲਤ ਦਾ ਫੈਸਲਾ ਹਰ ਮਨੁੱਖ ਦਾ ਆਪਣਾ ਆਪਣਾ ਹੁੰਦਾ ਹੈ।... ਕਿਸੇ ਵਿਚਾਰ ਦੀ ਡੂੰਗਿਆਈ ਸਾਡੀ ਸਮਝ ਵਿਚ ਨਾ ਆਏ ਤਾਂ ਅਸੀਂ ਉਸ ਵਿਚਾਰ ਨੂੰ ਆਪਣੇ ਅਨੁਸਾਰੀ ਬਨਾਉਣ ਲਈ, ਉਸ ਵਿਚਾਰ ਨੂੰ ਗਲਤ ਨਹੀਂ ਗਰਦਾਨ ਸਕਦੇ।"//

ਤੁਸੀਂ ਸਹੀ ਕਿਹਾ ਕਿ ਲਿਖਾਰੀ ਦੀ ਕੋਸ਼ਿਸ਼ 100% ਸਹੀ ਜਾਣਕਾਰੀ ਮੁਹੱਈਆ ਕਰਾਉਣ ਦੀ ਹੁੰਦੀ ਹੈ। ਇਹ ਵੀ ਹੋ

ਸਕਦਾ ਹੈ ਕਿ ਕਿਸੇ ਬੰਦੇ ਨੂੰ ਕੋਈ ਕਿਤਾਬ ਸਮਝਣ ਬਾਰੇ ਗਲਤੀ ਹੋ ਜਾਵੇ, ਪਰ ਇਹ ਨਹੀਂ ਹੋ ਸਕਦਾ ਕਿ ਦੁਨੀਆਂ ਦੇ ਜਿਆਦਾਤਰ ਵਿਦਵਾਨ, ਬੁਧੀਜੀਵੀ ਉਸ ਗੱਲ ਨੂੰ ਰੱਦ ਕਰ ਦੇਣ। ਇਹ ਵੀ ਹੋ ਸਕਦਾ ਹੈ ਕਿ ਉਹ ਕਿਤਾਬ ਵਿਗਿਆਨ ਦੀ ਕਸਵੱਟੀ ਤੇ ਖਰੀ ਨਾ ਉਤਰ ਸਕੇ। ਵੇਦ, ਮਨੂਸਮ੍ਰਤੀ ਵਿੱਚ ਦਰਜ ਵਰਣ-ਵਿਵਸਥਾ ਅੱਜ ਪੂਰੀ ਤਰ੍ਹਾਂ ਅਮਾਨਵੀ ਅਤੇ ਗਲਤ ਸਾਬਤ ਹੋ ਚੁੱਕੀ ਹੈ। ਕੁਰਾਨ ਪਤੀ ਨੂੰ ਪਤਨੀ ਦੀ ਪਿਟਾਈ ਕਰਨ ਦੀ ਇਜਾਜ਼ਤ ਦਿੰਦੀ ਹੈ(4:34) ਇਸੇ ਤਰ੍ਹਾਂ ਬਾਈਬਲ ਅਤੇ ਕੁਰਾਨ ਵਿੱਚ ਦੱਸਿਆ ਗਿਆ ਹੈ ਕਿ ਪ੍ਰਿਥਵੀ ਚਪਟੀ ਹੈ, ਇਸੇ ਕਾਰਨ ਜਦੋਂ ਕੋਪਰਨਿਕਸ, ਬਰੂਨੋ, ਗੈਲੀਲਿਓ ਆਦੀ ਨੇ ਸਬੂਤ ਪੇਸ਼ ਕਰਕੇ ਕਿਹਾ ਕਿ ਪ੍ਰਿਥਵੀ ਗੋਲ ਹੈ ਅਤੇ ਸੂਰਜ ਦੇ ਆਲੇ-ਦੁਆਲੇ ਘੁੰਮਦੀ ਹੈ, ਤਾਂ ਉਨ੍ਹਾਂ ਨੂੰ ਚਰਚ ਦੇ ਗੁੱਸੇ ਦਾ ਸਾਹਮਣਾ ਕਰਨਾ ਪਿਆ। ਅੱਜ ਇਹ ਪੂਰੀ ਤਰ੍ਹਾਂ ਸਾਬਿਰ ਹੋ ਚੁੱਕਿਆ ਹੈ। ਚਰਚਾ ਨੇ ਮਾਫੀ ਵੀ ਮੰਗ ਲਈ ਹੈ। ਇਸ ਕਰਕੇ ਆਪ ਜੀ ਦਾ ਪੇਸ਼ ਕੀਤਾ ਕਬੀਰ ਜੀ ਦਾ ਕਥਨ (ਪੰਨਾ 1350) ਗਲਤ ਸਾਬਤ ਹੋ ਜਾਂਦਾ ਹੈ। ਕਿਉਂਕਿ ਕਬੀਰ ਜੀ ਉੱਘੇ ਕਵੀ ਅਤੇ ਸੰਤ ਹੋਣ ਦੇ ਬਾਵਜੂਦ ਆਖਰਕਾਰ ਇੱਕ ਮਨੁੱਖ ਸੀ।

ਕਿੰਨੀ ਹੈਰਾਨੀ ਦੀ ਗੱਲ ਹੈ ਕਿ ਸਾਨੂੰ ਮੋਬਾਈਲ ਨਵੀਂ ਤਕਨੀਕ ਦਾ, ਨਵੇਂ ਮਾਡਲ ਦਾ (Latest) ਚਾਹੀਦਾ, ਇਲਾਜ ਕਰਨ ਦਾ ਤਰੀਕਾ ਵੀ ਨਵਾਂ ਤੋਂ ਨਵਾਂ ਚਾਹੀਦਾ ਹੈ। ਜਿੰਦਗੀ ਦੇ ਹਰ ਖੇਤਰ ਵਿੱਚ ਅਸੀਂ ਨਵੀਆਂ ਤਕਨੀਕਾਂ ਦਾ ਇਸਤੇਮਾਲ ਕਰਨਾ ਚਾਹੁੰਦੇ ਹਾਂ, ਪਰੰਤੂ ਰਿਲੀਜਨ ਬਾਰੇ ਅਸੀਂ ਪੁਰਾਣੇ ਵਿਚਾਰਾਂ ਦੇ, ਲਕੀਰ ਦੇ ਫਕੀਰ, ਹੀ ਬਣੇ ਰਹਿਣਾ ਚਾਹੁੰਦੇ ਹਾਂ। ਸਾਰੇ ਧਰਮ (religion) ਆਪਣੇ ਰੁਕੇ ਗਿਆਨ (static knowledge) ਨਾਲ ਚਿੰਬੜੇ ਹੋਏ ਹਨ। ਸਾਰੇ ਆਪਣੇ-ਆਪਣੇ "ਧਰਮ-ਗ੍ਰੰਥ" ਅਖਵਾਉਂਦੀ ਕਿਤਾਬਾਂ ਨੂੰ ਸਰਬ-ਸ੍ਰੇਸ਼ਟ ਅਤੇ ਦੋਸ਼-ਰਹਿਤ (infallible) ਮੰਨਦੇ ਹਨ। ਇਹੋ ਅਸਲੀ ਮਰਜ ਹੈ। ਇਸ ਕਰਕੇ ਉਹ ਕੁਝ ਨਵਾਂ ਜਾਨਣ ਦੀ ਕੋਸ਼ਿਸ਼ ਨਹੀਂ ਕਰਦੇ, ਕਿਉਂਕਿ ਉਹ ਮੰਨਦੇ ਹਨ ਕਿ ਸਚ ਉਨ੍ਹਾਂ ਦੇ ਕੋਲ਼ ਹੈ। ਫੇਰ ਮਗਜਮਾਰੀ ਦੀ ਕੀ ਲੋੜ ਹੈ। ਸਾਨੂੰ ਬੁਧੀ ਅਤੇ ਗਿਆਨ-ਵਿਗਿਆਨ ਦਾ ਇਸਤੇਮਾਲ ਇਸ ਪਾਸੇ ਵੀ ਕਰਨਾ ਚਾਹੀਦਾ ਅਤੇ ਆਪਣੇ ਮਜਹਬਾਂ ਨੂੰ ਨਵੇਂ ਜਮਾਨੇ ਮੁਤਾਬਕ ਚੰਗੇਰਾ ਬਣਾਉਣਾ ਚਾਹੀਦਾ ਹੈ।

ਇੱਕ ਬਾਰ ਫੇਰ ਤੁਹਾਡਾ ਧੰਨਵਾਦ।

--- ਮਨੋਜ ਮਲਿਕ, ਚੰਡੀਗੜ੍ਹ।

05/29/2020 at 8:40am 1 Like

**Jarnail Singh**

ਮਨੋਜ਼ ਮਲਿਕ ਜੀ

ਤੁਸੀਂ ਆਪਣੀ 22/05/2020 ਦੀ ਪੋਸਟ ਵਿੱਚ ਗੁਰ ਤੇਗ ਬਹਾਦਰ ਸਾਹਿਬ ਦੇ ਰਾਗ ਮਾਰੂ ਵਿੱਚੋਂ ਇੱਕ ਸ਼ਬਦ ਦਾ ਵੇਰਵਾ ਦੇ ਕੇ ਇਹ ਨਤੀਜਾ ਕੱਢਿਆ ਹੈ ਕਿ ਗੁਰਬਾਣੀ ਚਮਤਕਾਰ ਨੂੰ ਮਾਨਤਾ ਦਿੰਦੀ ਹੈ ਤੁਹਾਡੇ ਕਹਿਣ ਅਨੁਸਾਰ ਗੁਰਬਾਣੀ ਨੇ “ਅਜਾਮਲ ਦਾ ਮਰਣ ਵੇਲੇ ਆਪਣੇ ਪੁਤ ਦਾ ਨਾਂ “ਨਾਰਾਇਣ-ਨਾਰਾਇਣ” ਕਹਿਣ ਨਾਲ ਸੁਰਗ ਮਿਲ ਜਾਣਾ ਅਤੇ ਪੰਚਾਲੀ (ਦ੍ਰੋਪਦੀ) ਦੇ ਚੀਰਹਰਣ ਵੇਲੇ ਭਗਵਾਨ ਦਾ ਨਾਮ ਲੈਣ ਨਾਲ ਕਪੜਾ ਵਧਦਾ ਜਾਣ ਦਾ ਚਮਤਕਾਰ ਨੂੰ ਸੱਚ ਮੰਨ ਕੇ ਇਸਤੇਮਾਲ ਕੀਤਾ ਗਿਆ ਹੈ”।ਤੁਸੀਂ ਸਾਹਿਤ ਦੇ ਵੀ ਰਸੀਏ ਲਗਦੇ ਹੋ।ਕੀ ਸਾਹਿਤ ਨੂੰ ਸਮਝਣ ਲਈ ਕਿਸੇ ਵੀ ਰਚਨਾ ਦੇ ਅੱਖਰੀ ਅਰਥ ਕਰਨੇ ਜ਼ਾਇਜ਼ ਨੇ।ਤੁਸੀਂ ਪ੍ਰੋ ਮੋਹਨ ਸਿੰਘ ਦੀ ਇੱਕ ਕਵਿਤਾ ਦਾ ਵੀ ਆਪਣੀ ਇੱਕ ਹੋਰ ਪੋਸਟ ਵਿੱਚ ਇਸਤੇਮਾਲ ਕੀਤਾ ਹੈ।ਜਿਹੜੀ ਕਵਿਤਾ ਤੁਸੀਂ ਆਪਣੀ ਪੋਸਟ ਵਿੱਚ ਕੋਟ ਕੀਤੀ ਹੈ ਉਸ ਵਿੱਚ ਉਹ ਰੱਬ ਨੂੰ ਕਹਿੰਦੇ ਨੇ ਕਿ “ ਜੇ ਤੂੰ ਮੂੰਹ ਤੋਂ ਜ਼ੁਲਫਾਂ ਹਟਾਂ ਦੇਵੇਂ”।ਤੁਸੀ ਪ੍ਰੋ ਮੋਹਨ ਸਿੰਘ ਦੀ ਇਸ ਕਵਿਤਾ ਨਾਲ ਸਹਿਮਤ ਜਾਪਦੇ ਹੋ।ਕੀ ਤੁਹਾਡੇ ਖਿਆਲ

ਵਿੱਚ ਰੱਬ ਦੀਆਂ ਜ਼ੁਲਫਾ ਹੁੰਦੀਆਂ ਹਨ।ਕੀ ਤੁਸੀਂ ਕਦੀ ਇਹ ਸਮਝਣ ਦੀ ਕੋਸ਼ਿਸ ਕੀਤੀ ਹੈ ਕਿ ਗੁਰ ਤੇਗ ਬਹਾਦਰ ਸਾਹਿਬ ਪੰਚਾਲੀ ਤੋਂ ਕ੍ਰਿਸ਼ਨ ਦੀ ਜਗ੍ਹਾ ਰਾਮ ਨਾਮ ਦਾ ਸਿਮਰਣ ਕਿਉਂ ਕਰਾ ਰਹੇ ਨੇ।ਕੀ ਤੁਸੀਂ ਕਦੀ ਇਸ ਸਮਝਣ ਦੀ ਕੋਸ਼ਿਸ਼ ਕੀਤੀ ਹੈ ਕਿ ਗੁਰਬਾਣੀ ਵਿੱਚ ਸੁਰਗ ਕਿਸ ਨੂੰ ਕਿਹਾ ਗਿਆ ਹੈ।

ਧੰਨਵਾਦ ਸਹਿਤ

ਜਰਨੈਲ ਸਿੰਘ

05/29/2020 at 6:07pm

**Makhan Singh Purewal**

ਨੋਟ: ਸ: ਜਰਨੈਲ ਸਿੰਘ ਅਸਟ੍ਰੇਲੀਆ ਨੇ ਅੱਜ 29 ਮਈ ਨੂੰ, 'ਮੇਰੀ ਪਟੀਆ ਲਿਖਹੁ ਹਰਿ ਗੋਵਿੰਦ ਗੋਪਾਲਾ' ਸ਼ਬਦ ਦੇ ਅਰਥ ਕਰਕੇ ਆਪਣੇ ਵਿਚਾਰ ਭੇਜੇ ਸਨ ਜੋ ਕਿ ਹੇਠ ਲਿਖੇ ਲਿੰਕ ਤੇ ਕਲਿਕ ਕਰਕੇ ਪੜ੍ਹੇ ਜਾ ਸਕਦੇ ਹਨ।

http://www.sikhmarg.com/2020/0529-gobind-gopala.html

ਇਸੇ ਸ਼ਬਦ ਦੇ ਅਰਥ ਬਲਦੇਵ ਸਿੰਘ ਟੋਰਾਂਟੋ ਦੇ ਅੱਜ ਤੋਂ ਤਕਰੀਬਨ 10 ਸਾਲ ਪਹਿਲਾਂ ਦੇ ਕੀਤੇ ਹੇਠ ਲਿਖੇ ਲਿੰਕ ਤੇ ਪੜ੍ਹੇ ਜਾ ਸਕਦੇ ਹਨ।

http://www.sikhmarg.com/2010/0131-mayre-patya.html

05/29/2020 at 7:46pm

**Baldev Singh Norway**

ਇਹ ਸਹੀ ਹੈ ਕਿ ਗੁਰਬਾਣੀ ਅੰਦਰ ਪ੍ਰਚੱਲਤ ਮਿਥਿਹਾਸਕ ਕਹਾਣੀਆਂ ਨੂੰ ਉਦਾਹਰਣ ਦੇ ਤੌਰ ਤੇ ਵਰਤਿਆ ਗਿਆ ਹੈ।
ਪਰ ਸਮਝਣ ਵਾਲੀ ਬਾਤ ਇਹ ਹੈ ਕਿ ਉਦਾਹਰਣ ਸਿਰਫ ਉਦਾਹਰਣ ਹੁੰਦੀ ਹੈ ਅਤੇ ਉਦਾਹਰਣ ਕੇਵਲ ਸਿਧਾਂਤ ਨੂੰ ਸਮਝਣ ਵਾਸਤੇ ਹੁੰਦੀ ਹੈ,
ਉਦਾਹਰਣ ਆਪਣੇ-ਆਪ ਵਿਚ ਕਦੇ ਸਿਧਾਂਤ ਨਹੀਂ ਹੁੰਦੀ।
ਧੰਨਵਾਦ

05/30/2020 at 12:30am

**ENG DARSHAN SINGH KHALSA. AUSTRALIA**

ਵੀਰ, ਮਨੋਜ ਮਲਿਕ ਜੀ,

ਸਤਿ ਸ੍ਰੀ ਅਕਾਲ।

. ਆਦਿ, ਜੁਗਾਦਿ, ਅਤੇ ਅੱਜ ਦੇ ਸਮੇਂ ਤੱਕ ਮਨੁੱਖਾ ਜੀਵਨ ਵਿਚ ਬੇਸ਼ੁਮਾਰ ਬਦਲਾਅ ਆਏ ਹਨ ਅਤੇ ਆਉਂਣ ਵਾਲੇ ਭਵਿੱਖ ਵਿਚ ਆਉਂਦੇ ਰਹਿਣਗੇ, ਤਰੱਕੀਆਂ ਹੋਈਆਂ . . ਹੁੰਦੀਆਂ ਰਹਿਣਗੀਆਂ।

. ਇਸ ਦਾ ਮਤਲਭ ਇਹ ਨਹੀਂ ਕਿ ਸਾਡੇ ਪੂਰਵਜ਼ਾਂ ਨੇ ਜੋ ਜੀਵਨ ਜਿਉਂਣਾ ਕੀਤਾ ਉਹ ਗ਼ਲਤ ਸੀ. . . . . ਜਾਂ ਉਹਨਾਂ ਜੋ ਵਿਰਸੇ ਵਿਚ ਸਾਨੂੰ ਦੇਣਾ ਕੀਤਾ ਉਹ ਗ਼ਲਤ ਹੈ।

. ਸਮੇਂ ਸਥਾਨ ਅਨੁਸਾਰੀ ਮਨੁੱਖ ਜੋ ਕਰਦਾ ਹੈ, . . . ਸਹੀ ਕਰਦਾ ਹੈ।

. 100-150 ਸਾਲ ਬਾਆਦ ਮਨੁੱਖ ਆਪਣੀਆਂ ਲੋੜਾਂ ਪੂਰਤੀਆਂ ਦੀਆਂ ਨਵੀਆਂ ਤਕਨੀਕਾਂ ਇਜ਼ਾਦ ਕਰ ਲੈਂਦਾ ਹੈ। ਤਾਂ . . . ਇਸਦਾ ਮਤਲਭ ਇਹ ਨਹੀਂ ਕੀ ਪਹਿਲਾਂ ਇਜ਼ਾਦ ਕੀਤੀਆਂ ਤਕਨੀਕਾਂ ਗ਼ਲਤ ਸਨ।

. ਜਦ ਲੋਕ ਧਰਤੀ ਨੂੰ ਚਪਟੀ ਕਹਿੰਦੇ ਸਨ . . ਉਹਨਾਂ ਦੇ ਪਾਸ ਇਤਨੀ ਹੀ ਜਾਣਕਾਰੀ ਸੀ। ਸੋ, ਸਾਂਝੀ ਕਰਨੀ ਕੀਤੀ। ਲੋਕਾਂ ਨੂੰ ਇਨਾ ਗਿਆਨ ਵੀ ਨਹੀਂ ਸੀ ਕਿ ਚੰਦਰ ਗ੍ਰਹਿਣ ਵੇਲੇ ਚੰਦਰਮਾ ਵਲ ਵੇਖ ਕਿ ਜਾਣ ਲੈਂਦੇ ਕਿ ਧਰਤੀ ਦੀ ਛਾਇਆ ਤਾਂ ਗੋਲ ਹੈ। ਗਿਆਨ ਨਹੀਂ ਸੀ। ਪਰ . ਸਮਾਂ ਪਾ ਕੇ ਮਨੁੱਖ ਨੂੰ ਗਿਆਨ ਹੋ ਗਿਆ ਤਾਂ ਮੰਨ ਲਿਆ ਕਿ ਧਰਤੀ ਗੋਲ ਹੈ।

ਸਹੀ ਅਤੇ ਗਲਤ ਦਾ ਲੇਬਲ ਤਾਂ ਅਸੀਂ ਲਾਉਂਣਾ ਕਰਦੇ ਹਾਂ। ਕੋਈ ਮਨੁੱਖ ਗਲਤ ਨਹੀਂ ਹੁੰਦਾ। ਸਾਰੇ ਮਨੁੱਖ ਹਰ ਖੇਤਰ ਵਿਚ ਮਾਸਟਰ ਨਹੀਂ ਹੁੰਦੇ। ਕਈਆਂ ਕੋਲ ਜਾਣਕਾਰੀ ਹੁੰਦੀ ਹੈ ਅਤੇ ਕਈ ਵਾਰ ਕਈਆਂ ਨੂੰ ਤਾਂ ਕੋਈ ਇਲਮ ਹੀ ਨਹੀਂ ਹੁੰਦਾ। ਬਜ਼ੁੱਰਗਾਂ ਕੋਲ ਮੋਬਾਈਲ .. ਕੰਮਪਿਊਟਰ ਨਹੀਂ ਸਨ ਹੁੰਦੇ . . ਪਰ ਅੱਜ ਹੈਨ . . . ਉਹਨਾਂ ਚਿੱਠੀਆਂ ਪਾ ਕੇ ਸੁਨੇਹੇ ਭੇਜ ਕਿ ਸਾਰ ਲਿਆ . . . ਅੱਜ ਫਟਾਫੱਟ ਸੁਨੇਹੇ ਮਿਲ ਰਹੇ ਹਨ। ਬਜ਼ੁਰੱਗ ਗਲਤ ਨਹੀਂ ਸਨ।

. ਅੱਜ ਜੋ ਗਿਆਨ ਤੁਹਾਨੂੰ/ਸਾਨੂੰ/ਮੈਨੂੰ ਹਾਸਿਲ ਹੈ, ਪ੍ਰਾਪਤ ਹੈ . . . ਸਾਡੇ ਵਡੇਰਿਆਂ ਨੂੰ ਨਹੀਂ ਸੀ। ਇਸਦਾ ਮਤਲਭ ਇਹ ਨਹੀਂ ਕਿ ਉਹ ਜੋ ਕੁੱਝ ਕਰ ਗਏ . . ਗਲਤ ਕਰ ਗਏ। ਉਹਨਾਂ ਆਪਣੇ ਸਮੇਂ ਅਥਾਨ ਦੇ ਅਨੁਸਾਰੀ, ਜੋ ਕੀਤਾ ਸਹੀ ਕੀਤਾ।

ਲੋੜ ਕਾਢ ਦੀ ਮਾਂ ਹੈ। ਇਸੇ ਤਹਿਤ ਮਨੁੱਖ ਬਹੁੱਤ ਉਚੀਆਂ ਮੰਜ਼ਿਲਾਂ ਤਹਿ ਕਰ ਚੁੱਕਿਆ ਹੈ।

ਤੁਸੀਂ ਆਪਣੀ ਲਿਖਤ ਵਿਚ ਵੇਦ, ਮਨੂਸਮ੍ਰਤੀ, ਬਾਈਬਲ ਅਤੇ ਕੁਰਾਨ , . . . .
ਕੋਪਰਨਿਕਸ, ਬਰੁਨੋ, ਗੈਲੀਲਿਓ . . ਆਦਿ ਬਾਰੇ ਜ਼ਿਕਰ ਕਰ ਕੇ ਲਿਖਿਆ ਹੈ ਕਿ . . . . . . . .
"ਇਸ ਕਰਕੇ ਆਪ ਜੀ ਦਾ ਪੇਸ਼ ਕੀਤਾ ਕਬੀਰ ਜੀ ਦਾ ਕਥਨ (ਪੰਨਾ 1350) ਗਲਤ ਸਾਬਤ ਹੋ ਜਾਂਦਾ ਹੈ। ਕਿਉਂਕਿ ਕਬੀਰ ਜੀ ਉੱਘੇ ਕਵੀ ਅਤੇ ਸੰਤ ਹੋਣ ਦੇ ਬਾਵਜੂਦ ਆਖਰਕਾਰ ਇੱਕ ਮਨੁੱਖ ਸੀ।"।

ਵੀਰ ਜੀਉ, ਵਿਚਾਰ ਅਧੀਨ ਪੰਕਤੀ ""ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥ ਕਬੀਰ ਜੀ॥1350" ਨੂੰ ਤੁਸੀਂ ਕਿਸ ਤਰਾਂ ਗ਼ਲਤ ਸਾਬਿਤ ਕੀਤਾ ਹੈ ?

. ਜ਼ਰਾ! ਖੋਹਲ ਕਿ ਲ਼ਿਖਣਾ ਕਰਨਾ ਜੀ।

. ਵਿਚਾਰ ਦਾ ਧੁਰਾ ਇਹ ਵੀਚਾਰ ਹੀ ਰਹੇ।

ਧੰਨਵਾਧ।
ਇੰਜ ਦਰਸਨ ਸਿੰਘ ਖਾਲਸਾ

ਅਸਟਰੇਲੀਆ

30 ਮਈ 2020

05/30/2020 at 2:16am

**ਮਨੋਜ ਮਲਿਕ (ਚੰਡੀਗੜ੍ਹ)** In reply to ENG DARSHAN SINGH KHALSA. AUSTRALIA

ਵੀਰ, ਇੰਜ ਦਰਸਨ ਸਿੰਘ ਖਾਲਸਾ

(ਅਸਟਰੇਲੀਆ) ਸਚ ਸ਼੍ਰੀ ਅਕਾਲ ਜੀ।

ਤੁਸੀਂ ਬੇਨਤੀ ਕੀਤੀ ਹੈ ਕਿ ਮੈਂ ਆਪਣੀ ਗੱਲ ਥੋੜੀ ਖੋਲ੍ਹ ਕੇ ਸਮਝਾਵਾਂ। ਇਸ ਕਰਕੇ ਮੈਂ ਤੁਹਾਡੀ ਨਜਰ ਇਹ ਤੱਥਾਂ (facts) ਰਖ ਰਿਹਾ ਹਾਂ।

"ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੇ॥ ਕਬੀਰ ਜੀ॥1350॥

ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਇਹ ਕਬੀਰ ਜੀ ਦੀ ਰਚਨਾ ਹੈ। ਇਸਦਾ ਮਤਲਬ ਹੈ ਕਿ ਵੇਦ ਅਤੇ ਕਤੇਬ ਗਲਤ (ਝੂਠੇ) ਨਹੀਂ ਹਨ, ਸਗੋਂ ਝੂਠਾ ਉਹ ਹੈ ਜੋ ਇਨ੍ਹਾਂ ਉੱਤੇ ਵਿਚਾਰ ਨਹੀਂ ਕਰਦਾ। ਕਹਿਣ ਦਾ ਮਤਲਬ ਹੈ ਕਿ ਇਹ ਕਿਤਾਬਾਂ ਪੂਰੀ ਤਰ੍ਹਾਂ ਸਚ ਕਹਿੰਦੀ ਹਨ। ਵੇਦ ਚਾਰ ਹਨ- ਰਿੱਗਵੇਦ, ਯਜੁਰਵੇਦ, ਸਾਮਵੇਦ ਅਤੇ ਅਥਰਵਵੇਦ। ਕਤੇਬ ਵਿੱਚ ਵੀ ਚਾਰ ਕਿਤਾਬਾਂ ਹਨ:- ਤੌਰੇਤ, ਜਬੂਰ, ਅੰਜੀਲ ਅਤੇ ਕੁਰਆਨ। ਇਨ੍ਹਾਂ ਵਿਚ ਜਬੂਰ ਹੁਣ ਉਪਲਭਦ ਨਹੀਂ ਹੈ।

ਹੁਣ ਮੈਂ ਤੁਹਾਡੇ ਸਾਹਮਣੇ ਪੁਖਤਾ ਸਬੂਤ ਪੇਸ਼ ਕਰ ਰਿਹਾ ਹਾਂ, ਜਿਸ ਨਾਲ ਇਹ ਕਿਤਾਬਾਂ ਵਿੱਚ ਕਈ ਗੱਲਾਂ ਗਲਤ (ਝੂਠ) ਦਿੱਤੀ ਹੋਈ ਹਨ। ਆਸ ਕਰਦਾ ਹਾਂ ਕਿ ਤੁਸੀਂ ਸਬਰ ਨਾਲ ਪੜ੍ਹੋਗੇ ਔਰ ਇਸ਼-ਨਿੰਦਾ (Blasphemy) ਦਾ ਆਰੋਪ ਨਹੀਂ ਲਾਓਗੇ:-

ਰਿਗਵੇਦ ਦੇ ਦਸ਼ਮ ਮੰਡਲ ਵਿੱਚ ਪੁਰੁਸ਼ ਸੂਕਤ ਆਉਂਦਾ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਭਗਵਾਨ ਨੇ ਆਪਣੇ ਸਿਰ ਤੋਂ ਬ੍ਰਾਹਮਣ, ਬਾਜੂਆਂ ਤੋਂ ਖਤਰੀ, ਪੇਟ ਤੋਂ ਵੈਸ਼ ਅਤੇ ਲੱਤਾਂ ਤੋਂ ਸ਼ੂਦਰ ਪੈਦਾ ਕੀਤੇ। ਇਸੇ ਕਾਰਨ ਵਰਣ-ਵਿਵਸਥਾ ਦਾ ਜਨਮ ਹੋਇਆ, ਜਿਹੜੀ ਬਾਅਦ ਵਿੱਚ ਜਾਤ-ਪਾਤ ਦੇ ਰੂਪ ਵਿੱਚ ਸਭ ਦੇ ਸਾਹਮਣੇ ਆਈ। ਹੁਣ ਸਵਾਲ ਉੱਠਦਾ ਹੈ ਕਿ ਜੇਕਰ ਬ੍ਰਾਹਮਣ, ਖਤਰੀ, ਵੈਸ਼, ਸ਼ੂਦਰ ਭਗਵਾਨ ਨੇ ਆਪਣੇ ਸ਼ਰੀਰ ਨਾਲ ਬਣਾਏ, ਤਾਂ ਫੇਰ ਇਸਾਈ, ਮੁਸਲਮਾਨ , ਅਫ਼੍ਰੀਕੀ ਕਿੱਦਾਂ ਬਣੇ। ਇਸ ਤਰ੍ਹਾਂ ਵੇਦ ਗਲਤ ਸਾਬਿਤ ਹੁੰਦੇ ਹਨ। ਜਾਤ-ਪਾਤ ਮਨੁੱਖ ਨੇ ਆਪਣੇ ਆਪ ਬਣਾਇਆਂ ਹਨ, ਕਿਸੇ ਪਰਮਾਤਮਾ ਨੇ ਨਹੀਂ।

ਹੁਣ ਤੋਰੇਤ (old testament) ਦੀ ਗੱਲ ਕਰੀਏ। ਇਸ ਕਿਤਾਬ ਵਿੱਚ ਯਹੁਦੀਆਂ ਦਾ ਰੱਬ "ਜਿਹੋਵਾਹ" ਯਹੂਦੀਆਂ ਨੂੰ ਹੁਕਮ ਦਿੰਦਾ ਹੈ ਕਿ ਗੈਰ-ਯਹੂਦੀ ਲੋਕਾਂ (Canaanites, Hittites, Amorites etc.) ਨੂੰ ਮਾਰ ਦਿੱਤਾ ਜਾਵੇ, ਕਿਸੇ ਵੀ ਜਿਉਂਦੀ ਚੀਜ਼ ਨੂੰ ਨਾ ਬਖਸ਼ਿਆ ਜਾਵੇ।( ਹਵਾਲਾ:- Deuteronomy :20-16-17)

ਅੰਜੀਲ (ਬਾਈਬਲ new testament) ਵਿੱਚ ਇਸਾਮਸੀਹ ਕਹਿੰਦਾ ਹੈ:- " ਇਹ ਮਤ ਸਮਝੋ ਕਿ ਮੈਂ ਧਰਤੀ ਉੱਤੇ ਅਮਨ-ਸ਼ਾਂਤੀ ਦਾ ਪੈਗਾਮ ਲੈ ਕੇ ਆਇਆਂ ਹਾਂ, ਸਗੋਂ ਮੈਂ ਤਲਵਾਰ ਲੈ ਕੇ ਆਇਆਂ ਹਾਂ।"(Mathew 10:34)

ਕੁਰਆਨ ਵਿੱਚ ਖੁਦਾ ਕਹਿੰਦਾ ਹੈ ਕਿ " ਮੈਂ ਆਸਮਾਨ ਨੂੰ ਫੜਿਆ ਹੋਇਆ ਹੈ, ਤਾਂ ਜੋ ਇਹ ਡਿੱਗ ਕੇ ਥੱਲੇ ਧਰਤੀ ਤੇ ਨਾ ਆ ਜਾਵੇ। (Quran 22:65)

ਇਹ ਸਿਰਫ ਨਮੂਨੇ ਵੱਜੋਂ ਪੇਸ਼ ਕੀਤੇ ਹਨ। ਇਹ ਕਿਤਾਬਾਂ ਲੜਾਈ, ਨਫਰਤ, ਔਰਤਾਂ ਬਾਰੇ ਭੇਦਭਾਵ ਨਾਲ ਭਰੀ ਹੋਈ ਹਨ। ਇਸ ਕਰਕੇ ਗੁਰਬਾਣੀ ਪੰਨਾ ਨੰਬਰ 1350 ਦੀ ਕਬੀਰ ਜੀ ਦੀ ਇਹ ਲਾਈਨ ਆਪੈ ਝੂਠ ਸਾਬਿਤ ਹੋ ਜਾਂਦੀ ਹੈ। ਧੰਨਵਾਦ ਸਹਿਤ।

ਮਨੋਜ ਮਲਿਕ, ਚੰਡੀਗੜ੍ਹ।

05/31/2020 at 10:08pm

**ਮਨੋਜ ਮਲਿਕ (ਚੰਡੀਗੜ੍ਹ)** In reply to ENG DARSHAN SINGH KHALSA. AUSTRALIA

ਵੀਰ, ਇੰਜ ਦਰਸਨ ਸਿੰਘ ਖਾਲਸਾ

(ਅਸਟਰੇਲੀਆ) ਸਚ ਸ੍ਰੀ ਅਕਾਲ ਜੀ।

ਤੁਸੀਂ ਬੇਨਤੀ ਕੀਤੀ ਹੈ ਕਿ ਮੈਂ ਆਪਣੀ ਗੱਲ ਥੋੜੀ ਖੋਲ੍ਹ ਕੇ ਸਮਝਾਵਾਂ। ਇਸ ਕਰਕੇ ਮੈਂ ਤੁਹਾਡੀ ਨਜਰ ਇਹ ਤੱਥਾਂ (facts) ਰਖ ਰਿਹਾ ਹਾਂ।

"ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥ ਕਬੀਰ ਜੀ॥1350॥

ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਇਹ ਕਬੀਰ ਜੀ ਦੀ ਰਚਨਾ ਹੈ। ਇਸਦਾ ਮਤਲਬ ਹੈ ਕਿ ਵੇਦ ਅਤੇ ਕਤੇਬ ਗਲਤ (ਝੂਠੇ) ਨਹੀਂ ਹਨ, ਸਗੋਂ ਝੂਠਾ ਉਹ ਹੈ ਜੋ ਇਨ੍ਹਾਂ ਉੱਤੇ ਵਿਚਾਰ ਨਹੀਂ ਕਰਦਾ। ਕਹਿਣ ਦਾ ਮਤਲਬ ਹੈ ਕਿ ਇਹ ਕਿਤਾਬਾਂ ਪੂਰੀ ਤਰ੍ਹਾਂ ਸਚ ਕਹਿੰਦੀ ਹਨ। ਵੇਦ ਚਾਰ ਹਨ- ਰਿੱਗਵੇਦ, ਯਜੁਰਵੇਦ, ਸਾਮਵੇਦ ਅਤੇ ਅਥਰਵਵੇਦ। ਕਤੇਬ ਵਿੱਚ ਵੀ ਚਾਰ ਕਿਤਾਬਾਂ ਹਨ:- ਤੌਰੇਤ, ਜਬੂਰ, ਅੰਜੀਲ ਅਤੇ ਕੁਰਆਨ। ਇਨ੍ਹਾਂ ਵਿਚ ਜਬੂਰ ਹੁਣ ਉਪਲਭਦ ਨਹੀਂ ਹੈ।

ਹੁਣ ਮੈਂ ਤੁਹਾਡੇ ਸਾਹਮਣੇ ਪੁਖਤਾ ਸਬੂਤ ਪੇਸ਼ ਕਰ ਰਿਹਾ ਹਾਂ, ਜਿਸ ਨਾਲ ਇਹ ਕਿਤਾਬਾਂ ਵਿੱਚ ਕਈ ਗੱਲਾਂ ਗਲਤ (ਝੂਠ) ਦਿੱਤੀ ਹੋਈ ਹਨ। ਆਸ ਕਰਦਾ ਹਾਂ ਕਿ ਤੁਸੀਂ ਸਬਰ ਨਾਲ ਪੜ੍ਹੋਗੇ ਔਰ ਇਸ਼-ਨਿੰਦਾ (Blasphemy) ਦਾ ਆਰੋਪ ਨਹੀਂ ਲਾਓਗੇ:-

ਰਿਗਵੇਦ ਦੇ ਦਸ਼ਮ ਮੰਡਲ ਵਿੱਚ ਪੁਰੁਸ਼ ਸੂਕਤ ਆਉਂਦਾ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਭਗਵਾਨ ਨੇ ਆਪਣੇ ਸਿਰ ਤੋਂ ਬ੍ਰਾਹਮਣ, ਬਾਜੂਆਂ ਤੋਂ ਖਤਰੀ, ਪੇਟ ਤੋਂ ਵੈਸ਼ ਅਤੇ ਲੱਤਾਂ ਤੋਂ ਸ਼ੂਦਰ ਪੈਦਾ ਕੀਤੇ। ਇਸੇ ਕਾਰਨ ਵਰਣ-ਵਿਵਸਥਾ ਦਾ ਜਨਮ ਹੋਇਆ, ਜਿਹੜੀ ਬਾਅਦ ਵਿੱਚ ਜਾਤ-ਪਾਤ ਦੇ ਰੂਪ ਵਿੱਚ ਸਭ ਦੇ ਸਾਹਮਣੇ ਆਈ। ਹੁਣ ਸਵਾਲ ਉੱਠਦਾ ਹੈ ਕਿ ਜੇਕਰ ਬ੍ਰਾਹਮਣ, ਖਤਰੀ, ਵੈਸ਼, ਸ਼ੂਦਰ ਭਗਵਾਨ ਨੇ ਆਪਣੇ ਸ਼ਰੀਰ ਨਾਲ ਬਣਾਏ, ਤਾਂ ਫੇਰ ਇਸਾਈ, ਮੁਸਲਮਾਨ , ਅਫ਼੍ਰੀਕੀ ਕਿੱਦਾਂ ਬਣੇ। ਇਸ ਤਰ੍ਹਾਂ ਵੇਦ ਗਲਤ ਸਾਬਿਤ ਹੁੰਦੇ ਹਨ। ਜਾਤ-ਪਾਤ ਮਨੁੱਖ ਨੇ ਆਪਣੇ ਆਪ ਬਣਾਇਆਂ ਹਨ, ਕਿਸੇ ਪਰਮਾਤਮਾ ਨੇ ਨਹੀਂ।

ਹੁਣ ਤੋਰੇਤ (old testament) ਦੀ ਗੱਲ ਕਰੀਏ। ਇਸ ਕਿਤਾਬ ਵਿੱਚ ਯਹੁਦੀਆਂ ਦਾ ਰੱਬ "ਜਿਹੋਵਾਹ" ਯਹੂਦੀਆਂ ਨੂੰ ਹੁਕਮ ਦਿੰਦਾ ਹੈ ਕਿ ਗੈਰ-ਯਹੂਦੀ ਲੋਕਾਂ (Canaanites, Hittites, Amorites etc.) ਨੂੰ ਮਾਰ ਦਿੱਤਾ ਜਾਵੇ, ਕਿਸੇ ਵੀ ਜਿਉਂਦੀ ਚੀਜ਼ ਨੂੰ ਨਾ ਬਖਸ਼ਿਆ ਜਾਵੇ।( ਹਵਾਲਾ:- Deuteronomy :20-16-17)

ਅੰਜੀਲ (ਬਾਈਬਲ new testament) ਵਿੱਚ ਇਸਾਮਸੀਹ ਕਹਿੰਦਾ ਹੈ:- " ਇਹ ਮਤ ਸਮਝੋ ਕਿ ਮੈਂ ਧਰਤੀ ਉੱਤੇ ਅਮਨ-ਸ਼ਾਂਤੀ ਦਾ ਪੈਗਾਮ ਲੈ ਕੇ ਆਇਆਂ ਹਾਂ, ਸਗੋਂ ਮੈਂ ਤਲਵਾਰ ਲੈ ਕੇ ਆਇਆਂ ਹਾਂ।"(Mathew 10:34)

ਕੁਰਆਨ ਵਿੱਚ ਖੁਦਾ ਕਹਿੰਦਾ ਹੈ ਕਿ " ਮੈਂ ਆਸਮਾਨ ਨੂੰ ਫੜਿਆ ਹੋਇਆ ਹੈ, ਤਾਂ ਜੋ ਇਹ ਡਿੱਗ ਕੇ ਥੱਲੇ ਧਰਤੀ ਤੇ ਨਾ ਆ ਜਾਵੇ। (Quran 22:65)

ਇਹ ਸਿਰਫ ਨਮੂਨੇ ਵੱਜੋਂ ਪੇਸ਼ ਕੀਤੇ ਹਨ। ਇਹ ਕਿਤਾਬਾਂ ਲੜਾਈ, ਨਫਰਤ, ਔਰਤਾਂ ਬਾਰੇ ਭੇਦਭਾਵ ਨਾਲ ਭਰੀ ਹੋਈ ਹਨ। ਇਸ ਕਰਕੇ ਗੁਰਬਾਣੀ ਪੰਨਾ ਨੰਬਰ 1350 ਦੀ ਕਬੀਰ ਜੀ ਦੀ ਇਹ ਲਾਈਨ ਆਪੈ ਝੂਠ ਸਾਬਿਤ ਹੋ ਜਾਂਦੀ ਹੈ। ਧੰਨਵਾਦ ਸਹਿਤ।

ਮਨੋਜ ਮਲਿਕ, ਚੰਡੀਗੜ੍ਹ।

05/31/2020 at 10:10pm

**Iqbal Singh Dhillon**

ਮਾਨਯੋਗ ਸੰਪਾਦਕ ਜੀ,

ਡਾ. ਸਰਬਜੀਤ ਸਿੰਘ ਜੀ ਨੇ ਸਵਾਲ ਤੀਜਾ ਦੇ ਸਬੰਧ ਵਿਚ ਉੱਪਰ 21 ਮਈ ਨੂੰ ਆਪਣੀ ਇਕ ਪੋਸਟ ਪਾਈ ਸੀ ਜਿਸ ਸਬੰਧੀ ਮੈਂ ਉਹਨਾਂ ਅੱਗੇ ਆਪਣਾ ਇਕ ਸਵਾਲ ਰੱਖਿਆ ਸੀ। ਪਹਿਲਾਂ ਤਾਂ ਉਨ੍ਹਾਂ ਨੇ ਸਿੱਧਾ ਉੱਤਰ ਦੇਣ ਤੋਂ ਟਾਲਮਟੋਲ ਕਰਨ ਦਾ ਯਤਨ ਕੀਤਾ ਅਤੇ ਫਿਰ ਮੇਰੇ ਵੱਲੋਂ ਉਹਨਾਂ ਨੂੰ ਸਿੱਧਾ ਅਤੇ ਸੰਖੇਪ ਉੱਤਰ ਦੇਣ ਉੱਤੇ ਵਾਰ-ਵਾਰ ਜ਼ੋਰ ਦੇਣ ਤੋਂ ਬਾਦ ਉਹ ਚੁੱਪ ਹੀ ਵੱਟ ਗਏ ਅਤੇ ਹਾਲੇ ਤਕ ਉਹਨਾਂ ਵੱਲੋਂ ਕੋਈ ਵਾਜਬ ਉੱਤਰ ਨਹੀਂ ਆਇਆ। ਇਹ ਤਜਰਬਾ ਥੋੜ੍ਹੇ ਬਹੁਤੇ ਫਰਕ ਨਾਲ ਏਥੇ ਸਵਾਲਾਂ ਉੱਤੇ ਸਾਰੀ ਵਿਚਾਰ-ਚਰਚਾ ਕਰਨ ਵੇਲੇ ਕੁਝ ਹੋਰਨਾਂ ਲੇਖਕਾਂ ਸਬੰਧੀ ਵੀ ਹਾਸਲ ਹੋਇਆ ਹੈ ਅਤੇ ਕੁਝ ਕੁ ਵੱਲੋਂ ਤਾਂ ਅਣਸੁਖਾਵੀਂ ਸ਼ਬਦਾਵਲੀ ਵਰਤਣ ਦਾ ਵੀ ਯਤਨ ਕੀਤਾ ਗਿਆ ਹੈ।

ਮੈਂ ਏਥੇ ਆਪ ਜੀ ਦਾ ਧਿਆਨ ਆਪ ਜੀ ਦੇ ਲੇਖ 'ਬਾਣੀ ਕਿਹੜੇ ਰੱਬ ਕੋਲੋਂ ਆਈ ਹੈ?' ਦੇ ਸਬੰਧ ਵਿਚ ਏਸੇ ਵੈਬਸਾਈਟ ਉੱਤੇ ਪਾਏ ਗਏ ਆਪਣੇ ਲੇਖ 'ਸੰਪਾਦਕੀ ਲੇਖ ਸਬੰਧੀ ਕੁਝ ਵਿਚਾਰ' ਵੱਲ ਦੁਆਉਣਾ ਚਾਹੁੰਦਾ ਹਾਂ ਜਿਸ ਵਿਚ ਮੈਂ ਦੱਸਿਆ ਸੀ ਕਿ "ਅਸਲੀ ਸਮੱਸਿਆ ਗੁਰਬਾਣੀ ਸਿਧਾਂਤ ਜਾਂ ਗੁਰਬਾਣੀ ਦੀ ਵਿਆਖਿਆ ਦੀ ਨਹੀਂ ਸਗੋਂ ਸਿਖ ਭਾਈਚਾਰੇ ਦੇ ਜਾਗਰੂਕ ਅਖਵਾਉਂਦੇ ਸਾਰੇ ਵਰਗਾਂ ਵਿਚ ਸ਼ਾਮਲ ਲੋਕਾਂ ਦੀ ਮਾਨਸਿਕਤਾ ਦੀ ਹੈ ਜੋ ਗੁਰਬਾਣੀ ਦੇ ਅਸਲੀ ਵਿਧਾਨ ਨੂੰ ਸਮਝ ਨਹੀਂ ਰਹੇ ਅਤੇ ਆਪਣੀਆਂ ਰੂੜ੍ਹੀਵਾਦੀ 'ਧਾਰਮਿਕ' ਮਾਨਤਾਵਾਂ ਨਾਲ ਚਿੰਬੜੇ ਰਹਿ ਕੇ ਫੋਕੀ ਤਰਕਸ਼ੀਲਤਾ ਨੂੰ ਅਪਣਾਈ ਬੈਠੇ ਹਨ।" ਨਿਸਚੇ ਹੀ ਜਾਗਰੂਕ ਅਖਵਾਉਂਦੇ ਸਿਖ ਵਿਦਵਾਨਾਂ/ਲੇਖਕਾਂ ਦੇ ਉੱਪਰ ਦਰਸਾਏ ਵਿਵਹਾਰ ਦਾ ਸਬੰਧ ਉਹਨਾਂ ਦੀ ਇਸ ਮਾਨਸਿਕਤਾ ਨਾਲ ਬਣਦਾ ਹੈ। ਇਹ ਇਕ ਅਤੀ ਗੰਭੀਰ ਮਸਲਾ ਹੈ ਅਤੇ ਇਸ ਉੱਤੇ ਵੀ ਵੱਖਰੇ ਤੌਰ ਤੇ ਵਿਚਾਰ-ਚਰਚਾ ਕੀਤੀ ਜਾਣੀ ਚਾਹੀਦੀ ਹੈ। ਸਵਾਲ ਹੋ ਸਕਦਾ ਹੈ:

"ਜਾਗਰੂਕ ਅਖਵਾਉਂਦੇ ਲੇਖਕ ਤਰਕ ਅਤੇ ਤੱਥ ਅਧਾਰਿਤ ਸਵਾਲਾਂ ਦੇ ਉੱਤਰ ਦੇਣ ਤੋਂ ਕਿਉਂ ਭੱਜਦੇ ਹਨ ?"

ਇਕਬਾਲ ਸਿੰਘ ਢਿੱਲੋਂ, ਚੰਡੀਗੜ੍ਹ।

05/30/2020 at 3:26pm

**Jarnail Singh**

ਸ ਮੱਖਣ ਸਿੰਘ ਜੀ

ਇਸ ਚਰਚਾ ਦੌਰਾਨ ਹਰ ਇੱਕ ਨੇ ਆਪੋ ਆਪਣੀ ਸੂਝ ਮੁਤਾਬਿਕ ਖਿਆਲ ਰੱਖੇ ਹਨ।ਸਿਧਾਂਤ ਦੀ ਅਸਲੀ ਪਰਖ ਅਮਲ ਵਿੱਚ ਹੁੰਦੀ ਹੈ।ਕੁਝ ਲੇਖਕਾਂ ਨੇ ਆਪਣਾ ਸਿਧਾਂਤ ਤਾਂ ਦਿੱਤਾ ਹੈ ਪਰ ਗੁਰਬਾਣੀ ਦੇ ਅਰਥ ਕਰ ਉਸ ਨੂੰ ਅਮਲ ਵਿੱਚ ਲਿਆਉਣ ਤੋਂ ਕੰਨੀ ਕਤਰਾਈ ਹੈ।ਨਿਰਾ ਪੁਰਾ ਸਿਧਾਂਤ ਹਵਾ 'ਚ ਤਲਵਾਰ ਚਲਾਉਣ ਬਰਾਬਰ ਹੈ।

ਧੰਨਵਾਦ ਸਹਿਤ

ਜਰਨੈਲ ਸਿੰਘ

05/30/2020 at 4:48pm

**Makhan Singh Purewal**

ਅੱਜ 30 ਮਈ 2020 ਤੱਕ ਜਿਹੜੇ ਵੀ ਪਾਠਕਾਂ/ਲੇਖਕਾਂ ਨੇ, ਗੁਰਬਾਣੀ ਵਿੱਚ ਮਿਥਿਹਾਸ ਦੀ ਗੱਲ ਬਾਰੇ ਆਪਣੇ ਵਿਚਾਰ ਦਿੱਤੇ ਹਨ ਉਨ੍ਹਾਂ ਸਾਰਿਆਂ ਦਾ ਧੰਨਵਾਦ। ਇਸ ਨਾਲ ਤਾਂ ਤਕਰੀਬਨ ਸਾਰੇ ਹੀ ਸਹਿਮਤ ਹਨ ਕਿ ਗੁਰਬਾਣੀ ਵਿੱਚ ਮਿਥਿਹਾਸ ਦੀਆਂ ਕਥਾ-ਕਹਾਣੀਆਂ ਦੇ ਹਵਾਲੇ ਮਿਲਦੇ ਹਨ। ਕਈਆਂ ਨੇ ਸਪਸ਼ਟ ਤੌਰ ਤੇ ਇਸ ਨੂੰ ਕਬੂਲਿਆ ਹੈ ਅਤੇ ਕਈਆਂ ਨੇ ਗੱਲ ਚੰਗੀ ਤਰ੍ਹਾਂ ਸਪਸ਼ਟ ਨਹੀਂ ਕੀਤੀ। ਇਸ ਸਵਾਲ ਨਾਲ ਸੰਬੰਧਿਤ ਜਿਨ੍ਹਾਂ ਵੀ ਲੇਖਕਾਂ ਨੇ ਦੋ ਸ਼ਬਦਾਂ ਦੀ ਵਿਆਖਿਆ ਕੀਤੀ ਹੈ, ਉਨ੍ਹਾਂ ਦੀ ਵਿਆਖਿਆ ਅਤੇ ਅਰਥਾਂ ਵਿੱਚ ਵੀ ਫਰਕ ਹੈ। ਜੋ ਵੀ ਹੈ ਸਾਰਿਆਂ ਦੇ ਸਾਹਮਣੇ ਹੈ। ਪ੍ਰਿੰ: ਗੁਰਬਚਨ ਸਿੰਘ ਜੀ ਨੇ ਅੱਜ ਦੂਸਰੇ ਸ਼ਬਦ ਦੀ ਸੰਖੇਪ ਜਿਹੀ ਵਿਆਖਿਆ ਭੇਜੀ ਹੈ ਜੋ ਕਿ ਹੇਠ ਦਿੱਤੇ ਲਿੰਕ ਤੇ ਕਲਿਕ ਕਰਕੇ ਪੜ੍ਹੀ ਜਾ ਸਕਦੀ ਹੈ। ਕੱਲ 30 ਮਈ ਵਾਲਾ ਸਵਾਲ ਥੋੜਾ ਜਿਹਾ ਸਖਤ ਜਰੂਰ ਹੋਵੇਗਾ ਪਰ ਹੋਵੇਗਾ ਸਬੂਤਾਂ ਦੇ ਅਧਾਰ ਤੇ ਇਸ ਲਈ ਔਖੇ ਸੌਖੇ ਹੋ ਕੇ ਸਹਿਣ ਕਰ ਲਿਓ-ਸੰਪਾਦਕ।

http://www.sikhmarg.com/2020/0530-gotam-tpa.html

05/30/2020 at 6:22pm

**Iqbal Singh Dhillon** In reply to Makhan Singh Purewal

ਮਾਨਯੋਗ ਸੰਪਾਦਕ ਜੀ,

ਇਕ ਮਹੱਤਵਪੂਰਨ ਨੁਕਤਾ ਜੋ ਵਿਚਾਰ-ਚਰਚਾ ਦੇ ਇਸ ਹਿੱਸੇ ਵਿਚ ਉਭਰ ਕੇ ਸਾਹਮਣੇ ਆਇਆ ਹੈ ਤੁਸੀਂ ਉਸ ਦਾ ਜ਼ਿਕਰ ਨਹੀਂ ਕੀਤਾ। ਉਹ ਨੁਕਤਾ ਇਹ ਹੈ ਕਿ ਲਗ-ਭਗ ਸਾਰੇ ਲੇਖਕਾਂ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਹੈ ਕਿ ਭਾਵੇਂ ਗੁਰਬਾਣੀ ਵਿਚ ਮਿਥਹਾਸਿਕ ਹਵਾਲੇ ਮੌਜੂਦ ਹਨ, ਗੁਰਬਾਣੀ ਮਿਥਹਾਸ ਨੂੰ ਮਾਨਤਾ ਨਹੀਂ ਦੇਂਦੀ।

ਇਕਬਾਲ ਸਿੰਘ ਢਿੱਲੋਂ, ਚੰਡੀਗੜ੍ਹ।

05/30/2020 at 7:38pm 1 Like

**Makhan Singh Purewal**

ਡਾ: ਇਕਬਾਲ ਸਿੰਘ ਢਿੱਲੋਂ ਜੀ,

ਜੇ ਕਰ ਕਿਸੇ ਨੁਕਤੇ ਦਾ ਮੈਂ ਜ਼ਿਕਰ ਨਹੀਂ ਕਰ ਸਕਿਆ ਤਾਂ ਬਾਕੀ ਹੋਰ ਪਾਠਕਾਂ/ਲੇਖਕਾਂ ਦਾ ਵੀ ਫਰਜ਼

ਬਣਦਾ ਹੈ ਕਿ ਉਹ ਨੁਕਤਾ ਸਾਂਝਾ ਕਰ ਦਿਆ ਕਰਨ। ਤੁਸੀਂ ਕਰ ਦਿੱਤਾ ਹੈ ਇਸ ਲਈ ਤੁਹਾਡਾ ਧੰਨਵਾਦ।

05/30/2020 at 10:23pm

**ENG DARSHAN SINGH KHALSA. AUSTRALIA**

. ਮੱਖਣ ਸਿੰਘ ਪੁਰੇਵਾਲ ਜੀ,

. ਸਤਿ ਸ੍ਰੀ ਅਕਾਲ।

. ਮੇਰਾ ਆਪਣਾ ਨਿਜ਼ੀ ਤੌਰ ਤੇ ਮੰਨਣਾ ਹੈ:-

. ਕਿ ਬਾਬਾ ਨਾਨਕ ਜੀ ਦਾ 'ਗੁਰਬਾਣੀ-ਗਿਆਨ', 'ਗੁਰਮੱਤ-ਫ਼ਲਸ਼ਫਾ' ਕਿਸੇ ਵੀ ਤਰਾਂ ਦੇ ਮਿਥਿਹਾਸ, ਮਿੱਥਾਂ ਨੂੰ ਮਾਨਤਾ ਨਹੀਂ ਦਿੰਦਾ, ਪ੍ਰਵਾਨ ਨਹੀਂ ਕਰਦਾ।

. ਬਿਨਾਂ ਸ਼ੱਕ, ਬਾਣੀਕਾਰਾਂ ਵਲੋਂ ਆਪਣੀਆਂ ਰਚਨਾਵਾਂ ਵਿਚ ਐਸੇ . . . ਹਵਾਲੇ, ਵੇਰਵੇ, ਪ੍ਰਮਾਣ, ਗਵਾਹੀਆਂ, ਤਸਬੀਹਾਂ ਦੇਣ ਦਾ, ਜ਼ਿਕਰ ਕਰਨ ਦਾ . . . ਭਾਵ ਹੈ, ਮਕਸਦ ਹੈ, . . .

. 'ਸੱਚ ਅਤੇ ਝੂਠ',

. 'ਸਚਿਆਰਤਾ ਅਤੇ ਕੂੜਿਆਰਤਾ',

. 'ਗੁਰਮੱਤ ਅਤੇ ਮੰਨਮੱਤ', . . . .

. 'ਗੁਰਮੁੱਖਤਾਈ ਅਤੇ ਮਨਮੁੱਖਤਾਈ',

. ' ਮਨੁੱਖਾ ਜੀਵਨ ਵਿਚ ਅਮਲ/ਪਰੈਕਟੀਕਲ-ਜੀਵਨ ਅਤੇ ਕਰਮਕਾਂਡੀ-ਪਾਖੰਡੀ-ਅਡੰਬਰੀ ਮਨੁੱਖਾ ਜੀਵਨ . . . . . . ਦਾ ਤੁਲਨਾਤਮਿੱਕ ਟਕਰਾ ਕਰਾ ਕੇ, ਮੁਤਾਲਿਆ ਕਰਾ ਕੇ . . . .

. ਆਪਣੇ 'ਗੁਰਮੱਤ-ਆਸ਼ੇ' ਨੂੰ ਨਿਖਾਰ ਕੇ ਸਾਹਮਣੇ ਲਿਆਉਣਾ . . . ਤਾਂ ਜੋ ਬਾਣੀਕਾਰਾਂ ਦਾ ਆਸ਼ਾ ਵਧੇਰੇ ਸੌਖਿਆਈ ਨਾਲ ਸਮਝਿਆ/ਸਮਝਾਇਆ ਜਾ ਸਕੇ।

. ਬਾਣੀਕਾਰਾਂ ਨੇ ਆਪਣੀਆਂ ਰਚਨਾਵਾਂ ਵਿਚ ਬਾ-ਦਾਲੀਲ਼ ਐਸਾ ਕੀਤਾ ਵੀ ਹੈ।

. ਧੰਨਾਵਧ।

. ਇੰਜ ਦਰਸਨ ਸਿੰਘ ਖਾਲਸਾ

. ਅਸਟਰੇਲੀਆ

. 31 ਮਈ 2020

05/31/2020 at 2:50am

**Baldev singh toronto**

ਭੈਰਉ ਮਹਲਾ ੩॥ ਮੇਰੀ ਪਟੀਆ ਲਿਖਹੁ ਹਰਿ ਗੋਵਿੰਦ ਗੋਪਾਲਾ॥ ਦੂਜੈ ਭਾਇ ਫਾਥੇ ਜਮ ਜਾਲਾ॥ ਸਤਿਗੁਰੁ ਕਰੇ ਮੇਰੀ ਪ੍ਰਤਿਪਾਲਾ॥ ਹਰਿ ਸੁਖਦਾਤਾ ਮੇਰੈ ਨਾਲਾ॥ ੧॥ ਗੁਰ ਉਪਦੇਸਿ ਪ੍ਰਹਿਲਾਦੁ ਹਰਿ ਉਚਰੈ॥ ਸਾਸਨਾ ਤੇ ਬਾਲਕੁ ਗਮੁ ਨ ਕਰੈ॥

੧॥ ਰਹਾਉ॥ ਮਾਤਾ ਉਪਦੇਸੈ ਪ੍ਰਹਿਲਾਦ ਪਿਆਰੇ॥ ਪੁਤ੍ਰ ਰਾਮਨਾਮੁ ਛੋਡਹੁ ਜੀਉ ਲੇਹੁ ਉਬਾਰੇ॥ ਪ੍ਰਹਿਲਾਦੁ ਕਹੈ ਸੁਨਹੁ ਮੇਰੀ ਮਾਇ॥ ਰਾਮਨਾਮੁ ਨ ਛੋਡਾ ਗੁਰਿ ਦੀਆ ਬੁਝਾਇ॥ ੨॥ ਸੰਡਾ ਮਰਕਾ ਸਭਿ ਜਾਇ ਪੁਕਾਰੇ॥ ਪ੍ਰਹਿਲਾਦੁ ਆਪਿ ਵਿਗੜਿਆ ਸਭਿ ਚਾਟੜੇ ਵਿਗਾੜੇ॥ ਦੁਸਟ ਸਭਾ ਮਹਿ ਮੰਤ੍ਰੁ ਪਕਾਇਆ॥ ਪ੍ਰਹਿਲਾਦ ਕਾ ਰਾਖਾ ਹੋਇ ਰਘੁਰਾਇਆ॥ ੩॥ ਹਾਥਿ ਖੜਗੁ ਕਰਿ ਧਾਇਆ ਅਤਿ ਅਹੰਕਾਰਿ॥ ਹਰਿ ਤੇਰਾ ਕਹਾ ਤੁਝੁ ਲਏ ਉਬਾਰਿ॥ ਖਿਨ ਮਹਿ ਭੈਆਨ ਰੂਪੁ ਨਿਕਸਿਆ ਥੰਮ੍ ਉਪਾੜਿ॥ ਹਰਣਾਖਸੁ ਨਖੀ ਬਿਦਾਰਿਆ ਪ੍ਰਹਿਲਾਦੁ ਲੀਆ ਉਬਾਰਿ॥ ੪॥ ਸੰਤ ਜਨਾ ਕੇ ਹਰਿ ਜੀਉ ਕਾਰਜ ਸਵਾਰੇ॥ ਪ੍ਰਹਿਲਾਦ ਜਨ ਕੇ ਇਕੀਹ ਕੁਲ ਉਧਾਰੇ॥ ਗੁਰ ਕੈ ਸਬਦਿ ਹਉਮੈ ਬਿਖੁ ਮਾਰੇ॥ ਨਾਨਕ ਰਾਮ ਨਾਮਿ ਸੰਤ ਨਿਸਤਾਰੇ॥ ੫॥ ੧੦॥ ੨੦॥ {ਪੰਨਾ ੧੧੩੩}

ਨੋਟ : – ਪ੍ਰਹਿਲਾਦ ਜੀ ਮਾਹਨ ਕ੍ਰਾਤੀਕਾਰੀ ਸਨ, ਬਿਪਰਵਾਦੀ ਵੀਚਾਰਧਾਰਾ ਤੋਂ ਬਾਗੀ ਸਨ। ਉਹ ਉਸ ਖਿਤੇ ਦੇ ਪਹਿਲੇ ਕ੍ਰਾਤੀਕਾਰੀ ਸਨ ਜਿਨ੍ਹਾਂ ਨੇ ਗੈਤ੍ਰੀ ਮੰਤ੍ਰ ਤਰਪਣ ਕਰਨਾ ਭਾਵ ਸੂਰਜ ਨੂੰ ਪਾਣੀ ਦੇ ਝੱਟੇ ਮਾਰਨ ਵਰਗੇ ਕਰਮਕਾਂਡ ਰੱਦ ਕਰ ਦਿੱਤੇ ਸਨ। ਜਿਸ ਗੱਲ ਦੀ ਪ੍ਰੋੜਤਾ ਮਹਲਾ ਤੀਜਾ ਜੀ ਨੇ ਆਪਣੀ ਬਾਣੀ ਅੰਦਰ ਕੀਤੀ ਹੈ "ਦੈਤ ਪੁਤ੍ਰ ਪ੍ਰਹਿਲਾਦੁ ਗਾਇਤ੍ਰੀ ਤਰਪਣੁ ਕਿਛੂ ਨ ਜਾਣੈ ਸਬਦੈ ਮੇਲਿ ਮਿਲਾਇਆ॥ਪੰਨਾ੧੧੩੩॥" ਮਹਲਾ ਤੀਜਾ ਨੇ ਸਪਸਟ ਕੀਤਾ ਹੈ ਕਿ ਪ੍ਰਹਿਲਾਦ ਨੂੰ ਬਿਪਰ ਵਲੋਂ ਦੈਤਿ ਪੁੱਤਰ ਕਿਉ ਆਖਿਆ ਗਿਆ, ਉਸ ਪਿਛੇ ਕਿਹੜੀ ਗੱਲ ਸੀ, ਉਹ ਇਹ ਗੱਲ ਸੀ ਕਿ ਉਸਨੇ ਗਾਇਤ੍ਰੀ ਮੰਤ੍ਰ ਪੜਨਾ ਅਤੇ ਤਰਪਣ ਕਰਨਾ ਆਦਿ, "ਕਿਛੂ ਨ ਜਾਣੈ" ਭਾਵ ਰੱਦ ਕਰ ਦਿੱਤੇ ਸਨ, ਕੱਖ ਨਹੀਂ ਸੀ ਜਾਣਦਾ ਇਸ ਪਾਖੰਡ ਨੂੰ, ਉਸਨੇ ਲਲਕਾਰ ਕੇ ਕਿਹਾ ਕਿ ਪਸੂ ਮੰਤ੍ਰ ਪੜਨ ਨਾਲ ਕੁਛ ਨਹੀਂ ਹੋਣ ਵਾਲਾ ਅਤੇ ਸੂਰਜ ਤੱਕ ਕਦੀ ਕਿਸੇ ਦਾ ਪਾਣੀ ਨਹੀਂ ਅਪੜਿਆ, ਕਿਉ ਰੱਦ ਕੀਤੇ ਸਨ "ਸਬਦੈ ਮੇਲਿ ਮਿਲਾਇਆ" ਕਿਉਕਿ ਉਸਨੂੰ ਗਿਆਨ ਦੀ ਸੂਝ ਪ੍ਰਾਪਤ ਹੋ ਚੁੱਕੀ ਸੀ। ਜਦੋਂ ਉਸਨੇ ਬਿਪਰ ਦਾ ਪਾਖੰਡ ਰੱਦ ਕੀਤਾ ਤਾਂ ਬਿਪਰ ਨੇ ਉਸਨੂੰ ਦੈਤਿ ਪੁੱਤਰ ਕਹਿਣਾ ਸੁਰੂ ਕਰ ਦਿੱਤਾ।ਇਸ ਸਬਦ ਅੰਦਰ ਮਹਲਾ ਤੀਜਾ ਵਲੋਂ ਰਹਾਉ ਦੀਆਂ ਪੰਗਤੀਆਂ ਅੰਦਰ ਪ੍ਰਹਿਲਾਦ ਜੀ ਦਾ ਪੱਖ ਸਪਸਟ ਕੀਤਾ ਹੈ ਕਿ ਉਹ ਸੱਚ ਨੂੰ ਪ੍ਰਣਾਇਆ ਹੋਇਆ ਇਨਕਲਾਬੀ ਯੋਧਾ ਸੀ। ਉਸ ਤੋਂ ਅੱਗੇ ਪ੍ਰਹਿਲਾਦ ਜੀ ਉੱਪਰ ਜੋ ਸੰਡਾ ਅਤੇ ਮਰਕਾ ਵਲੋਂ ਆਪਣਾ ਪ੍ਰਭਾਵ ਪਾਕੇ ਕ੍ਰਾਤੀਕਾਰੀ ਵੀਚਾਰਧਾਰਾਂ ਨੂੰ ਤਿਆਗਕੇ ਮੁੜ ਬਿਰਪਰਵਾਦੀ ਵੀਚਾਰਧਾਰਾ ਨੂੰ ਅਪਣਾਉਣ ਦਾ ਜੋ ਅਸਫਲ ਯਤਨ ਕੀਤਾ ਗਿਆ ਉਸਦਾ ਵਰਨਣ ਹੈ। ਸੋ ਵਿਆਖਿਆਕਾਰ ਵਿਆਖਿਆ ਕਰਨ ਵੇਲੇ ਪ੍ਰਹਿਲਾਦ ਜੀ ਦਾ ਜੋ ਗੁਰਬਾਣੀ ਰਚਣਹਾਰਿਆ ਨੇ ਪੱਖ ਪੇਸ ਕੀਤਾ ਹੈ, ਉਸਨੂੰ ਅੱਖੋ ਪਰੋਖਿਆ ਕਰਕੇ ਜੋ ਬਿਪਰ ਨੇ ਪ੍ਰਹਿਲਾਦ ਜੀ ਵਿਰੁੱਧ ਕਹਾਣੀ ਘੜੀ ਹੈ, ਉਸਨੂੰ ਗੁਰਬਾਣੀ ਦੀ ਵਿਆਖਿਆ ਕਰਕੇ ਗੁਰਬਾਣੀ ਨੂੰ ਬਿਪਰ ਵਲੋ ਘੜੀ ਕਹਾਣੀ ਦੀ ਪ੍ਰੋੜਤਾ ਕਰਦੀ ਦਿਖਾ ਜਾਂਦੇ ਹਨ ਅਤੇ ਪਿਛੇ ਜਾਕੇ ਇਕ ਨੋਟ ਲਿਖਕੇ ਹੋਰ ਦਾ ਕੁਝ ਹੋਰ ਹੀ ਬਣਾਕੇ ਪੇਸ ਕਰ ਜਾਂਦੇ ਹਨ। ਜਾ ਇਸ ਤਰ੍ਹਾਂ ਕਹਿ ਜਾਂਦੇ ਹਨ ਨਾਨਕ ਪਾਤਸਾਹ ਨੇ ਉਨ੍ਹਾਂ ਦੀਆਂ ਕਹਾਣੀਆਂ ਸੁਣਾਕੇ ਉਨ੍ਹਾਂ ਅੰਦਰ ਜਜਬਾ ਭਰਿਆ ਹੈ। ਜੇਕਰ ਇਹ ਸੱਚ ਹੈ ਤਾਂ ਇਹ ਕਹਾਣੀਆਂ ਤਾਂ ਬਿਪਰ ਹਜਾਰਾ ਸਾਲਾ ਤੋਂ ਸੁਣਾ ਰਿਹਾ ਸੀ ਉਸਦੇ ਸਣਾਉਣ ਨਾਲ ਜਜਬਾ ਕਿਉ ਨਹੀ ਸੀ ਭਰਿਆ। ਕੋਈ ਕਹਿ ਜਾਂਦਾ ਇਹ ਮਿਥਹਾਸਕ ਪਾਤਰ ਹਨ ਜੇਕਰ ਮਿਥਹਾਸਕ ਪਾਤਰ ਹਨ ਤਾਂ ਫਿਰ ਗਾਇਤ੍ਰੀ ਮੰਤ੍ਰ ਤੇ ਤਰਪਣ ਕਰਨ ਵਰਗੇ ਕਰਮਕਾਂਡ ਪ੍ਰਹਿਲਾਦ ਜੀ ਵਲੋਂ ਜੋ ਰੱਦ ਕਰਨ ਦੀ ਮਹਲਾ ਤੀਜਾ ਜੀ ਪ੍ਰੋੜਤਾ ਕਰਦੇ ਹਨ, ਉਸ ਨੂੰ ਕਿਹੜੇ ਖਾਤੇ ਵਿੱਚ ਪਾਉਦੇ ਹਨ। ਬਾਕੀ ਜੇਕਰ ਥੰਮ ਪਾੜਕੇ ਪਰਮਾਤਮਾ ਭਿਆਨਕ ਰੂਪ ਧਾਰਕੇ ਨਿਕਲ ਆਇਆ ਤਾਂ ਅਤੇ ਹਰਨਾਖਸ਼ ਦਾ ਨੁਹਾ ਨਾਲ ਢਿਡ ਪਾੜ ਕੇ ਉਸਨੂੰ ਮਾਰ ਦਿੱਤਾ ਅਤੇ ਪ੍ਰਹਿਲਾਦ ਦੀਆਂ ਇਕੀ ਕੁਲਾ ਤਾਰ ਦਿੱਤੀਆਂ ਕਹਿ ਕਰਕੇ ਮਹਲਾ ਤੀਜਾ ਜੀ ਦੇ ਇਹ ਗੱਲਾਂ ਮੂੰਹ ਵਿੱਚ ਪਾ ਜਾਂਦੇ ਹਨ। ਦੂਸਰੇ ਪਾਸੇ ਮਹਲਾ ਪਹਿਲਾ ਜੀ ਕਹਿ ਰਹੇ ਹਨ "ਬਲਿ ਰਾਜਾ ਮਾਇਆ ਅਹੰਕਾਰੀ॥" ਬਲਿ ਰਾਜਾ ਹੰਕਾਰਿਆ ਹੋਇਆ ਮਨੁੱਖ ਸੀ। ਜਿਸ ਬਾਰੇ ਭਾਈ ਗੁਰਦਾਸ ਜੀ ਕਹਿ ਰਹੇ ਹਨ "ਬਲਿ ਪੋਤਾ ਪ੍ਰਹਿਲਾਦ ਦਾ ਇੰਦ ਪੁਰੀ ਦੀ

ਇਛ ਇਛੰਦਾ।'' ਉਹ ਇੰਦ੍ਰ ਪੁਰੀ ਲਈ ਪੌੜੀ ਬਣਾਈ ਬੈਠਾ ਸੀ ਅਤੇ ਪ੍ਰਹਿਲਾਦ ਜੀ ਦਾ ਪੋਤਾ ਹੈ ਜੇਕਰ ਪੋਤਾ ਹੀ ਅਹੰਕਾਰ ਵਿੱਚ ਗਰਕ ਗਿਆ ਸੀ ਤਾਂ ਇਕੀ ਕੁਲਾ ਤਾਂ ਬਹੁਤ ਦੂਰ ਜਾਕੇ ਹੁੰਦੀਆਂ ਹਨ। ਮਹਾਨ ਕੋਸ਼ ਅਨੁਸਾਰ 'ਇਕੀਹ' ਤੋਂ ਭਾਵ ਇਕੀਸ, ਇਕ ਈਸਵਰ ਤੋਂ ਭਾਵ ਹੈ। ਨਖੀ ਸ਼ਬਦ ਨਖ ਤੋਂ ਹੈ ਨਖ ਦੇ ਅਰਥ ਰੋਮਨ ਪੰਜਾਬੀ ਡਿਕਸ਼ਨਰੀ ਅੰਦਰ ਉਚੀ ਕੁਲ ਵਾਲਾ ਹਨ ਅਤੇ ਗੁਰਮਤਿ ਅਨੁਸਾਰ ਅਖੌਤੀ ਉਚੀ ਕੁਲ ਬਣਦੇ ਹਨ।

ਅਰਥ : – ਮੇਰੀ ਪਟੀਆ ਤੇ ਜੋ ਲਿਖਿਆ ਹੋਇਆ ਹੈ, ਉਹ (ਬ੍ਰਹਮੰਡੀ ਨਿਯਮ ਰੂਪ ਕਰਤਾਰ) ਹਰੇਕ ਦੀ (ਨਿਯਮ ਰੂਪ ਵਿੱਚ) ਪ੍ਰਤਿਪਾਲਣਾ ਕਰ ਰਿਹਾ ਹੈ। ਜਿਹੜੇ ਦੂਜੇ ਭਾਵ ਕਿਸੇ ਹੋਰ ਭਰਮ ਵਿੱਚ ਸਨ ਅਤੇ ਹਨ, ਉਹ ਹਰੇਕ ਲਈ ਜਮ (ਭਾਵ ਪਾਖੰਡੀ ਅਵਤਾਰਵਾਦੀ ਜਮ ਰੂਪੀ ਰੱਬ) ਦਾ ਜਾਲ ਬੁਣ ਰਹੇ ਸਨ ਅਤੇ ਹਨ। ਉਹ ਨਿਯਮ ਰੂਪ ਵਿੱਚ ਪ੍ਰਕਾਸ਼ਮਾਨ ਜੋ ਹਰੇਕ ਦੀ ਪ੍ਰਿਤਪਾਲਣਾ ਕਰ ਰਿਹਾ ਹੈ, ਉਹ ਨਿਯਮ ਅਨੁਸਾਰ ਮੇਰੀ ਵੀ ਪ੍ਰਤਿਪਾਲਣਾ ਕਰ ਰਿਹਾ ਹੈ। ਇਸ ਤਰ੍ਹਾਂ ਪ੍ਰਹਿਲਾਦ ਗਿਆਨ ਦਾ ਉਪਦੇਸ ਹਰੇਕ ਲਈ ਉਚਰੈ ਭਾਵ ਪ੍ਰਚਾਰ ਕਰਦਾ ਹੈ ਅਤੇ ਕਿਸੇ ਕਿਸਮ ਦੀ ਕਿਸੇ ਵਲੋਂ ਤਾੜਨਾ ਦੀ ਵੀ ਕੋਈ ਉਸ ਨੂੰ ਕੋਈ ਗਮ/ਚਿੰਤਾ ਨਹੀਂ ਹੈ ਭਾਵ ਬੇਪ੍ਰਵਾਹ ਹੈ। ॥ਰਹਾਉ॥

ਨੋਟ : – ਇਹ ਗੱਲ ਸੰਡਾ ਅਤੇ ਮਰਕਾ ਨੇ ਜੋ ਪ੍ਰਹਿਲਾਦ ਜੀ ਉੱਪਰ ਆਪਣਾ ਪ੍ਰਭਾਵ ਪਾਉਣ ਲਈ ਗਏ ਸਨ ਅਤੇ ਪ੍ਰਹਿਲਾਦ ਜੀ ਵਲੋਂ ਉਨਾਂ ਦਾ ਪ੍ਰਭਾਵ ਨਾ ਕਬੂਲਣ ਤੇ ਵਾਪਸ ਆਪਣੀ ਜੁੰਡਲੀ ਵਿੱਚ ਆਕੇ ਕਹੇ।

ਸੰਡਾ ਮਰਕਾ ਵਾਪਸ ਆਪਣੀ ਸਭਾ ਵਿੱਚ ਜਾਕੇ ਪੁਕਾਰੇ ਕਿ ਪ੍ਰਹਿਲਾਦ ਆਪਿ ਤਾ ਵਿਗੜਿਆ ਹੀ ਹੈ, ਪਰ ਉਸ ਨੇ ਤਾਂ ਆਪਣੇ ਚਾਟੜੇ ਭਾਵ ਪਿਛਲੱਗ ਵੀ ਸਾਰੇ ਵਿਗਾੜ ਦਿੱਤੇ ਹਨ। ਉਸਦੀ ਮਾਤਾ ਨੇ ਵੀ ਆਪਣੇ ਪੁੱਤਰ ਪ੍ਰਹਿਲਾਦ ਨੂੰ (ਬਥੇਰਾ) ਉਪਦੇਸਿਆ/ਸਮਝਾਇਆ ਕਿ ਪਿਆਰੇ ਪੁੱਤਰ ਰਾਮ ਨਾਮ ਛੱਡੋ ਅਤੇ ਆਪਣੇ ਆਪ ਨੂੰ ਰਾਮ ਨਾਮ ਤੋਂ ਉਭਾਰ ਲੈ/ਉੱਪਰ ਚੁੱਕ ਲੈ ਭਾਵ ਖਹਿੜਾ ਛੁਡਾ ਲੈ। ਪ੍ਰਹਿਲਾਦ ਨੇ ਆਪਣੀ ਮਾਤਾ ਨੂੰ (ਮੋੜਕੇ ਜਵਾਬ ਦੇ ਦਿੱਤਾ) ਕਿ ਹੇ ਮਾਂ ਜੋ ਮੈਨੂੰ ਗੁਰਿ/ਗਿਆਨ ਦੀ ਰਾਂਹੀ ਰੰਮੇ ਹੋਇ ਸੱਚ ਦੀ ਬੁਝਾਇ/ਬੁਝ ਆਇ ਭਾਵ ਸਮਝ ਪਈ ਹੈ, ਮੈ ਉਹ ਨਹੀਂ ਛੱਡ ਸਕਦਾ। ਸੰਡਾ ਅਤੇ ਅਮਰਕ ਨੇ ਪ੍ਰਹਿਲਾਦ ਜੀ ਉੱਪਰ ਆਪਣਾ ਪਰਭਾਵ ਨਾ ਪਾ ਸਕਣ ਤੋਂ ਬਾਅਦ ਵਾਪਸ ਆਪਣੀ ਸਭਾ ਵਿੱਚ ਆ ਕੇ ਕਹੇ ਕਿ ਪ੍ਰਹਿਲਾਦ ਆਪ ਤਾਂ ਵਿਗੜਿਆ ਹੀ ਹੈ ਪਰ ਉਸਨੇ ਆਪਣੇ ਚਾਟਣੇ ਵੀ ਵਿਗਾੜ ਦਿੱਤੇ ਹਨ।

(ਦੁਸਟ ਸਭਾ– ਪ੍ਰਹਿਲਾਦ ਜੀ ਨੂੰ ਜੀ ਦੀ ਵੀਚਾਰਧਾਰਾ ਨਾਲ ਸਬੰਧਤ ਧਿਰ ਨੂੰ ਬਿਪਰ ਵਲੋਂ ਦਿੱਤਾ ਹੋਇਆ ਨਾਮ)। ਇਸ ਤਰ੍ਹਾਂ ਦੁਸਟਾ ਦੀ ਸਭਾ ਨੇ, ਆਪਣੀ ਸਭਾ ਵਿੱਚ ਪਤਾ ਪਕਾਇਆ/ਪਾਸ ਕੀਤਾ ਹੋਇਆ ਹੈ ਕਿ (ਅਖੌਤੀ ਉੱਚੀ ਕੁਲ ਦੇ) ਅਤਿ ਦੇ ਹੰਕਾਰ ਉੱਪਰ (ਗਿਆਨ) ਖੜਗ ਨਾਲ ਹੀ ਧਾਇਆ/ਕਾਬੂ ਪਾਇਆ ਜਾ ਸਕਦਾ ਹੈ ਅਤੇ (ਉਹ ਗਿਆਨ) ਹੀ ਪ੍ਰਹਿਲਾਦ ਦਾ ਰਘੁਰਾਇਆ, ਰਾਖਾ ਹੋਇਆ ਹੈ। (ਸੰਡਾ ਮਰਕਾ ਵਾਪਸ ਆਪਣੀ ਸਭਾ ਵਿੱਚ ਆਕੇ ਆਖਦੇ ਹਨ ਸਾਨੂੰ ਵੀ ਇਹ ਸਬਦ ਪ੍ਰਹਿਲਾਦ ਵਲੋਂ ਕਹੇ ਗਏ ਕਿ ਉਹ (ਗਿਆਨ) ਤੇਰੇ ਕਹੇ/ਆਖੇ ਜਾਂਦੇ (ਸੋ ਚਓਲਲਏਦ) ਹਰੀ/ਵਿਸਨੂੰ ਤੋਂ ਤੈਨੂੰ ਵੀ ਉਬਾਰਿ ਸਕਦਾ ਹੈ। ਜਿਵੇਂ ਖਿਨ ਵਿੱਚ ਗਿਆਨ ਨਾਲ ਪ੍ਰਹਿਲਾਦ ਦੇ (ਅਖੌਤੀ ਉਚੀ ਕੁਲ) ਦੇ ਭਰਮ ਦਾ ਜੋ ਭਿਆਨਕ ਥੰਮ ਸੀ ਅੰਦਰੋ ਉਖੜਕੇ ਨਿਕਲ ਗਿਆ ਹੈ ਅਤੇ ਉਸਨੂੰ ਨਖੀ/ਅਖੌਤੀ ਉੱਚੀ ਕੁਲ ਦੇ ਭਰਮ ਦੀ ਹਰਣਾਖਸੀ ਬਿਰਤੀ ਤੋਂ (ਗਿਆਨ ਨੇ) ਓੁੱਪਰ ਉਠਾ ਲਿਆ ਹੈ। ਹੇ ਭਾਈ! ਨਾਨਕ ਵੀ ਇਹ ਹੀ ਆਖਦਾ ਹੈ, ਕਿ ਪ੍ਰਹਿਲਾਦ ਜਨ ਕੇ (ਸਾਰੇ ਸਾਥੀ) ਇਕੀਹ/ਇਕ ਈਸ, ਇਕੁ ਈਸਵਰ ਕੁਲ ਵਿੱਚ ਆਉਣ ਵਾਲੇ ਹੀ ਉਧਰੇ (ਭਾਵ ਅਖੌਤੀ ਉਚੀ ਕੁਲ ਦੇ ਭਰਮ ਤੋਂ ਉੱਪਰ) ਉਠੇ ਸਨ ਅਤੇ ਸੰਤ/ਗਿਆਨਵਾਨ ਪੁਰਸ਼ ਹਰਿ ਕੇ ਜਨ ਆਪਣੇ ਜੀਵਣ ਕਾਰਜ ਵਿੱਚ ਸਫਲ ਹੁੰਦੇ ਹਨ ਅਤੇ ਗਿਆਨ ਦੇ ਸਬਦਾ ਰਾਹੀ ਹਾਉਮੈ ਰੂਪੀ ਜਹਿਰ ਖਤਮ ਕਰਕੇ ਰਮੇ ਹੋਇ ਸੱਚ ਨੂੰ ਜੀਵਣ ਵਿੱਚ ਅਪਣਾਉਣ ਨਾਲ ਅਖੌਤੀ ਉੱਚੀ ਕੁਲ ਦੇ ਭਰਮ ਤੋਂ

ਉੱਪਰ ਉਠ ਜਾਂਦੇ ਹਨ।

ਬਲਦੇਵ ਸਿੰਘ ਟੌਰਾਂਟੋ

05/30/2020 at 7:52pm



**ਮਨੋਜ ਮਲਿਕ (ਚੰਡੀਗੜ੍ਹ)**

ਵੀਰ, ਇੰਜ ਦਰਸਨ ਸਿੰਘ ਖਾਲਸਾ

(ਅਸਟਰੇਲੀਆ) ਸਚ ਸ੍ਰੀ ਅਕਾਲ ਜੀ।

ਤੁਸੀਂ ਬੇਨਤੀ ਕੀਤੀ ਹੈ ਕਿ ਮੈਂ ਆਪਣੀ ਗੱਲ ਥੋੜੀ ਖੋਲ੍ਹ ਕੇ ਸਮਝਾਵਾਂ। ਇਸ ਕਰਕੇ ਮੈਂ ਤੁਹਾਡੀ ਨਜਰ ਇਹ ਤੱਥਾਂ (facts) ਰਖ ਰਿਹਾ ਹਾਂ।

"ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥ ਕਬੀਰ ਜੀ॥1350॥

ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਇਹ ਕਬੀਰ ਜੀ ਦੀ ਰਚਨਾ ਹੈ। ਇਸਦਾ ਮਤਲਬ ਹੈ ਕਿ ਵੇਦ ਅਤੇ ਕਤੇਬ ਗਲਤ (ਝੂਠੇ) ਨਹੀਂ ਹਨ, ਸਗੋਂ ਝੂਠਾ ਉਹ ਹੈ ਜੋ ਇਨ੍ਹਾਂ ਉੱਤੇ ਵਿਚਾਰ ਨਹੀਂ ਕਰਦਾ। ਕਹਿਣ ਦਾ ਮਤਲਬ ਹੈ ਕਿ ਇਹ ਕਿਤਾਬਾਂ ਪੂਰੀ ਤਰ੍ਹਾਂ ਸਚ ਕਹਿੰਦੀ ਹਨ। ਵੇਦ ਚਾਰ ਹਨ- ਰਿੱਗਵੇਦ, ਯਜੁਰਵੇਦ, ਸਾਮਵੇਦ ਅਤੇ ਅਥਰਵਵੇਦ। ਕਤੇਬ ਵਿੱਚ ਵੀ ਚਾਰ ਕਿਤਾਬਾਂ ਹਨ:- ਤੌਰੇਤ, ਜਬੂਰ, ਅੰਜੀਲ ਅਤੇ ਕੁਰਆਨ। ਇਨ੍ਹਾਂ ਵਿਚ ਜਬੂਰ ਹੁਣ ਉਪਲਭਦ ਨਹੀਂ ਹੈ।

ਹੁਣ ਮੈਂ ਤੁਹਾਡੇ ਸਾਹਮਣੇ ਪੁਖਤਾ ਸਬੂਤ ਪੇਸ਼ ਕਰ ਰਿਹਾ ਹਾਂ, ਜਿਸ ਨਾਲ ਇਹ ਕਿਤਾਬਾਂ ਵਿੱਚ ਕਈ ਗੱਲਾਂ ਗਲਤ (ਝੂਠ) ਦਿੱਤੀ ਹੋਈ ਹਨ। ਆਸ ਕਰਦਾ ਹਾਂ ਕਿ ਤੁਸੀਂ ਸਬਰ ਨਾਲ ਪੜ੍ਹੋਗੇ ਔਰ ਇਸ਼-ਨਿੰਦਾ (Blasphemy) ਦਾ ਆਰੋਪ ਨਹੀਂ ਲਾਓਗੇ:-

ਰਿਗਵੇਦ ਦੇ ਦਸ਼ਮ ਮੰਡਲ ਵਿੱਚ ਪੁਰੁਸ਼ ਸੂਕਤ ਆਉਂਦਾ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਭਗਵਾਨ ਨੇ ਆਪਣੇ ਸਿਰ ਤੋਂ ਬ੍ਰਾਹਮਣ, ਬਾਜੂਆਂ ਤੋਂ ਖਤਰੀ, ਪੇਟ ਤੋਂ ਵੈਸ਼ ਅਤੇ ਲੱਤਾਂ ਤੋਂ ਸ਼ੂਦਰ ਪੈਦਾ ਕੀਤੇ। ਇਸੇ ਕਾਰਨ ਵਰਣ-ਵਿਵਸਥਾ ਦਾ ਜਨਮ ਹੋਇਆ, ਜਿਹੜੀ ਬਾਅਦ ਵਿੱਚ ਜਾਤ-ਪਾਤ ਦੇ ਰੂਪ ਵਿੱਚ ਸਭ ਦੇ ਸਾਹਮਣੇ ਆਈ। ਹੁਣ ਸਵਾਲ ਉੱਠਦਾ ਹੈ ਕਿ ਜੇਕਰ ਬ੍ਰਾਹਮਣ, ਖਤਰੀ, ਵੈਸ਼, ਸ਼ੂਦਰ ਭਗਵਾਨ ਨੇ ਆਪਣੇ ਸ਼ਰੀਰ ਨਾਲ ਬਣਾਏ, ਤਾਂ ਫੇਰ ਇਸਾਈ, ਮੁਸਲਮਾਨ , ਅਫ਼ਰੀਕੀ ਕਿੱਦਾਂ ਬਣੇ। ਇਸ ਤਰ੍ਹਾਂ ਵੇਦ ਗਲਤ ਸਾਬਿਤ ਹੁੰਦੇ ਹਨ। ਜਾਤ-ਪਾਤ ਮਨੁੱਖ ਨੇ ਆਪਣੇ ਆਪ ਬਣਾਇਆਂ ਹਨ, ਕਿਸੇ ਪਰਮਾਤਮਾ ਨੇ ਨਹੀਂ।

ਹੁਣ ਤੋਰੇਤ (old testament) ਦੀ ਗੱਲ ਕਰੀਏ। ਇਸ ਕਿਤਾਬ ਵਿੱਚ ਯਹੁਦੀਆਂ ਦਾ ਰੱਬ "ਜਿਹੋਵਾਹ" ਯਹੁਦੀਆਂ ਨੂੰ ਹੁਕਮ ਦਿੰਦਾ ਹੈ ਕਿ ਗੈਰ-ਯਹੂਦੀ ਲੋਕਾਂ (Canaanites, Hittites, Amorites etc.) ਨੂੰ ਮਾਰ ਦਿੱਤਾ ਜਾਵੇ, ਕਿਸੇ ਵੀ ਜਿਉਂਦੀ ਚੀਜ਼ ਨੂੰ ਨਾ ਬਖਸ਼ਿਆ ਜਾਵੇ।( ਹਵਾਲਾ:- Deuteronomy :20-16-17)

ਅੰਜੀਲ (ਬਾਈਬਲ new testament) ਵਿੱਚ ਇਸਾਮਸੀਹ ਕਹਿੰਦਾ ਹੈ:- " ਇਹ ਮਤ ਸਮਝੋ ਕਿ ਮੈਂ ਧਰਤੀ ਉੱਤੇ ਅਮਨ-ਸ਼ਾਂਤੀ ਦਾ ਪੈਗਾਮ ਲੈ ਕੇ ਆਇਆਂ ਹਾਂ, ਸਗੋਂ ਮੈਂ ਤਲਵਾਰ ਲੈ ਕੇ ਆਇਆਂ ਹਾਂ।"(Mathew 10:34)

ਕੁਰਆਨ ਵਿੱਚ ਖੁਦਾ ਕਹਿੰਦਾ ਹੈ ਕਿ " ਮੈਂ ਆਸਮਾਨ ਨੂੰ ਫੜਿਆ ਹੋਇਆ ਹੈ, ਤਾਂ ਜੋ ਇਹ ਡਿੱਗ ਕੇ ਥੱਲੇ ਧਰਤੀ ਤੇ ਨਾ ਆ ਜਾਵੇ। (Quran 22:65)

ਇਹ ਸਿਰਫ ਨਮੂਨੇ ਵੱਜੋਂ ਪੇਸ਼ ਕੀਤੇ ਹਨ। ਇਹ ਕਿਤਾਬਾਂ ਲੜਾਈ, ਨਫਰਤ, ਔਰਤਾਂ ਬਾਰੇ ਭੇਦਭਾਵ ਨਾਲ ਭਰੀ ਹੋਈ ਹਨ।

ਇਸ ਕਰਕੇ ਗੁਰਬਾਣੀ ਪੰਨਾ ਨੰਬਰ 1350 ਦੀ ਕਬੀਰ ਜੀ ਦੀ ਇਹ ਲਾਈਨ ਆਪੈ ਝੂਠ ਸਾਬਿਤ ਹੋ ਜਾਂਦੀ ਹੈ।

ਧੰਨਵਾਦ ਸਹਿਤ।

ਮਨੋਜ ਮਲਿਕ, ਚੰਡੀਗੜ੍ਹ।

05/31/2020 at 10:11pm



**ਮਨੋਜ ਮਲਿਕ (ਚੰਡੀਗੜ੍ਹ)**

ਵੀਰ, ਇੰਜ ਦਰਸਨ ਸਿੰਘ ਖਾਲਸਾ

(ਅਸਟਰੇਲੀਆ) ਸਚ ਸ਼੍ਰੀ ਅਕਾਲ ਜੀ।

ਤੁਸੀਂ ਬੇਨਤੀ ਕੀਤੀ ਹੈ ਕਿ ਮੈਂ ਆਪਣੀ ਗੱਲ ਥੋੜੀ ਖੋਲ੍ਹ ਕੇ ਸਮਝਾਵਾਂ। ਇਸ ਕਰਕੇ ਮੈਂ ਤੁਹਾਡੀ ਨਜਰ ਇਹ ਤੱਥਾਂ (facts) ਰਖ ਰਿਹਾ ਹਾਂ।

"ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੇ॥ ਕਬੀਰ ਜੀ॥1350॥

ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਇਹ ਕਬੀਰ ਜੀ ਦੀ ਰਚਨਾ ਹੈ। ਇਸਦਾ ਮਤਲਬ ਹੈ ਕਿ ਵੇਦ ਅਤੇ ਕਤੇਬ ਗਲਤ (ਝੂਠੇ) ਨਹੀਂ ਹਨ, ਸਗੋਂ ਝੂਠਾ ਉਹ ਹੈ ਜੋ ਇਨ੍ਹਾਂ ਉੱਤੇ ਵਿਚਾਰ ਨਹੀਂ ਕਰਦਾ। ਕਹਿਣ ਦਾ ਮਤਲਬ ਹੈ ਕਿ ਇਹ ਕਿਤਾਬਾਂ ਪੂਰੀ ਤਰ੍ਹਾਂ ਸਚ ਕਹਿੰਦੀ ਹਨ। ਵੇਦ ਚਾਰ ਹਨ- ਰਿੱਗਵੇਦ, ਯਜੁਰਵੇਦ, ਸਾਮਵੇਦ ਅਤੇ ਅਥਰਵਵੇਦ। ਕਤੇਬ ਵਿੱਚ ਵੀ ਚਾਰ ਕਿਤਾਬਾਂ ਹਨ:- ਤੌਰੇਤ, ਜਬੂਰ, ਅੰਜੀਲ ਅਤੇ ਕੁਰਆਨ। ਇਨ੍ਹਾਂ ਵਿਚ ਜਬੂਰ ਹੁਣ ਉਪਲਭਦ ਨਹੀਂ ਹੈ।

ਹੁਣ ਮੈਂ ਤੁਹਾਡੇ ਸਾਹਮਣੇ ਪੁਖਤਾ ਸਬੂਤ ਪੇਸ਼ ਕਰ ਰਿਹਾ ਹਾਂ, ਜਿਸ ਨਾਲ ਇਹ ਕਿਤਾਬਾਂ ਵਿੱਚ ਕਈ ਗੱਲਾਂ ਗਲਤ (ਝੂਠ) ਦਿੱਤੀ ਹੋਈ ਹਨ। ਆਸ ਕਰਦਾ ਹਾਂ ਕਿ ਤੁਸੀਂ ਸਬਰ ਨਾਲ ਪੜ੍ਹੋਗੇ ਔਰ ਇਸ਼-ਨਿੰਦਾ (Blasphemy) ਦਾ ਆਰੋਪ ਨਹੀਂ ਲਾਓਗੇ:-

ਰਿਗਵੇਦ ਦੇ ਦਸ਼ਮ ਮੰਡਲ ਵਿੱਚ ਪੁਰੁਸ਼ ਸੂਕਤ ਆਉਂਦਾ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਭਗਵਾਨ ਨੇ ਆਪਣੇ ਸਿਰ ਤੋਂ ਬ੍ਰਾਹਮਣ, ਬਾਜੂਆਂ ਤੋਂ ਖਤਰੀ, ਪੇਟ ਤੋਂ ਵੈਸ਼ ਅਤੇ ਲੱਤਾਂ ਤੋਂ ਸ਼ੂਦਰ ਪੈਦਾ ਕੀਤੇ। ਇਸੇ ਕਾਰਨ ਵਰਣ-ਵਿਵਸਥਾ ਦਾ ਜਨਮ ਹੋਇਆ, ਜਿਹੜੀ ਬਾਅਦ ਵਿੱਚ ਜਾਤ-ਪਾਤ ਦੇ ਰੂਪ ਵਿੱਚ ਸਭ ਦੇ ਸਾਹਮਣੇ ਆਈ। ਹੁਣ ਸਵਾਲ ਉੱਠਦਾ ਹੈ ਕਿ ਜੇਕਰ ਬ੍ਰਾਹਮਣ, ਖਤਰੀ, ਵੈਸ਼, ਸ਼ੂਦਰ ਭਗਵਾਨ ਨੇ ਆਪਣੇ ਸ਼ਰੀਰ ਨਾਲ ਬਣਾਏ, ਤਾਂ ਫੇਰ ਇਸਾਈ, ਮੁਸਲਮਾਨ , ਅਫ਼੍ਰੀਕੀ ਕਿੱਦਾਂ ਬਣੇ। ਇਸ ਤਰ੍ਹਾਂ ਵੇਦ ਗਲਤ ਸਾਬਿਤ ਹੁੰਦੇ ਹਨ। ਜਾਤ-ਪਾਤ ਮਨੁੱਖ ਨੇ ਆਪਣੇ ਆਪ ਬਣਾਇਆਂ ਹਨ, ਕਿਸੇ ਪਰਮਾਤਮਾ ਨੇ ਨਹੀਂ।

ਹੁਣ ਤੋਰੇਤ (old testament) ਦੀ ਗੱਲ ਕਰੀਏ। ਇਸ ਕਿਤਾਬ ਵਿੱਚ ਯਹੁਦੀਆਂ ਦਾ ਰੱਬ "ਜਿਹੋਵਾਹ" ਯਹੂਦੀਆਂ ਨੂੰ ਹੁਕਮ ਦਿੰਦਾ ਹੈ ਕਿ ਗੈਰ-ਯਹੂਦੀ ਲੋਕਾਂ (Canaanites, Hittites, Amorites etc.) ਨੂੰ ਮਾਰ ਦਿੱਤਾ ਜਾਵੇ, ਕਿਸੇ ਵੀ ਜਿਉਂਦੀ ਚੀਜ਼ ਨੂੰ ਨਾ ਬਖਸ਼ਿਆ ਜਾਵੇ।( ਹਵਾਲਾ:- Deuteronomy :20-16-17)

ਅੰਜੀਲ (ਬਾਈਬਲ new testament) ਵਿੱਚ ਇਸਾਮਸੀਹ ਕਹਿੰਦਾ ਹੈ:- " ਇਹ ਮਤ ਸਮਝੋ ਕਿ ਮੈਂ ਧਰਤੀ ਉੱਤੇ ਅਮਨ-ਸ਼ਾਂਤੀ ਦਾ ਪੈਗਾਮ ਲੈ ਕੇ ਆਇਆਂ ਹਾਂ, ਸਗੋਂ ਮੈਂ ਤਲਵਾਰ ਲੈ ਕੇ ਆਇਆਂ ਹਾਂ।"(Mathew 10:34)

ਕੁਰਆਨ ਵਿੱਚ ਖੁਦਾ ਕਹਿੰਦਾ ਹੈ ਕਿ " ਮੈਂ ਆਸਮਾਨ ਨੂੰ ਫੜਿਆ ਹੋਇਆ ਹੈ, ਤਾਂ ਜੋ ਇਹ ਡਿੱਗ ਕੇ ਥੱਲੇ ਧਰਤੀ ਤੇ ਨਾ ਆ ਜਾਵੇ। (Quran 22:65)

ਇਹ ਸਿਰਫ ਨਮੂਨੇ ਵੱਜੋਂ ਪੇਸ਼ ਕੀਤੇ ਹਨ। ਇਹ ਕਿਤਾਬਾਂ ਲੜਾਈ, ਨਫਰਤ, ਔਰਤਾਂ ਬਾਰੇ ਭੇਦਭਾਵ ਨਾਲ ਭਰੀ ਹੋਈ ਹਨ।
ਇਸ ਕਰਕੇ ਗੁਰਬਾਣੀ ਪੰਨਾ ਨੰਬਰ 1350 ਦੀ ਕਬੀਰ ਜੀ ਦੀ ਇਹ ਲਾਈਨ ਆਪੈ ਝੂਠ ਸਾਬਿਤ ਹੋ ਜਾਂਦੀ ਹੈ।
ਧੰਨਵਾਦ ਸਹਿਤ।
ਮਨੋਜ ਮਲਿਕ, ਚੰਡੀਗੜ੍ਹ।

05/31/2020 at 10:12pm

**Iqbal Singh Dhillon** In reply to ਮਨੋਜ ਮਲਿਕ (ਚੰਡੀਗੜ੍ਹ)

ਸ੍ਰੀ ਮਨੋਜ ਮਲਿਕ ਜੀ,

ਤੁਸੀਂ ਕਬੀਰ ਜੀ ਦੀ ਉਚਾਰੀ ਹੋਈ ਪੰਕਤੀ "ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥" ਦੀ ਬਿਲਕੁਲ ਹੀ ਉਲਟੀ ਵਿਆਖਿਆ ਕਰ ਰਹੇ ਹੋ। ਕਬੀਰ ਜੀ ਇਹ ਸਮਝਾਉਣਾ ਚਾਹੁੰਦੇ ਹਨ ਕਿ ਜੇਕਰ ਕਿਸੇ ਵਿਚਾਰ/ਤੱਥ ਨਾਲ ਤੁਸੀਂ ਸਹਿਮਤ ਨਹੀਂ ਤਾਂ ਵੀ ਉਸ ਦੇ ਲਈ 'ਝੂਠਾ' ਜਾਂ 'ਗਲਤ' ਵਰਗੇ ਨਾਂਹਪੱਖੀ ਲਕਬਾਂ ਦੀ ਵਰਤੋਂ ਨਾ ਕਰੋ। ਕਬੀਰ ਜੀ ਕਹਿੰਦੇ ਹਨ ਕਿ ਹਰ ਲਿਖਤ ਨੂੰ ਚੰਗੀ ਤਰ੍ਹਾਂ ਵਿਚਾਰਨ ਦੀ ਲੋੜ ਹੈ ਉਸ ਉਪਰੰਤ ਤੁਸੀਂ ਇਹ ਫੈਸਲਾ ਲੈਣ ਲਈ ਅਜ਼ਾਦ ਹੋ ਕਿ ਤੁਸੀਂ ਉਸ ਨੂੰ ਮਾਨਤਾ ਦੇਣੀ ਹੈ ਕਿ ਨਹੀਂ। ਕਿਸੇ ਲਿਖਤ ਸਬੰਧੀ ਵਿਚਾਰ ਨਾ ਕਰਨਾ ਵੀ 'ਝੂਠਾ' ਹੋਣ ਦੇ ਬਰਾਬਰ ਹੈ। ਕਬੀਰ ਜੀ ਆਪੂੰ ਬੇਦ/ਕਤੇਬ ਵਿਚ ਲਿਖੀਆਂ ਗੱਲਾਂ ਨੂੰ ਮਾਨਤਾ ਨਹੀਂ ਦੇਂਦੇ ਜਿਵੇਂ ਕਿ ਉਹਨਾਂ ਦੀਆਂ ਹੇਠਾਂ ਦਿੱਤੀਆਂ ਪੰਕਤੀਆਂ ਤੋਂ ਚੰਗੀ ਤਰ੍ਹਾਂ ਸਪਸ਼ਟ ਹੋ ਜਾਂਦਾ ਹੈ:

ਪੰਡਿਤ ਮੁਲਾਂ ਜੋ ਲਿਖਿ ਦੀਆ॥
ਛਾਡਿ ਚਲੇ ਹਮ ਕਛੂ ਨ ਲੀਆ॥ (ਗੁਰਬਾਣੀ-ਗ੍ਰੰਥ, ਪੰਨਾਂ 1159)

ਕਬੀਰ ਜੀ ਸਬੰਧਤ ਪੰਕਤੀ ਰਾਹੀਂ ਆਪਣੀ ਭਾਸ਼ਾ ਉੱਤੇ ਕਾਬੂ ਰੱਖਣ, ਨਿਮਰਤਾ ਨੂੰ ਅਪਣਾਉਣ ਅਤੇ ਵੱਖ-ਵੱਖ ਲਿਖਤਾਂ ਦਾ ਗੰਭੀਰ ਅਧਿਐਨ ਕਰਨ ਦੀ ਸਿਖਿਆ ਦੇ ਰਹੇ ਹਨ।

ਇਕਬਾਲ ਸਿੰਘ ਢਿੱਲੋਂ, ਚੰਡੀਗੜ੍ਹ।

06/01/2020 at 6:32pm 1 Like

**ENG DARSHAN SINGH KHALSA. AUSTRALIA** In reply to ਮਨੋਜ ਮਲਿਕ (ਚੰਡੀਗੜ੍ਹ)

ਵੀਰ, ਮਨੋਜ ਮਲਿਕ ਜੀ, ਸਤਿ ਸ੍ਰੀ ਅਕਾਲ।

ਤੁਹਾਡਾ ਵਿਚਾਰ ਸਾਂਝੇ ਕਰਨ ਲਈ ਧੰਨਵਾਧ।

. ਆਪ ਨੇ ਆਪਣਾ ਵਿਚਾਰਾਂ ਨੂੰ ਖੋਹਲ ਕੇ ਲਿਖਣਾ ਜਰੂਰ ਕੀਤਾ, ਪਰ 'ਬੇਦ ਅਤੇ ਕਤੇਬ' ਦੇ ਲਫਜ਼ਾਂ ਵਿਚ ਹੀ ਉੱਲਝ ਕੇ ਰਹਿ ਗਏ।
. ਮੈਂ ਆਪ ਜੀ ਦੇ ਵਿਚਾਰਾਂ ਨਾਲ ਸਹਿਮਤ ਹਾਂ, ਕਿ ਪੁਰਾਣੇ ਸਮੇਂ ਦੇ ਵੇਦਾਂ-ਕਤੇਬਾਂ ਦੇ ਲਿਖਾਰੀਆਂ ਨੇ ਆਪਣੇ ਸਮੇਂ ਦੇ ਮੁਤਾਬਿੱਕ ਜੋ ਵੀ ਲਿਖਿਆ ਹੈ, ਉਹ ਅੱਜ ਦੇ ਸਾਇੰਸੀ ਸਮੇਂ ਵਿਚ ਗਲਤ ਮਹਿਸੂਸ ਹੋ ਰਿਹਾ ਹੈ। ਸਾਨੂੰ ਲੱਗਦਾ ਹੈ ਕਿ

ਬੇਦਾਂ-ਕਤੇਬਾਂ ਵਿਚ ਝੂਠ ਲਿਖਣਾ ਕੀਤਾ ਹੈ।

. ਜੋ ਲਿਖਤ ਵਿਚ ਆਇਆ ਉਸ ਸਮੇਂ ਦੀਆਂ ਮੰਨਤਾ-ਮਨਾਊਤਾਂ ਸਨ। ਲਿਖਾਰੀਆਂ ਨੇ ਲਿਖਣਾ ਕਰ ਦਿੱਤਾ।

. ਅੱਜ ਵੀ ਸਾਇੰਸੀ ਜੁਗ ਵਿਚ ਬਹੁਤ ਸਾਰੀਆਂ ਕਿਤਾਬਾਂ ਗਰੰਥ ਮਿਲਦੇ ਹਨ . . ਜੋ ਮਿਆਰੀ ਨਹੀਂ ਹਨ। ਗਲਤ ਹਨ।

. ਤਾਂ ਕੀ . . ਅਸੀਂ ਕਿਸੇ ਲਿਖਾਰੀ ਨੂੰ ਲਿਖਣ ਤੋਂ ਰੋਕ ਸਕਦੇ ਹਾਂ ????

. ਨਹੀ ਨਾ।

. ਜੋ ਲਿਖਤ ਵਿਚ ਆ ਚੁੱਕਾ ਹੈ . . . .

. ਅੱਜ, ਅਸੀਂ ਉਸਨੂੰ ਭਾਵੇਂ ਗਲਤ ਕਹੀ ਜਾਈਏ, ਪਰ . . ਸਮੇਂ ਦੇ ਅਨੁਸਾਰੀ ਉਹਨਾਂ ਲਿਖਾਰੀਆਂ ਨੇ 'ਸੱਚ' ਲਿਖਿਆ। ਉਸਨੂੰ ਅਸੀਂ ਨਿਕਾਰ ਨਹੀਂ ਸਕਦੇ। ( ਜੋ ਲਿਖਤ ਵਿਚ ਆਉਂਦਾ ਹੈ, ਉਹ ਲਿਖਾਰੀ ਦਾ 100% ਸੱਚ ਹੁੰਦਾ ਹੈ, ਭਾਵੇ ਕਿਸੇ ਨੂੰ ਪਸੰਦ ਆਵੇ ਜਾਂ ਨਾ ਆਵੇ।)

. ਉਸਨੂੰ, ਮੰਨਣਾ ਜਾਂ ਨਾ -ਮੰਨਣਾ ਸਾਡੀ ਆਪਣੀ ਮਰਜ਼ੀ ਹੈ।

. ਆਪ ਜੀ ਨੇ ਬਾਬਾ ਕਬੀਰ ਜੀ ਦੀ ਉਚਾਰੀ ਜਿਸ ਪੰਕਤੀ ਨੂੰ ਗਲਤ ਕਰਾਰ ਦੇ ਦਿੱਤਾ ਸੀ, ਉਸਨੂੰ ਦੁਬਾਰਾ ਖੋਹਲ ਕੇ ਅਰਥਾਉਣ ਲਈ ਕਿਹਾ ਸੀ। ਪਰ ਆਪ ਜੀ ਨੇ 'ਗੁਰਬਾਣੀ' ਪੰਕਤੀ ਨੂੰ ਸਮਝਣ ਦੀ ਬਜਾਏ,

ਅਰਥਾਂ ਨੂੰ ਸਮਝਣ ਦੀ ਬਜਾਏ,

ਪੰਕਤੀ ਨੂੰ ਹੀ ਨਿਕਾਰ ਦੇਣਾ ਕੀਤਾ।

 ਭਾਵ, ਕਬੀਰ ਜੀ ਨੂੰ ਵੀ ਗਲਤ ਕਰਾਰ ਦੇਣਾ ਕੀਤਾ।

 ਭਾਵ, ਪੰਜਵੇਂ ਸਤਿਗੁਰੂ ਅਰਜਨ ਸਾਹਿਬ ਜੀ ਵੀ ਗਲਤ ਹੋ ਗਏ। ਜਿਹਨਾਂ ਨੇ ਸਾਰੀ ਬਾਣੀ ਦੀ ਐਡੀਟਿੰਗ ਕਰਕੇ ਤਰਤੀਬ ਵਾਰ 'ਗੁਰਬਾਣੀ' ਗਰੰਥ ਵਿਚ 35 ਬਾਣੀਕਾਰਾਂ ਦੀ ਰਚਨਾਵਾਂ ਦਰਜ਼ ਕਰਨੀਆਂ ਕੀਤੀਆਂ।

 ਭਾਵ, ਸਾਰੀ ਬਾਣੀ ਦਾ ਆਧਾਰ ਗਲਤ ਸਾਬਿਤ ਹੋ ਗਿਆ।

 ਭਾਵ, ਨਾਨਕ ਫਲਸ਼ਫਾ ਨਾਕਾਰ ਦਿੱਤਾ ਗਿਆ।

 ਭਾਵ, ਮਾਨਵਤਾ, ਇਨਸਾਨੀਅਤ, ਮਨੁੱਖਤਾ ਦੀ ਅਗਵਾਈ ਲਈ ਦਿੱਤਾ 'ਗਿਆਨ' ਬੇਮਾਇਨੇ ਹੋ ਗਿਆ।

 ਭਾਵ, ਸਿੱਖੀ ਫਲਸ਼ਫਾ ਖੈਰੂੰ ਖੈਰੂੰ ਹੋ ਗਿਆ, ਕਰ ਦਿੱਤਾ ਗਿਆ।

.. ਨਹੀਂ ਵੀਰ ਮਨੋਜ ਮਲਿਕ ਜੀ, . . . . ਐਸਾ ਨਹੀਂ ਹੋ ਸਕਦਾ। ਜਿਸ ਤਰਾਂ ਤੁਸੀਂ ਸੋਚਣਾ ਕੀਤਾ।

. ਬਾਬਾ ਕਬੀਰ ਜੀ ਦੁਆਰਾ ਉਚਾਰਨ ਕੀਤੀ ਪੰਕਤੀ, ਜੋ ਬਾਬਾ ਕਬੀਰ ਜੀ ਦੇ ਉਚਾਰਨ ਕੀਤੇ ਸਬਦ ਦੀ ਪਹਿਲੀ ਪੰਕਤੀ ਹੈ, ਜੋ ਹੇਠਾਂ ਦਰਜ਼ ਹੈ।

. ਆਪ ਨੇ ਸਾਇਦ ਪੰਕਤੀ ਨੂੰ ਸਮਝਣ, ਅਰਥਾਉਣ ਵੇਲੇ ਪੂਰੇ ਸਬਦ ਦਾ ਪ੍ਰਕਰਨ ਨੂੰ ਵਾਚਣਾ ਨਹੀਂ ਕੀਤਾ ਹੋਵੇਗਾ। ਧਿਆਨ ਗੋਚਰੇ ਲਿਆਉਣਾ ਨਹੀਂ ਕੀਤਾ ਹੋਵੇਗਾ।

. ਇਸ ਸਬਦ ਦੀ ਰਹਾਉ ਦੀ ਪੰਕਤੀ ਨੂੰ ਸਾਹਮਣੇ ਰੱਖ ਕੇ ਫਿਰ ਵਿਚਾਰ ਕਰਨੀ ਕਰੋ, ਤਾਂ ਤੁਹਾਨੂੰ ਸਹੀ ਪੰਕਤੀ ਵਿਚਾਰ ਦੀ ਸਮਝ ਆਏਗੀ।

ਪ੍ਰਭਾਤੀ ॥ ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥ ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ ॥੧॥ ਮੁਲਾਂ ਕਹਹੁ ਨਿਆਉ ਖੁਦਾਈ ॥ ਤੇਰੇ ਮਨ ਕਾ ਭਰਮੁ ਨ ਜਾਈ ॥੧॥ ਰਹਾਉ ॥ ਪਕਰਿ ਜੀਉ ਆਨਿਆ ਦੇਹ ਬਿਨਾਸੀ ਮਾਟੀ ਕਉ ਬਿਸਮਿਲਿ ਕੀਆ ॥ ਜੋਤਿ ਸਰੂਪ ਅਨਾਹਤ ਲਾਗੀ ਕਹੁ ਹਲਾਲੁ ਕਿਆ ਕੀਆ ॥੨॥ ਕਿਆ ਉਜੂ ਪਾਕੁ ਕੀਆ ਮੂਹੁ ਧੋਇਆ ਕਿਆ ਮਸੀਤਿ ਸਿਰੁ ਲਾਇਆ ॥ ਜਉ ਦਿਲ ਮਹਿ ਕਪਟੁ ਨਿਵਾਜ ਗੁਜਾਰਹੁ ਕਿਆ ਹਜ ਕਾਬੈ ਜਾਇਆ ॥੩॥ ਤੂੰ ਨਾਪਾਕੁ ਪਾਕੁ ਨਹੀ ਸੂਝਿਆ ਤਿਸ ਕਾ ਮਰਮੁ ਨ ਜਾਨਿਆ ॥ ਕਹਿ ਕਬੀਰ ਭਿਸਤਿ ਤੇ ਚੂਕਾ ਦੋਜਕ ਸਿਉ ਮਨੁ ਮਾਨਿਆ ॥੪॥੪॥

. ਵੀਰ ਮਨੋਜ ਮਲਿਕ ਜੀ, ਦੁਨੀਆਵੀ ਪੜ੍ਹਾਈ (ਸਾਇੰਸ) ਨੇ ਮਨੁੱਖ ਨੂੰ ਬਹੁੱਤ ਕੁੱਝ ਦੇਣਾ ਕੀਤਾ ਹੈ ਅਤੇ ਦੇ ਵੀ ਰਹੀ ਹੈ। ਇਹ ਦੁਨੀਆਵੀ ਪੜ੍ਹਾਈ ਵੀ ਮਨੁੱਖਾਂ ਦੁਆਰਾ ਹੀ ਘੜੀ/ਬਣਾਈ ਗਈ ਹੈ।

. ਜੋ ਅੱਜ ਸਹੀ ਅਤੇ ਬਹੁਤ ਸੋਹਣਾ ਲੱਗ ਰਿਹਾ ਹੈ, ਆਉਂਣ ਵਾਲੇ 500 ਸਾਲ ਬਾਅਦ ਬੇਕਾਰ ਸਮਝਿਆ ਜਾਵੇਗਾ। ਤਾਂ ਸਾਡੇ ਅੱਜ ਦੇ ਵਿਚਾਰ ਝੂਠੇ ਸਾਬਿਤ ਹੋ ਜਾਣਗੇ। ਅਸੀਂ ਗਲਤ ਸਾਬਿਤ ਹੋ ਜਾਂਵਾਂਗੇ।

. ਨਹੀਂ !! ਜੋ ਅੱਜ ਦਾ ਸ਼ੱਚ ਹੈ, ਉਹ ਸ਼ੱਚ ਹੀ ਰਹੇਗਾ। ਉਸਨੂੰ ਕੋਈ ਪਸੰਦ ਕਰਦਾ ਹੈ ਜਾਂ ਨਹੀਂ।

. 500 ਸਾਲ ਬਾਅਦ ਅੱਜ ਦੇ 'ਸੱਚ' ਨੂੰ ਸਮਝਣ ਲਈ 'ਅੱਜ ਦੇ ਸੱਚ' ਨੂੰ ਵਿਚਾਰਨਾ ਹੋਵੇਗਾ।

. ਜੋ ਨਹੀਂ ਵਿਚਾਰੇਗਾ . . . ਉਹ ਝੂਠਾ ਸਾਬਿਤ ਹੋਵੇਗਾ।

. ਇਹੀ ਵਿਚਾਰ ਬਾਬਾ ਕਬੀਰ ਜੀ ਸਮਝਾਉਣਾ ਕਰ ਰਹੇ ਹਨ।

. ਵੀਰ ਡਾ ਇਕਬਾਲ ਸਿੰਘ ਢਿੱਲੋਂ ਜੀ ਨਾਲ ਪੂਰੀ ਸਹਿਮਤ ਹਾਂ। ਮੈਂ ਤੁਹਾਨੂੰ ਇਸੇ ਵਿਚਾਰ ਵੱਲ ਲਿਆਉਣਾ ਚਹੁੰਦਾ ਸਾਂ, ਇਸੇ ਲਈ ਦੁਬਾਰਾ ਖੋਹਲ ਕੇ ਲਿਖਣ ਲਈ ਕਿਹਾ ਸੀ।

. ਪੰਜਵੇਂ ਸਤਿਗੁਰੂ ਅਰਜਨ ਸਾਹਿਬ ਅਤੇ ਭਾਈ ਗੁਰਦਾਸ ਜੀ ਦੁਆਰਾ ਐਡੀਟਿੰਗ ਕੀਤੀ ਸਮੱਗਰ ਗੁਰਬਾਣੀ ਵਿਚ ਤੁਹਾਨੂੰ 'ਗੁਰਮੱਤ' ਫਲਸ਼ਫੇ ਤੋਂ ਉੱਲਟ ਕੋਈ ਐਸੀ ਗਵਾਹੀ ਨਹੀਂ ਮਿਲੇਗੀ . . ਜਿਸਨੂੰ ਤੁਸੀਂ ਗਲਤ ਕਰਾਰ ਦੇ ਸਕੋ, ਇਹ ਮੇਰਾ ਵਿਸ਼ਵਾਸ ਹੈ।

. 'ਗੁਰਬਾਣੀ' ਕੇਵਲ ਮਨੁੱਖਤਾ, ਮਾਨਵਤਾ, ਇਨਸਾਨੀਅਤ ਨੂੰ ਮੁਖਾਤਿੱਬ ਹੈ। ਕਿਸੇ ਧਰਮ ਕੱਟੜ-ਪੰਥੀਆਂ ਨੂੰ ਨਹੀਂ।

. 35 ਬਾਣੀਕਾਰ ਭਾਵੇਂ ਭਗਤੀ ਭਾਵ ਵਾਲੇ ਸਨ, ਪਰ . . ਉਹ ਸਨ ਪੂਰੇ ਕ੍ਰਾਂਤੀਕਾਰੀ। ਉਹਨਾਂ ਮਨੁੱਖਾ ਸਮਾਜ ਦੇ ਚੱਲ ਰਹੇ ਤੌਰ ਤਰੀਕਿਆਂ ਉੱਪਰ ਚੋਟ ਕਰਨੀ ਕੀਤੀ, ਸੁਧਾਰ ਲਿਆਉਂਣੇ ਕੀਤੇ, ਪੂਜਾਰੀਆਂ, ਬ੍ਰਾਹਮਣਾਂ, ਰਜਵਾੜਿਆਂ, ਕਾਜ਼ੀਆਂ ਯੋਗੀਆਂ ਨੂੰ ਲਿਤਾੜਾਂ ਪਾਈਆਂ।

. ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥ ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥ਮ1 ॥662॥

. ਬਾਬਾ ਕਬੀਰ ਜੀ ਵੀ ਆਪਣੀ ਬਾਣੀ ਵਿਚ ਕਹਿ ਰਹੇ ਹਨ ਕਿ:-

 ਹਮਰਾ ਝਗਰਾ ਰਹਾ ਨਾ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ॥

 ਪੰਡਿਤ ਮੁਲਾਂ ਜੋ ਲਿਖ ਦੀਆ ਛਾਡਿ ਚਲੇ ਹਮ ਕਛੂ ਨ ਲੀਆ॥ਕਬੀਰ ਜੀ

 1158॥

** 'ਜਪੁ' ਬਾਣੀ ਦੀ ਪਹਿਲੀ ਪਉੜੀ ਦੀਆਂ ਪਹਿਲੀਆਂ ਚਾਰ ਪੰਕਤੀਆਂ ਸਮੇਂ ਦੇ ਪੂਜਾਰੀ ਨੂੰ ਲਿਤਾੜਾਂ ਸਨ, ਵੰਗਾਰ ਸਨ, ਜਾਹਰ ਤੌਰ ਤੇ ਚੈਲੈਂਜ਼ ਸੀ।

- ਸੋਚੈ ਸੋਚਿ ਨਾ ਹੋਵਈ ਜੇ ਸੋਚੀ ਲਖ ਵਾਰ॥
- ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥
- ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥
- ਸ਼ਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥ ਮ1 ॥1॥

. ਸੋ ਵੀਰ ਮਨੋਜ ਮਲਿਕ ਜੀ, ਜਾਣਕਾਰੀਆਂ ਜਰੂਰ ਲਵੋ, ਪਰ ਤੱਥਾਂ ਨੂੰ ਜਰੂਰ ਵਿਚਾਰਨਾ ਕਰੋ।

. 'ਗੁਰਬਾਣੀ' ਗਰੰਥ . . . ਕਿਸੇ ਚੇਲੇ–ਵੇਲੇ, ਸਰਧਾਲੂ ਨੇ ਲਿਖਣ ਵਿਚ ਲਿਆਉਂਣਾ ਨਹੀਂ ਕੀਤਾ . . . ਬਲਕਿ ਆਪ ਖੁਦ, ਆਪ ਪੰਜਵੇਂ ਗੁਰੂ ਸਾਹਿਬ ਜੀ ਨੇ ਸਾਰੀ ਬਾਣੀ ਨੂੰ ਘੋਖਣਾ ਕਰ ਕੇ ਸੰਪਾਦਨਾ ਕਰਨਾ ਕੀਤਾ।

. ਤੁਹਾਡੀਆਂ ਟਿਪਣੀਆਂ ਕਿ ਬਾਬਾ ਕਬੀਰ ਜੀ ਗਲਤ ਸਾਬਿਤ ਹੋ ਜਾਂਦੇ ਹਨ . . . ਬੇਮਾਇਨੇ ਹਨ। ਦੁਬਾਰਾ ਵਿਚਾਰਨਾ ਕਰੋ ਅਤੇ ਆਪਣਾ ਸਪੱਸਟੀ ਕਰਨ ਜਰੂਰ ਦੇਣਾ।

. ਤੁਹਾਡੇ ਵਿਚਾਰਾਂ ਨਾਲ ਬਹੁਤ ਹੱਦ ਤੱਕ ਸਹਿਮਤੀ ਹੈ, . . ਇਸ ਵਿਸ਼ੇ ਬਾਰੇ ਬਿੱਲਕੁੱਲ ਅਸਹਿਮਤੀ ਹੈ।

. ਬਾਬਾ ਕਬੀਰ ਜੀ ਦੇ ਸਬਦ ਦੀ ਵਿਚਾਰ ਦੀ ਲੋੜ ਮਹਿਸੂਸ ਨਹੀਂ ਹੋ ਰਹੀ ਕਿਉਂਕਿ ਵੀਰ ਡਾ, ਇਕਬਾਕਲ ਸਿੰਘ ਜੀ ਨੇ ਬਾਬਾ ਕਬੀਰ ਜੀ ਦਾ ਅਸਲ ਭਾਵ/ਮਕਸਦ ਲਿਖਣਾ ਕਰ ਦਿੱਤਾ ਹੈ।

. ਧੰਨਵਾਧ ਵੀਰ ਡਾ. ਇਕਬਾਲ ਸਿੰਘ ਢਿੱਲੋਂ ਜੀਉ।

ਧੰਨਵਾਧ।

ਇੰਜ ਦਰਸਨ ਸਿੰਘ ਖਾਲਸਾ

ਅਸਟਰੇਲੀਆ

02 ਜੂਨ 2020

06/02/2020 at 8:48am

**Dr. Sarbjit Singh**

Reply to the comments of Dr. Ikbal Singh

ਡਾ: ਇਕਬਾਲ ਸਿੰਘ ਜੀ ਨੇ ਆਪਣੀ ੨੧.੦੫.੨੦੨੦ ਦੀ ਪੋਸਟ ਵਿਚ ਕਿਹਾ ਹੈ, ਕਿ ਵਿਗਿਆਨ ਧਰਮ ਕੋਈ ਹੁੰਦਾ ਹੀ ਨਹੀਂ। ਉਸ ਦੇ ਉੱਤਰ ਵਿਚ ਦਾਸ ਇਤਨਾ ਹੀ ਕਹੇਗਾ ਕਿ ਵਿਗਿਆਨ ਕੋਈ ਪਦਾਰਥ ਨਹੀਂ ਹੈ, ਤੇ ਨਾ ਹੀ ਧਰਮ ਕੋਈ ਪਦਾਰਥ ਹੈ। ਜਿਨ੍ਹਾਂ ਨੂੰ ਕਿਸੇ ਨੂੰ ਹੱਥ ਨਾਲ ਫੜ ਕੇ ਵਿਖਾਇਆ ਜਾ ਸਕਦਾ ਹੈ, ਜਾਂ ਦਿਤਾ ਜਾ ਸਕਦਾ ਹੈ। ਵਿਗਿਆਨ

(ਸਾਇੰਸ) ਦਾ ਸਬੰਧ ਗਿਆਨ ਨਾਲ ਹੈ, ਤੇ ਧਰਮ ਦਾ ਸਬੰਧ ਵੀ ਗਿਆਨ ਨਾਲ ਹੈ। ਦਾਸ ਦਾ ਸਬੰਧ ਸਿਰਫ ਸਿੱਖ ਧਰਮ (ਗੁਰੂ ਗਰੰਥ ਸਾਹਿਬ) ਨਾਲ ਹੈ, ਕਿਸੇ ਦੂਸਰੇ ਧਰਮ ਜਾਂ ਮਜਬ ਨਾਲ ਨਹੀਂ ਹੈ। ਹੋ ਸਕਦਾ ਹੈ ਕਿ ਕੋਈ ਦੂਸਰੇ ਧਰਮ ਜਾਂ ਮਜਬ ਵਾਲਾ ਤੁਹਾਡੇ ਹੱਥ ਵਿਚ ਗਰਮਾ ਗਰਮ ਬਰਫ ਫੜਾ ਦੇਵੇ, ਲੇਕਿਨ ਸਿੱਖ ਧਰਮ ਵਾਲਾ ਸਿਰਫ, ਜਾਂ ਤਾਂ ਠੱਡੀ ਬਰਫ ਦੇ ਸਕਦਾ ਹੈ, ਤੇ ਜਾਂ ਗਰਮ ਭਾਫ ਹੀ ਦੇ ਸਕਦਾ ਹੈ। ਗਰਮਾ ਗਰਮ ਬਰਫ ਨਹੀਂ, ਜੋ ਕਿ ਡਾ: ਇਕਬਾਲ ਸਿੰਘ ਜੀ ਨੇ ਆਪਣੇ ਉੱਤਰ ਵਿਚ ਕਿਹਾ ਹੈ।

ਵਿਗਿਆਨ ਤੇ ਸਿੱਖ ਧਰਮ ਦਾ ਫਰਕ ਸਿਰਫ ਇਤਨਾ ਹੈ, ਕਿ ਵਿਗਿਆਨ ਆਪਣੇ ਆਪ ਨੂੰ ਪਦਾਰਥ ਦੀ ਖੋਜ ਤਕ ਸੀਮਿਤ ਰੱਖਦਾ ਹੈ ਤੇ ਵਿਗਿਆਨ ਦੀ ਮਨ ਤਕ ਖੋਜ ਬਹੁਤ ਘੱਟ ਹੁੰਦੀ ਹੈ। ਸਿੱਖ ਧਰਮ (ਗੁਰੂ ਗਰੰਥ ਸਾਹਿਬ) ਵਿਚ ਜਿਆਦਾਤਰ ਮਨ ਨੂੰ ਖੋਜਣ ਤੇ ਸੁਧਾਰਨ ਲਈ ਸਿਖਿਆ ਦਿਤੀ ਗਈ ਹੈ, ਸਰੀਰ ਨੂੰ ਸੁਧਾਰਨ ਸਬੰਧੀ ਘਟ ਸਬਦ ਮਿਲਦੇ ਹਨ। ਕਿਉਂਕਿ ਜੇਕਰ ਮਨ ਸੁਧਰ ਗਿਆ ਤਾਂ ਸਰੀਰ ਆਪਣੇ ਆਪ ਸੁਧਰ ਜਾਵੇਗਾ। ਵਿਗਿਆਨ ਵੀ ਖੋਜ ਦੀ ਗੱਲ ਕਰਦੀ ਹੈ, ਤੇ ਸਿੱਖ ਧਰਮ (ਗੁਰੂ ਗਰੰਥ ਸਾਹਿਬ) ਵੀ ਖੋਜਣ ਲਈ ਕਹਿੰਦੇ ਹਨ। ਵਿਗਿਆਨ ਅਨੁਸਾਰ ਕੋਈ ਰਵਾਇਤਾ ਜਾਂ ਮਨਘੜਤ ਕਹਾਣੀਆਂ ਪਰਵਾਨ ਨਹੀਂ ਹਨ ਤੇ ਨਾ ਹੀ ਸਿੱਖ ਧਰਮ ਅਨੁਸਾਰ ਕੋਈ ਰਵਾਇਤਾ ਜਾਂ ਮਨਘੜਤ ਕਹਾਣੀਆਂ ਪਰਵਾਨ ਹਨ। ਖੋਜਣ ਦੀ ਕਿਉਂ ਲੋੜ ਹੈ, ਇਸ ਸਬੰਧੀ ਆਪ ਜੀ ਦਾ ਦਾਸ ਦੀ ਕਿਤਾਬ "ਗੁਰਮਤਿ ਅਤੇ ਸਾਇੰਸ ਇਸ ਅਜੋਕੇ ਯੁਗ ਵਿਚ" ਦੇ ਭਾਗ ੧ ਵਿਚ ਗੁਰਬਾਣੀ ਦੇ ਦਿਤੇ ਗਏ ਪ੍ਰਮਾਣ, ਵਿਸਥਾਰ ਨਾਲ ਵੇਖ ਕੇ ਪਰਖ ਸਕਦੇ ਹੋ ਜੀ।

http://www.geocities.ws/sarbjitsingh/BookGurmatAndScience.pdf,

The way science can have many branches like, Physics, Chemistry, Biology, Botony, Geography, Astronomy, Psychology, Physical Science, Chemical Science, Geological Science, Physiological Science, etc. The same way one can try to include Sikhism (Guru Granth Sahib) also in similar or additional category which deals with the mind to a great extent and is very much essential for having a successful and happy life (ਅਨੰਦ).

ਜਿਹੜੀ ਚੀਜ, ਜਿਸ ਤਰ੍ਹਾਂ ਦੇ ਆਧਾਰ ਤੇ ਹੋਵੇ, ਜਿਸ ਬਾਰੇ ਗਿਆਨ ਦੇਵੇ ਜਾਂ ਜਿਸ ਤਰ੍ਹਾਂ ਦਾ ਗਿਆਨ ਦੇਵੇ, ਉਸ ਨੂੰ ਉਹੋ ਜਿਹੇ ਖੇਤਰ (Field) ਵਿਚ ਗਿਣਿਆ ਜਾ ਸਕਦਾ ਹੈ। ਗੁਰਮਤਿ ਦਾ ਸਬੰਧ ਸਚ ਨਾਲ ਹੈ ਤੇ ਸਾਇੰਸ ਦਾ ਸਬੰਧ ਵੀ ਸਚ ਨਾਲ ਹੈ। ਫਰਕ ਸਿਰਫ ਇਤਨਾਂ ਹੈ, ਕਿ ਗੁਰਮਤਿ ਦਾ ਘੇਰਾ ਬਹੁਤ ਵਿਸ਼ਾਲ ਹੈ। ਸਾਇੰਸ, ਜੋ ਚੀਜ਼ ਵੇਖੀ ਜਾ ਸਕਦੀ ਹੈ, ਅਨੁਭਵ ਕੀਤੀ ਜਾ ਸਕਦੀ ਹੈ, ਜਾਂ ਕਿਸੇ ਯੰਤਰ ਨਾਲ ਵੇਖੀ ਜਾ ਸਕਦੀ ਹੈ, ਉਸ ਤਕ ਹੀ ਸੀਮਿਤ ਰਹਿੰਦੀ ਹੈ। ਇਹੀ ਕਾਰਨ ਹੈ ਕਿ ਸਾਇੰਸ ਦੀ ਮਨ ਸਬੰਧੀ ਖੋਜ ਬਹੁਤ ਘਟ ਹੈ, ਕਿਉਂਕਿ ਮਨ ਦੀਆਂ ਭਾਵਨਾਵਾਂ ਜਾਂ ਤਰੰਗਾ ਸਿਧੇ ਤੌਰ ਤੇ ਕਿਸੇ ਯੰਤਰ ਨਾਲ ਵੇਖੀਆਂ ਨਹੀਂ ਜਾ ਸਕਦੀਆਂ ਹਨ।

ਗੁਰੂ ਨਾਨਕ ਸਾਹਿਬ ਦੇ ਸਮੇਂ ਵਿਚ, ਸਾਇੰਸ ਨਾਂ ਦਾ, ਕੋਈ ਵੱਖਰਾ ਵਿਸ਼ਾ ਨਹੀਂ ਪੜ੍ਹਾਂਇਆ ਜਾਂਦਾ ਸੀ। ਪਰੰਤੂ ਜੇਕਰ ਅੱਜ ਦੀ ਸਾਇੰਸ ਨਾਲ ਤੁਲਨਾਂ ਕੀਤੀ ਜਾਵੇ ਤਾਂ ਸਮਝ ਆ ਜਾਂਦੀ ਹੈ, ਕਿ ਗੁਰੂ ਨਾਨਕ ਸਾਹਿਬ ਨੂੰ ਉਚੇ ਪੱਧਰ ਤਕ ਸਾਇੰਸ ਦਾ ਵੀ ਗਿਆਨ ਸੀ। ਇਥੇ ਹੀ ਨਹੀਂ ਭਾਈ ਗੁਰਦਾਸ ਜੀ ਦੀਆਂ ਬਹੁਤ ਸਾਰੀਆਂ ਵਾਰਾਂ ਤੇ ਕਬਿਤ ਇਹੀ ਸੰਕੇਤ ਦੇਂਦੇ ਹਨ, ਕਿ ਉਨ੍ਹਾਂ ਨੂੰ ਵੀ ਉਚੇ ਪੱਧਰ ਤਕ ਸਾਇੰਸ ਦਾ ਗਿਆਨ ਸੀ। ਉਨ੍ਹਾਂ ਨੇ ਗੁਰਮਤਿ ਦੇ ਸਿਧਾਂਤ ਸਮਝਾਂਣ ਲਈ ਅਨੇਕਾਂ ਤਰ੍ਹਾਂ ਦੀਆਂ ਠੋਸ

ਉਦਾਹਰਣਾਂ ਦਿਤੀਆਂ ਹਨ। ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਦੀਆਂ ਉਦਾਹਰਣਾ ਲੈ ਕੇ ਹੇਠ ਲਿਖੀ ਕਿਤਾਬ ਵਿਚ ਇਹੀ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ, ਕਿ ਕਿਸ ਤਰ੍ਹਾਂ ਗੁਰੂ ਸਾਹਿਬ ਨੇ ਅੱਜ ਦੀ ਸਾਇੰਸ ਤੇ ਉਸ ਤੋਂ ਵੀ ਅੱਗੇ ਦੀਆਂ ਗੱਲਾਂ, ਗੁਰਬਾਣੀ ਵਿਚ ਕੀਤੀਆ ਹਨ।

http://www.geocities.ws/sarbjitsingh/BookGurmatAndScience.pdf,

ਦਾਸ ਦੀ ਇਸ ਕਿਤਾਬ, "ਗੁਰਮਤਿ ਅਤੇ ਸਾਇੰਸ ਇਸ ਅਜੋਕੇ ਯੁਗ ਵਿਚ", ਦੇ ੨੯ ਭਾਗਾਂ ਵਿਚ ਸਾਇੰਸ ਸਬੰਧੀ ਹੇਠ ਲਿਖੇ ਪਹਿਲੂਆਂ ਬਾਰੇ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਹੋਰ ਖੋਜ ਕਰਨ ਨਾਲ ਹੋ ਸਕਦਾ ਹੈ, ਇਨ੍ਹਾਂ ਵਿਚ ਸਮੇਂ ਨਾਲ ਹੋਰ ਵਾਧਾ ਵੀ ਹੋ ਸਕੇ।

- ਗੁਰਸਿੱਖ ਲਈ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਦੀ ਖੋਜ਼ ਕਰਨੀ ਜਰੂਰੀ ਹੈ
- ਅਕਾਲ ਪੁਰਖੁ ਦੀ ਪਰਿਭਾਸ਼ਾ ਤੇ ਉਸ ਦਾ ਹੁਕਮੁ
- ਗੁਰਬਾਣੀ ਅਨੁਸਾਰ ਕੁਦਰਤ ਦਾ ਕੋਈ ਅੰਤ ਨਹੀਂ
- ਸ੍ਰਿਸ਼ਟੀ ਕਿਸ ਤਰ੍ਹਾਂ ਪੈਦਾ ਹੋਈ?
- ਸਰੀਰਕ ਜੀਵਨ ਦਾ ਆਧਾਰ ਪਾਣੀ ਅਤੇ ਹਵਾ ਹਨ ਤੇ ਆਤਮਿਕ ਜੀਵਨ ਦਾ ਆਧਾਰ ਗੁਰੂ ਹੈ
- ਅਕਾਲ ਪੁਰਖੁ ਆਪ ਹੀ ਆਪਣੇ ਆਪ ਨੂੰ ਪੈਦਾ ਕਰਨ ਵਾਲਾ ਹੈ
- ਅਕਾਲ ਪੁਰਖੁ ਆਪ ਹੀ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਤੇ ਆਪ ਹੀ ਸੰਭਾਲਣ ਵਾਲਾ ਹੈ
- ਅਕਾਲ ਪੁਰਖੁ ਨੇ ਇਹ ਕੁਦਰਤ ਸੁੰਨ ਤੋਂ ਪੈਦਾ ਕੀਤੀ
- ਅਕਾਲ ਪੁਰਖੁ ਨੂੰ ਅੱਖਾਂ ਨਾਲ ਨਹੀਂ ਵੇਖਿਆ ਜਾ ਸਕਦਾ ਪਰੰਤੂ ਉਸ ਦੀ ਰਚਨਾ ਵਿਚੋਂ ਅਨੁਭਵ ਕੀਤਾ ਜਾ ਸਕਦਾ ਹੈ
- ਅਕਾਲ ਪੁਰਖੁ ਆਪ ਹੀ ਇਸ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਹੈ ਤੇ ਸਮੇਟਣ ਵਾਲਾ ਹੈ
- ਨਹ ਕਿਛੁ ਜਨਮੈ ਨਹ ਕਿਛੁ ਮਰੈ ॥ ਆਪਨ ਚਲਿਤੁ ਆਪ ਹੀ ਕਰੈ
- ਜੀਵਾਂ ਦੀ ਉਤਪਤੀ ਕਿਸ ਤਰ੍ਹਾਂ ਹੁੰਦੀ ਹੈ ਤੇ ਪਦਾਰਥ ਕਿਵੇ ਬਣਦੇ ਹਨ
- ਮਨੁੱਖ ਕੋਲ ਬੁਧੀ ਹੈ ਪਰ ਆਮ ਜੀਵਾਂ ਕੋਲ ਨਹੀਂ
- ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਅਨੁਸਾਰ ਬੇਅੰਤ ਖਾਣੀਆਂ ਹਨ
- ਆਮ ਤੌਰ ਤੇ ੮੪ ਲੱਖ ਜੂਨਾਂ ਮੰਨੀਆਂ ਜਾਂਦੀਆਂ ਹਨ, ਪਰੰਤੂ ਗੁਰਬਾਣੀ ਅਨੁਸਾਰ ਬੇਅੰਤ ਜੂਨਾਂ ਹੋ ਸਕਦੀਆਂ ਹਨ
- ਅਕਾਲ ਪੁਰਖੁ ਜੀਵ ਨੂੰ ਬਿਨਾ ਸੁਆਸ ਦੇ ਵੀ ਰੱਖ ਸਕਦਾ ਹੈ
- ਪੌਦੇ ਵੀ ਜੀਵ ਹਨ ਤੇ ਸਭ ਦੇ ਜੀਵਨ ਦਾ ਆਧਾਰ ਪਾਣੀ ਹੈ
- ਅਕਾਲ ਪੁਰਖ ਅਤੇ ਉਸ ਦੀ ਰਚਨਾ ਦਾ ਅੰਤ ਨਹੀਂ ਪਾਇਆ ਜਾ ਸਕਦਾ
- ਜੋ ਵੀ ਪੈਦਾ ਹੋਇਆ ਹੈ ਉਸ ਨੇ ਇਕ ਦਿਨ ਮਰਨਾ ਹੈ
- ਗੁਰਬਾਣੀ ਸੱਚ ਅਤੇ ਸੱਚੇ ਜੀਵਨ ਦੀ ਜਾਚ ਸਿਖਾਉਂਦੀ ਹੈ, ਪਰੰਤੂ ਸਾਇੰਸ ਸਿਰਫ ਵੇਖ ਸਕਣ ਵਾਲੇ ਸੱਚ ਦੀ ਗੱਲ ਕਰਦੀ ਹੈ
- ਸ੍ਰਿਸ਼ਟੀ ਦੀ ਸਾਜਨਾ ਕਿਸ ਨੇ ਕੀਤੀ
- ਗੁਰੂ ਸਾਹਿਬਾਂ ਨੇ ਅਕਾਲ ਪੁਰਖ ਨੂੰ ਅੰਦਰ ਖੋਜ਼ਣ ਲਈ ਕਿਹਾ ਹੈ, ਜੋ ਬਾਹਰ ਹੈ, ਉਹੀ ਅੰਦਰ ਹੈ

- ਅਕਾਲ ਪੁਰਖ ਦੇ ਨਿਰਗੁਨ ਸਰਗੁਨ ਸਰੂਪ
- ਸਿੱਖ ਧਰਮ ਵਿਚ ਕੇਸਾਂ ਦੀ ਮਹੱਤਤਾ
- ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ
- ਚੰਦਰਮਾ ਸੂਰਜ ਕੋਲੋ ਚਾਨਣ ਲੈਂਦਾ ਹੈ

ਗੁਰੂ ਨਾਨਕ ਸਾਹਿਬ ਨੇ ਸੱਚ ਤੇ ਵਿਗਿਆਨ ਦੇ ਆਧਾਰ ਤੇ ਇਕ ਅਧੁਨਿਕ ਧਰਮ ਤੇ ਸਮਾਜ ਦਾ ਆਰੰਭ ਕੀਤਾ। ਦੁਨੀਆ ਦੇ ਬਹੁਤ ਸਾਰੇ ਲੋਕਾਂ ਜਾਂ ਧਰਮਾਂ ਨੇ ਅਕਾਲ ਪੁਰਖੁ ਦੀ ਪਰਿਭਾਸ਼ਾ ਆਪਣੀ ਆਪਣੀ ਕਲਪਨਾਂ ਦੇ ਆਧਾਰ ਤੇ ਦਿਤੀ ਹੈ। ਕਿਸੇ ਨੇ ਮਨੁੱਖ ਨੂੰ ਅਕਾਲ ਪੁਰਖੁ ਦਾ ਦਰਜਾ ਦੇ ਦਿਤਾ ਤੇ ਕਿਸੇ ਨੇ ਜੀਵ ਜੰਤੂ, ਵਸਤੂ ਜਾਂ ਸਥਾਨ ਨੂੰ ਅਕਾਲ ਪੁਰਖ ਦਾ ਦਰਜਾ ਦੇ ਦਿਤਾ। ਪਰੰਤੂ ਇਹ ਸਭ ਕੁਝ ਤਾਂ ਖੁਦ ਅਕਾਲ ਪੁਰਖੁ ਦੇ ਆਪਣੇ ਬਣਾਏ ਹੋਏ ਹਨ, ਜੋ ਕਿ ਨਾਸ਼ਵੰਤ ਹਨ। ਜੇ ਅਕਾਲ ਪੁਰਖ ਹੀ ਨਾਸ ਹੋ ਗਿਆ ਤਾਂ ਬਾਕੀ ਕੀ ਰਹਿ ਜਾਵੇਗਾ। ਗੁਰੂ ਗਰੰਥ ਸਾਹਿਬ ਵਿਚ ਅੰਕਿਤ ਸਿਰਲੇਖ ਅਕਾਲ ਪੁਰਖੁ ਨੂੰ ਵਿਗਿਆਨਕ ਤਰੀਕੇ ਨਾਲ ਦਰਸਾਉਂਣ ਦਾ ਆਰੰਭ ਹੈ। ਇਸ ਨੂੰ ਅਕਾਲ ਪੁਰਖੁ ਸਬੰਧੀ ਸਾਇੰਸ ਦਾ ਮੁੱਢ ਵੀ ਕਹਿ ਸਕਦੇ ਹਾਂ। ਗੁਰੂ ਨਾਨਕ ਸਾਹਿਬ ਨੇ ਅਕਾਲ ਪੁਰਖੁ ਦੀ ਪਰਿਭਾਸ਼ਾ ਕਲਪਨਾਂ ਦੇ ਆਧਾਰ ਤੇ ਨਹੀਂ ਦਿਤੀ, ਬਲਕਿ ਪੂਰਨ, ਉਚੇ ਪੱਧਰ ਦੀ ਸਾਇੰਸ ਦੇ ਆਧਾਰ ਤੇ ਦਿੱਤੀ ਹੈ।
ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥(੧)

You may please listen to qualities of Akal Purkh, in brief from the following video. i.e. Gurmat Vichar Part 06, ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ, Understanding the Hukam of Akal Purkh

https://youtu.be/EOiWHuAMk7Y

ਗੁਰੂ ਨਾਨਕ ਸਾਹਿਬ ਨੇ ਜਪੁਜੀ ਸਾਹਿਬ ਦੀ ਪਹਿਲੀ ਪਉੜੀ ਵਿਚ ਹੀ ਹੋਰਨਾਂ ਮਤਾਂ ਦਾ ਜਿਕਰ ਕਰਦੇ ਹੋਏ ਸਿੱਖ ਧਰਮ ਦੇ ਮੁਢਲੇ ਸਿਧਾਂਤ, 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ' , ਬਾਰੇ ਵੀ ਸਪੱਸ਼ਟ ਜਾਣਕਾਰੀ ਦੇ ਦਿਤੀ ਹੈ।
ਸਾਡੇ ਭੁਲੇਖਿਆਂ ਦਾ ਕਾਰਨ ਇਹੀ ਹੈ, ਕਿ ਅਸੀਂ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਤੇ ਘਟ ਵਿਸ਼ਵਾਸ ਕਰਦੇ ਹਾਂ, ਤੇ ਹੋਰਨਾਂ ਲਿਖਤਾਂ ਤੇ ਜਿਆਦਾ। ਅਸੀਂ ਸਿੱਖ ਧਰਮ ਦੇ ਬਹੁਤ ਸਾਰੇ ਕਾਨੂੰਨ ਅਜੇਹੇ ਬਣਾ ਦਿਤੇ ਹਨ, ਜਿਹੜੇ ਕਿ ਗੁਰੂ ਗਰੰਥ ਸਾਹਿਬ ਵਿਚ ਮਿਲਦੇ ਹੀ ਨਹੀਂ। ਉਦਾਰਹਣ ਦੇ ਤੌਰ ਤੇ ਸਿੱਖ ਧਰਮ ਦਾ ਮੁਢਲੇ ਸਿਧਾਂਤ। ਗੁਰੂ ਗਰੰਥ ਸਾਹਿਬ ਵਿਚ ਕੋਈ ਸਬਦ ਸਿਧੇ ਤੌਰ ਤੇ ਨਹੀਂ ਮਿਲਦਾ ਹੈ, ਜਿਹੜਾ ਕਹਿੰਦਾ ਹੈ ਕਿ "ਨਾਮ ਜਪਣਾ, ਵੰਡ ਛਕਣਾ, ਕਿਰਤ ਕਰਨੀ", ਸਿੱਖ ਧਰਮ ਦਾ ਮੁਢਲਾ ਸਿਧਾਂਤ ਹੈ। ਇਹ ਸਾਡਾ ਆਪਣਾ, ਆਪ ਪ੍ਰਚਾਰ ਕਰਕੇ ਬਣਾਇਆ ਗਿਆ ਸਿਧਾਂਤ ਹੈ। ਜੇਕਰ ਗੁਰੂ ਗਰੰਥ ਸਾਹਿਬ ਨੂੰ ਧਿਆਨ ਨਾਲ ਪੜੀਏ, ਤਾਂ ਪਤਾ ਚਲਦਾ ਹੈ, ਕਿ, ਗੁਰੂ ਨਾਨਕ ਸਾਹਿਬ ਨੇ ਜਪੁਜੀ ਸਾਹਿਬ ਦੀ ਪਹਿਲੀ ਪਉੜੀ ਵਿਚ ਹੀ ਹੋਰਨਾਂ ਮਤਾਂ ਦਾ ਜਿਕਰ ਕਰਦੇ ਹੋਏ, ਸਿੱਖ ਧਰਮ ਦੇ ਮੁਢਲੇ ਸਿਧਾਂਤ, 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ' ਬਾਰੇ ਵੀ ਸਪੱਸ਼ਟ ਜਾਣਕਾਰੀ ਦੇ ਦਿਤੀ ਹੈ। ਗੁਰੂ ਨਾਨਕ ਸਾਹਿਬ ਨੇ ਤਾਂ ਸਾਨੂੰ ਇਕ ਨਿਵੇਕਲਾ ਅਧੁਨਿਕ ਵਿਗਿਆਨਕ ਧਰਮ ਦਿਤਾ ਸੀ, ਪਰੰਤੂ ਅਸੀਂ ਦੂਸਰਿਆਂ ਦੇ ਮਗਰ ਲਗ ਕੇ ਇਸ ਨੂੰ ਇਕ ਰਵਾਇਤੀ ਧਰਮ ਬਣਾ ਦਿਤਾ ਹੈ।
ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥ (੧)

ਹੁਕਮੁ ਕੀ ਹੈ, ਇਸ ਦਾ ਵਿਸਥਾਰ ਜਪੁਜੀ ਸਾਹਿਬ ਦੀ ਦੂਸਰੀ ਪੌੜੀ ਵਿੱਚ ਮਿਲ ਜਾਂਦਾ ਹੈ। ਹੁਕਮੁ ਸਬੰਧੀ ਹੋਰ ਵਿਸਥਾਰ ਹੇਠ ਲਿਖੇ ਲਿੰਕ ਤੋਂ ਪੜ੍ਹ ਸਕਦੇ ਹੋ ਜੀ।

http://www.geocities.ws/sarbjitsingh/Bani3510GurMag200604.pdf

http://www.sikhmarg.com/2006/0430-bani-hukam.html ; ,

You may please listen to the brief description, about the Hukam of Akal Purkh, from the following video. i.e. Gurmat Vichar Part 02 ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ Understanding the Hukam of Akal Purkh

https://youtu.be/6wLBZOtfeIs

The complete topic about the Hukam of Akal Purkh, can be listened in sequenece starting from the Part 01 onwards, in the following videos.

https://youtu.be/zv2eeOppTZs

https://youtu.be/6wLBZOtfeIs

https://youtu.be/539KhdSmjN8

https://youtu.be/s27iRSNUBsw

https://youtu.be/CAHhOyAA0Dc

https://youtu.be/EOiWHuAMk7Y

https://youtu.be/XVaFz_6qwe0

https://youtu.be/J76wKfr7fi4

ਡਾ: ਇਕਬਾਲ ਸਿੰਘ ਜੀ ਨੇ ਆਪਣੀ ੨੩.੦੫.੨੦੨੦ ਦੀ ਪੋਸਟ ਵਿਚ ਕਿਹਾ ਹੈ, ਕਿ ਗੁਰੂ ਨਾਨਕ ਸਾਹਿਬ ਨੇ ਕੋਈ ਸਿੱਖਇਜ਼ਮ ਆਰੰਭ ਨਹੀਂ ਕੀਤਾ ਹੈ, ਤੇ ਨਾ ਹੀ ਕੋਈ ਸਿੱਖ ਧਰਮ ਆਰੰਭ ਕੀਤਾ ਹੈ। ਦਾਸ ਇਸ ਗੱਲ ਨਾਲ ਸਹਿਮਤ ਹੈ ਕਿ ਗੁਰਬਾਣੀ ਵਿਚ "ਗੁਰਮਤਿ" ਵਰਤਿਆ ਗਿਆ ਹੈ। ਪਰੰਤੂ ਇਹ ਸਮੇਂ ਨਾਲ ਇਕ ਵੱਖਰੇ ਧਰਮ ਦੀ ਦਿਸ਼ਾ ਵੱਲ ਚਲਾ ਗਿਆ ਹੈ, ਜਿਸ ਨੂੰ ਅਸੀਂ ਅੰਗਰੇਜ਼ੀ ਵਿਚ ਸਿੱਖਇਜ਼ਮ ਕਹਿਣਾ ਸ਼ੁਰੂ ਕਰ ਦਿਤਾ ਗਿਆ ਹੈ। ਦਾਸ ਨੇ ਸਿਰਫ ਆਮ ਤੌਰ ਵਰਤਿਆ ਗਿਆ ਸਬਦ ਵਰਤਿਆ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ, ਗੁਰੂ ਨਾਨਕ ਸਾਹਿਬ ਨੇ ਇਕ ਨਵੀਂ ਵਿਚਾਰਧਾਰਾ ਆਰੰਭ ਕੀਤੀ। ਗੁਰਬਾਣੀ ਵਿਚ ਗੁਰਸਿਖ ਵੀ ਬਹੁਤ ਵਾਰੀ ਵਰਤਿਆ ਗਿਆ ਹੈ, ਤੇ ਗੁਰਬਾਣੀ ਵਿਚ ਸਿਖ ਵੀ ਬਹੁਤ ਵਾਰੀ ਵਰਤਿਆ ਗਿਆ ਹੈ। ਇਹ ਸਾਡੇ ਤੇ ਨਿਰਭਰ ਕਰਦਾ ਹੈ ਕਿ ਅਸੀਂ ਇਸ ਨੂੰ ਸਿੱਖ ਧਰਮ ਦੇ ਤੌਰ ਤੇ ਪਰਚਾਰਨਾ ਹੈ, ਕਿ "ਗੁਰਮਤਿ

ਵਿਚਾਰਧਾਰਾ'' ਦੇ ਤੌਰ ਤੇ ਪਰਚਾਰਨਾ ਹੈ। ਇਹ ਸਿੱਖਾਂ ਨੂੰ ਸਾਂਝੇ ਤੌਰ ਤੇ ਤਹਿ ਕਰਨਾ ਹੈ, ਕਿ ਉਹ ਆਪਣੇ ਲਈ ਆਮ ਭਾਸ਼ਾ ਵਿਚ ਕੀ ਵਰਤਣਾ ਚਾਹੁੰਦੇ ਹਨ, ਤੇ ਹੋਰਨਾਂ ਤੋਂ ਕਿਸ ਤਰ੍ਹਾਂ ਸੰਬੋਧਨ ਕਰਵਾਉਂਣਾਂ ਚਾਹੁੰਦੇ ਹਨ।

ਅਸਟਪਦੀ ॥ ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥ ਸੇਵਕ ਕਉ ਗੁਰੁ ਸਦਾ ਦਇਆਲ ॥ ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥ ਗੁਰ ਬਚਨੀ ਹਰਿ ਨਾਮੁ ਉਚਰੈ ॥ ਸਤਿਗੁਰੁ ਸਿਖ ਕੇ ਬੰਧਨ ਕਾਟੈ ॥ ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥ ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥ ਗੁਰ ਕਾ ਸਿਖੁ ਵਡਭਾਗੀ ਹੇ ॥ ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥ ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥੧॥ (੨੮੬)

ਮਃ ੪ ॥ ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥ (੩੦੫, ੩੦੬)

ਸੋਰਠਿ ਮਹਲਾ ੩ ॥ ਸੋ ਸਿਖੁ ਸਦਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥ ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥ ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ ਫਿਰਿ ਫਿਰਿ ਪਛੋਤਾਵੈ ॥੧॥ (੬੦੧)

ਡਾ: ਇਕਬਾਲ ਸਿੰਘ ਜੀ ਨੇ ਆਪਣੀ ੨੪.੦੫.੨੦੨੦ ਦੀ ਪੋਸਟ ਵਿਚ ਕਿਹਾ ਹੈ, ਕਿ ਤੁਸੀਂ ਇਸ ਨੂੰ ਸਾਇੰਟੇਫਿਕ ਧਰਮ ਕਿਸ ਤਰ੍ਹਾਂ ਕਹਿੰਦੇ ਹੋ? ਗੁਰੂ ਨਾਨਕ ਸਾਹਿਬ ਨੇ ਕਰਮ ਕਾਂਡਾਂ ਤੇ ਰੀਤੀ ਰਿਵਾਜਾਂ ਤੋਂ ਉਪਰ ਉਠ ਕੇ ਇਕ ਵੱਖਰੀ ਸੋਚ ਦਿਤੀ ਹੈ। ਗੁਰਮਤਿ ਵਿਚਾਰਧਾਰਾ ਬਿਲਕੁਲ ਇਕ ਨਿਵੇਕਲੀ ਸੋਚ ਹੈ, ਜਿਹੜੀ ਕਿ ਆਮ ਧਰਮਾਂ ਨਾਲ ਘਟ ਤੇ ਅੱਜ ਦੀ ਸਾਇੰਸ ਨਾਲ ਜਿਆਦਾ ਮੇਲ ਖਾਂਦੀ ਹੈ। ਇਸ ਸਬੰਧੀ ''ਗੁਰਮਤਿ ਅਤੇ ਸਾਇੰਸ ਦੀ ਤੁਲਨਾ'', ਇਕ ਵੱਖਰੀ ਪੋਸਟ ਦੀ ਤਰ੍ਹਾਂ ਦਿਤੀ ਜਾ ਰਹੀ ਹੈ ਜੀ।

ਡਾ: ਇਕਬਾਲ ਸਿੰਘ ਜੀ ਨੇ ਆਪਣੀਆਂ ੨੮.੦੫.੨੦੨੦ ਅਤੇ ੨੮.੦੫.੨੦੨੦ ਦੀਆਂ ਪੋਸਟਾਂ ਵਿਚ ਬਹੁਤ ਤਰ੍ਹਾਂ ਦੇ ਇਲਜ਼ਾਮ ਦਾਸ ਉਪਰ ਲਗਾਏ ਹਨ। ਇਹ ਉਨ੍ਹਾਂ ਦੀ ਆਪਣੀ ਸੋਚ ਹੈ। ਡਾ: ਇਕਬਾਲ ਸਿੰਘ ਜੀ ਦੀ ਤਰ੍ਹਾਂ, ਨਾ ਤਾਂ ਦਾਸ ਕੋਲ ਇਤਨਾਂ ਸਮਾਂ ਹੈ, ਕਿ ਹਰੇਕ ਲੇਖਕ ਦੀ ਪੋਸਟ ਤੇ ਆਪਣੀ ਨੁਕਤਾਂਚੀਨੀ ਕਰ ਸਕੇ, ਤੇ ਨਾ ਹੀ ਇਤਨੀ ਟਾਈਪ ਕਰਨ ਦੀ ਸਪੀਡ ਹੈ, ਕਿ ਫਟਾ ਫਟ ਉੱਤਰ ਦੇ ਸਕੇ।

ਡਾ: ਇਕਬਾਲ ਸਿੰਘ ਜੀ ਦੇ ਸਵਾਲਾਂ ਦਾ ਜੁਆਬ ਦਾਸ ਨੇ ੨੪.੦੫.੨੦੨੦ ਤਾਰੀਖ ਦੀ ਪੋਸਟ ਵਿਚ ਦੇ ਦਿਤਾ ਸੀ। ਪਰੰਤੂ ਲਗਦਾ ਹੈ, ਕਿ ਉਹ ਰੈਫਰੈਂਸ ਦੀ ਬਜਾਏ ਸਿਧਾ ਤੇ ਵਿਸਥਾਰ ਨਾਲ ਉੱਤਰ ਚਾਹੁੰਦੇ ਹਨ। ਜੇਕਰ ਸਭ ਕੁਝ ਲਿਖਣਾਂ ਹੈ, ਤਾਂ ਉੱਤਰ ਬਹੁਤ ਲੰਮਾਂ ਹੋ ਜਾਂਦਾ ਹੈ, ਜਿਸ ਨੂੰ ਆਮ ਲੋਕ ਪਸੰਦ ਨਹੀਂ ਕਰਦੇ ਹਨ ਤੇ ਨਾ ਹੀ ਉਨ੍ਹਾਂ ਕੋਲ ਸਮਾਂ ਹੁੰਦਾ ਹੈ, ਕਿ ਪੜ੍ਹ ਸਕਣ। ਜਿਸ ਪਾਠਕ ਨੂੰ ਵਿਸਥਾਰ ਵਿਚ ਸਮਝਣਾ ਹੁੰਦਾ ਹੈ, ਉਹ ਦਿਤੇ ਗਏ ਰੈਫਰੈਂਸ ਨੂੰ ਪੜ੍ਹ ਲੈਂਦਾ ਹੈ। ਇਕ ਪਾਸੇ ਤਾਂ ਸਿੱਖਮਾਰਗ ਦੇ ਐਡੀਟਰ ਜੀ, ਸੰਖੇਪ ਵਿਚ ਲਿਖਣ ਲਈ ਕਹਿੰਦੇ ਹਨ, ਤੇ ਦੁਸਰੇ ਪਾਸੇ ਡਾ: ਇਕਬਾਲ ਸਿੰਘ ਜੀ ਵਿਸਥਾਰ ਵਿਚ ਉੱਤਰ ਚਾਹੁੰਦੇ ਹਨ। ਦੋਵੇਂ ਇਕ ਦੂਜੇ ਦੇ ਵਿਪਰੀਤ ਹਨ। ਇਸ ਮੁਸ਼ਕਲ ਦਾ ਫੈਸਲਾ ਸਿੱਖਮਾਰਗ ਦੇ ਐਡੀਟਰ ਜੀ ਨੇ

ਕਰਨਾ ਹੈ, ਕਿ ਉਹ ਕੀ ਚਾਹੁੰਦੇ ਹਨ, ਤੇ ਕਿਸ ਮੰਤਵ ਲਈ ਉਨ੍ਹਾਂ ਨੇ ਆਮ ਲੇਖ ਛਾਪਣੇ ਬੰਦ ਕੀਤੇ ਹਨ, ਤੇ ਇਸ ਤਰ੍ਹਾਂ ਦੇ ਸਵਾਲ ਜੁਆਬ ਆਰੰਭ ਕੀਤੇ ਹਨ।

ਡਾ: ਇਕਬਾਲ ਸਿੰਘ ਜੀ ਦੇ ਸਵਾਲਾਂ ਦਾ ਜੁਆਬ ਵਿਸਥਾਰ ਵਿਚ ਲਿਖਣ ਦੀ ਮਾਫੀ ਚਾਹੁੰਦਾ ਹਾਂ। ਭੁਲ ਚੁਕ ਮਾਫ ਕਰਨੀ

"ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ"
( ਡਾ: ਸਰਬਜੀਤ ਸਿੰਘ )

Email = sarbjitsingh@yahoo.com

http://www.geocities.ws/sarbjitsingh/,

06/02/2020 at 1:41pm

**Iqbal Singh Dhillon** In reply to Dr. Sarbjit Singh

ਡਾ. ਸਰਬਜੀਤ ਸਿੰਘ ਜੀ,

ਮੈਂ ਤੁਹਾਨੂੰ ਬੇਨਤੀ ਕੀਤੀ ਸੀ ਕਿ ਮੇਰੇ ਸਵਾਲ ਦਾ ਸੰਖੇਪ ਅਤੇ ਸਿੱਧਾ ਉੱਤਰ ਦਿਓ ਨਾ ਕਿ ਲੰਬੇ ਵਿਸਥਾਰ ਅਤੇ ਹਵਾਲਿਆਂ ਰਾਹੀਂ। ਮੇਰੇ ਵੱਲੋਂ ਕੀਤੀ ਗਈ ਬੇਨਤੀ ਇਸ ਪਰਕਾਰ ਸੀ,"Kindly furnish your reply in your own words here instead of citing some extraneous references. .............. I want your brief and direct reply here in this very column........" ਪਰੰਤੂ ਤੁਸੀਂ ਆਪਣੀ ਆਦਤ ਅਨੁਸਾਰ ਫਿਰ ਦੋ ਲੰਬੇ-ਚੌੜੇ ਲੇਖ ਪੋਸਟ ਕਰ ਦਿੱਤੇ ਹਨ ਅਤੇ ਮੇਰੇ ਸ਼ਬਦਾਂ ਨੂੰ ਤੋੜ-ਮਰੋੜ ਕੇ (misquote ਕਰਕੇ) ਪੇਸ਼ ਕੀਤਾ ਹੈ।
ਡਾ. ਸਰਬਜੀਤ ਸਿੰਘ ਜੀ, ਮੇਰੇ ਕੋਲ ਇਤਨੇ ਵੱਡੇ ਲੇਖ ਪੜ੍ਹਨ ਦਾ ਸਮਾਂ ਉਪਲਭਦ ਨਹੀਂ। ਸਪਸ਼ਟ ਹੈ ਕਿ ਤੁਸੀਂ ਸੰਖੇਪ ਅਤੇ ਸਿੱਧਾ ਉੱਤਰ ਦੇਣ ਤੋਂ ਟਾਲਾ ਕਰ ਗਏ ਹੋ।

ਇਕਬਾਲ ਸਿੰਘ ਢਿੱਲੋਂ, ਚੰਡੀਗੜ੍ਹ।

06/03/2020 at 2:34pm

**Dr. Sarbjit Singh**

ਗੁਰਮਤਿ ਅਤੇ ਸਾਇੰਸ ਦੀ ਤੁਲਨਾ

ਸਾਇੰਸ ਵੀ ਖੋਜ ਦੀ ਹੀ ਗੱਲ ਕਰਦੀ ਹੈ, ਤੇ ਗੁਰੂ ਮਹਾਰਾਜ ਨੇ ਵੀ ਅਕਾਲ ਪੁਰਖੁ ਨੂੰ ਸ਼ਬਦ ਗੁਰੂ, ਗੁਰੂ ਗਰੰਥ ਸਾਹਿਬ ਵਿਚੋਂ ਖੋਜਣ ਲਈ ਹੁਕਮ ਕੀਤਾ ਹੈ। ਗੁਰਮਤਿ ਦਾ ਆਧਾਰ, ਫੋਕਟ ਵਹਿਮ ਅਤੇ ਝੂਠੀਆਂ ਜਾਂ ਕਲਪਿਤ ਕਹਾਣੀਆਂ ਅਨੁਸਾਰ ਨਹੀਂ ਹੈ, ਬਲਕਿ ਗੁਰਮਤਿ ਦਾ ਆਧਾਰ ਸੱਚ ਤੇ ਅਸਲੀਅਤ ਅਨੁਸਾਰ ਹੈ। ਸਾਇੰਸ ਨਵੀਆਂ ਨਵੀਆਂ ਖੋਜਾਂ ਕਰਨ ਵਿਚ ਸਹਾਇਤਾ ਕਰ ਸਕਦੀ ਹੈ, ਪਰੰਤੂ ਮੱਤ ਦੇਣ ਲਈ ਨਹੀਂ।

ਅਕਾਲ ਪੁਰਖੁ ਦੇ ਨਿਯਮ:

ਗੁਰੂ ਨਾਨਕ ਸਾਹਿਬ ਅਨੁਸਾਰ ਪੂਰੀ ਸ੍ਰਿਸ਼ਟੀ ਦਾ ਹਰ ਕਾਰਜ਼ ਅਕਾਲ ਪੁਰਖੁ ਦੇ ਬਣਾਏ ਗਏ ਨਿਯਮਾਂ ਅਨੁਸਾਰ ਚਲ ਰਿਹਾ ਹੈ। ਅੱਜ ਦੀ ਸਾਇੰਸ ਤਾਂ ਗਰੈਵੀਟੇਸ਼ਨ (Gravitation), ਇਲੈਕਟਰੋਮੈਗਨੈਟਿਕ (Electromagnetic) ਜਾਂ ਨਿਉਕਲੀਅਰ ਫੋਰਸ (Nuclear force) ਤਕ ਹੀ ਸੀਮਿਤ ਹੈ। ਇਸ ਤੋਂ ਅੱਗੇ ਸਾਇੰਸ ਅਜੇ ਤਕ ਨਹੀਂ ਜਾ ਸਕੀ ਹੈ। ਜਿਸ ਤਰ੍ਹਾਂ ਖੋਜ਼ ਹੁੰਦੀ ਰਹਿੰਦੀ ਹੈ, ਸਾਇੰਸ ਦੀਆਂ ਥਿਊਰੀਆਂ ਬਦਲਦੀਆਂ ਰਹਿੰਦੀਆਂ ਹਨ।

ਕੁਦਰਤ ਇਸ ਤੋਂ ਵੀ ਬਹੁਤ ਅੱਗੇ ਹੋ ਸਕਦੀ ਹੈ। ਸਾਇੰਸ ਦੀ ਪਹੁੰਚ ਪਦਾਰਥ ਤਕ ਹੈ, ਆਤਮਿਕ ਆਧਾਰ ਤੇ ਕਿਹੜੇ ਨਿਯਮ ਲਾਗੂ ਹੁੰਦੇ ਹਨ, ਅੱਜ ਦੀ ਸਾਇੰਸ ਦੀ ਪਹੁੰਚ ਤੋਂ ਦੂਰ ਹਨ। ਹਰੇਕ ਚੀਜ਼ ਜਾਂ ਕਿਰਿਆ ਅਕਾਲ ਪੁਰਖੁ ਦੇ ਹੁਕਮੁ ਭਾਵ ਅਕਾਲ ਪੁਰਖੁ ਦੇ ਬਣਾਏ ਗਏ ਨਿਯਮਾਂ, ਅਸੂਲਾਂ, ਧਰਮ ਅਨੁਸਾਰ ਹੁੰਦੀ ਹੈ। ਅਕਾਲ ਪੁਰਖੁ ਦੇ ਹੁਕਮੁ ਦੇ ਬਾਹਰ ਕੁਝ ਵੀ ਨਹੀਂ ਹੈ।

ਗੁਰਤਾ ਖਿੱਚ (Gravitational force):

ਨਿਊਟਨ ਨੇ ਗੁਰਤਾ ਖਿੱਚ (Gravitational force) ਦੀ ਕਾਢ ੧੬੯੬ ਦੇ ਕਰੀਬ ਕੀਤੀ ਸੀ। ਪਰੰਤੂ ਗੁਰੂ ਨਾਨਕ ਸਾਹਿਬ ਨੇ ਇਸ ਬਾਰੇ ਜਪੁਜੀ ਸਾਹਿਬ ਵਿਚ ੫੦੦ ਸਾਲ ਪਹਿਲਾਂ ਕਹਿ ਦਿਤਾ ਸੀ। ਗੈਲੀਲੀਓ ਨੇ ਪਹਿਲੀ ਦੂਰਬੀਨ ੧੬੦੯ ਵਿਚ ਬਣਾਈ। ਗੁਰੂ ਸਾਹਿਬ ਨੇ ਬਿਨਾ ਦੂਰਬੀਨ ਦੇ ਕਈ ਸਾਲ ਪਹਿਲਾਂ ਲਿੱਖ ਦਿਤਾ ਸੀ ਕਿ ਧਰਤੀਆਂ ਅਣਗਿਣਤ ਹਨ। ਅੱਜ ਦੀ ਸਾਇੰਸ ਕੁਝ ਦਹਾਕੇ ਪਹਿਲਾਂ ਤੋਂ ਹੀ ਅਨੇਕਾਂ ਗੈਲੈਕਸੀਆਂ ਬਾਰੇ ਗੱਲ ਕਰ ਰਹੀ ਹੈ।

ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥ ਜੇ ਕੋ ਬੁਝੈ ਹੋਵੈ ਸਚਿਆਰੁ ॥ ਧਵਲੈ ਉਪਰਿ ਕੇਤਾ ਭਾਰੁ ॥ ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥ (੩)

ਧਰਤੀ ਨੂੰ ਆਸਰਾ ਦੇਣ ਵਾਲਾ ਕੋਈ ਬਲਦ ਨਹੀਂ ਬਲਕਿ ਇਹ ਧਰਮ ਹੈ, ਨਿਯਮ ਹੈ, ਅਸੂਲ ਹੈ। ਜਿਸ ਨੇ ਸਾਰੇ ਬ੍ਰਹਿਮੰਡ ਵਿਚ ਸੰਤੋਖੁ (ਸਥਿਰਤਾ) ਕਾਇਮ ਰੱਖਿਆ ਹੈ। ਅੱਜ ਅਸੀਂ ਇਸ ਅਸੂਲ ਨੂੰ ਗੁਰੂਤਾ ਸ਼ਕਤੀ (Gravitational force) ਕਰਕੇ ਜਾਣਦੇ ਹਾਂ, ਨਿਊਟਨ ਲਾ ਆਫ ਗਰੈਵੀਟੇਸ਼ਨ (Newton's law of Gravitation)। ਗੁਰੂ ਸਾਹਿਬ ਨੇ ਕੁਦਰਤ ਦੀ ਸਚਾਈ ਨੂੰ ਬਿਲਕੁਲ ਸਰਲ ਤੇ ਸਪੱਸ਼ਟ (Logical) ਤਰੀਕੇ ਨਾਲ ਸਮਝਾਇਆ ਹੈ।

ਅਨੇਕਾਂ ਹੀ ਤਾਰੇ ਤੇ ਗਲੈਕਸੀਆਂ:

ਅੱਜਕਲ ਦੀਆਂ ਵੱਡੀਆਂ ਵੱਡੀਆਂ ਦੂਰਬੀਨਾਂ ਸਾਬਤ ਕਰ ਰਹੀਆਂ ਹਨ, ਕਿ ਅਨੇਕਾਂ ਹੀ ਤਾਰੇ ਤੇ ਗਲੈਕਸੀਆਂ ਹਨ। ਗੁਰੂ ਸਾਹਿਬ ਨੇ ਬਿਨਾ ਦੂਰਬੀਨ ਦੇ ੫੦੦ ਸਾਲ ਪਹਿਲਾਂ ਇਹ ਸਭ ਕੁਝ ਸਮਝਾ ਦਿੱਤਾ ਸੀ, ਕਿ ਚੰਦ, ਸੂਰਜ, ਤਾਰੇ, ਧਰਤੀਆਂ ਅਣਗਿਣਤ ਹਨ। ਅੱਜ ਦੀ ਸਾਇੰਸ ਕੁਝ ਦਹਾਕੇ ਪਹਿਲਾਂ ਤੋਂ ਹੀ ਅਨੇਕਾਂ ਗੈਲੈਕਸੀਆਂ ਬਾਰੇ ਗੱਲ ਕਰ ਰਹੀ ਹੈ। ਗੁਰਬਾਣੀ ਵਿਚ ਅਨੇਕਾਂ ਹੀ ਸ਼ਬਦ ਪ੍ਰਮਾਣ ਦੇ ਤੌਰ ਤੇ ਮਿਲਦੇ ਹਨ, ਜਿਨ੍ਹਾਂ ਵਿਚ ਸਮਝਾਇਆ ਗਿਆ ਹੈ ਕਿ ਕੁਦਰਤ ਦਾ ਕੋਈ ਅੰਤ ਨਹੀਂ।

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥ ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥ ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥ ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥ ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥੨੨॥ (੫)

ਪੰਜ ਤੱਤ:

ਜੀਵਨ ਦੇ ਆਧਾਰ ਨੂੰ ਧਿਆਨ ਵਿਚ ਰੱਖਦੇ ਹੋਏ ਪਹਿਲਾਂ ਪਹਿਲ ਪੰਜ (ਅੱਗ, ਹਵਾ, ਪਾਣੀ, ਧਰਤੀ, ਆਕਾਸ਼) ਸਮਝੇ ਜਾਂਦੇ ਸਨ। ਪੁਰਾਤਨ ਸਮੇਂ ਅਨੁਸਾਰ ਪੰਜ ਤੱਤਾਂ ਦੀ ਪ੍ਰੀਭਾਸ਼ਾਂ ਕੁਝ ਹੋਰ ਸੀ, ਉਹ ਜੀਵਨ ਦੇ ਆਧਾਰ ਅਨੁਸਾਰ ਸਨ। ਇਸ ਪਰਿਭਾਸ਼ਾ ਅਨੁਸਾਰ ਕੁਦਰਤ ਦੇ ਪਹਿਲਾਂ ਵੀ ੫ ਤੱਤ ਸਨ ਤੇ ਅੱਜ ਵੀ ੫ ਹੀ ਹਨ।

ਲੇਕਿਨ ਸਾਇੰਸ ਦੇ ਤੱਤ (Element) ਦੀ ਪ੍ਰੀਭਾਸ਼ਾਂ ਕੁਝ ਹੋਰ ਹੈ, ਉਸ ਦਾ ਭਾਵ ਹੈ ਉਹ ਚੀਜ਼ ਜਿਹੜੀ ਹੋਰ ਹਿਸਿਆਂ ਵਿਚ ਨਾ ਵੰਡੀ ਜਾ ਸਕੇ। ਸਾਇੰਸ ਦੀ ਖੋਜ ਨਾਲ ਹੁਣ ਤਕ ੯੨ ਤੱਤ ਧਰਤੀ ਵਿਚ ਮਿਲਦੇ ਹਨ। ਮਨੁੱਖੀ ਕਾਢਾਂ ਨਾਲ ਇਹ ਗਿਣਤੀ ੧੧੮ ਤਕ ਪਹੁੰਚ ਗਈ ਹੈ। ਸਮੇਂ ਨਾਲ ਇਸ ਵਿਚ ਹੋਰ ਵਾਧਾ ਹੋ ਸਕਦਾ ਹੈ। ਸਾਇੰਸ ਦੀ ਇਹ ਖੋਜ਼ ਸਾਬਤ ਕਰਦੀ ਹੈ, ਕਿ ਅਕਾਲ ਪੁਰਖੁ ਦੀ ਪੈਦਾ ਕੀਤੀ ਹੋਈ ਕੁਦਰਤ ਦਾ ਕੋਈ ਅੰਤ ਨਹੀਂ।

ਸ੍ਰਿਸ਼ਟੀ ਕਿਸ ਤਰ੍ਹਾਂ ਪੈਦਾ ਹੋਈ?:

ਸਾਇੰਸ ਕਈ ਤਰ੍ਹਾਂ ਦੇ ਅੰਦਾਜ਼ੇ ਆਦਿ ਦੀਆਂ ਗੱਲਾਂ ਕਰ ਰਹੀ ਹੈ, ਕਿ ਇਹ ਸਾਰੀ ਸ੍ਰਿਸ਼ਟੀ ਕਿਸ ਤਰ੍ਹਾਂ ਪੈਦਾ ਹੋਈ? ਜਿਸ ਤਰ੍ਹਾਂ ਕਿ ਬਿਗ ਬੈਂਗ ਥਿਉਰੀ (Big Bang Theory), ਬਲੈਕ ਹੋਲ ਤੋਂ ਬਣਨਾਂ ਆਦਿ। ਪਰੰਤੂ ਇਸ ਦੇ ਪਿਛੇ ਜੇ ਕਰ ਕੋਈ ਕਾਰਨ ਪੁਛਿਆ ਜਾਵੇ ਤਾਂ ਸਾਇੰਸ ਵੀ ਇਸ ਦਾ ਠੋਸ ਉੱਤਰ ਨਹੀਂ ਦੇ ਸਕਦੀ। ਇਹ ਬਲੈਕ ਹੋਲ ਕਿਸ ਤਰ੍ਹਾਂ ਤੇ ਕਿਉਂ ਬਣਿਆ, ਉਸ ਤੋਂ ਸਾਰੀ ਸ੍ਰਿਸ਼ਟੀ ਕਿਸ ਤਰ੍ਹਾਂ ਬਣ ਗਈ?

ਨਿਸਚਤ ਤੌਰ ਤੇ ਅਕਾਲ ਪੁਰਖੁ ਦਾ ਕੋਈ ਨਿਯਮ ਸੀ, ਜਿਸ ਨੇ ਅਨੇਕਾਂ ਖੰਡ ਬ੍ਰਹਿਮੰਡ ਪੈਦਾ ਕਰ ਦਿਤੇ। ਗੁਰੂ ਨਾਨਕ ਸਾਹਿਬ ਨੇ ਜਪੁਜੀ ਸਾਹਿਬ ਵਿਚ ਇਸ ਸ੍ਰਿਸ਼ਟੀ ਦੇ ਪੈਦਾ ਹੋਣ ਬਾਰੇ ਇਹੀ ਕਿਹਾ ਹੈ ਕਿ ਅਕਾਲ ਪੁਰਖ ਨੇ ਆਪਣੇ ਇਕੋ ਹੁਕਮੁ ਨਾਲ ਸਾਰਾ ਸੰਸਾਰ ਬਣਾ ਦਿੱਤਾ, ਉਸ ਦੇ ਹੁਕਮੁ ਨਾਲ ਹੀ ਜ਼ਿੰਦਗੀ ਦੇ ਲੱਖਾਂ ਦਰਿਆ ਬਣ ਗਏ। "ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥" ਗੁਰਬਾਣੀ ਦੀ ਇਹ ਪੰਗਤੀ ਸਮਝਾਉਂਦੀ ਹੈ, ਕਿ "ਏਕੋ ਕਵਾਉ", ਕੋਈ ਆਮ ਬਚਨ ਜਾਂ ਬੋਲ ਨਹੀਂ ਹੈ, ਬਲਕਿ ਕੋਈ ਸਿਸਟਮ, ਨਿਯਮ, ਜਾਂ ਕੋਈ ਅਸੂਲ ਹੈ।

ਧੂੰਦੂਕਾਰਾ, ਸੁਪਰਨੋਵਾ (Supernova):

ਗੁਰਬਾਣੀ ਦੁਆਰਾ ਦਰਸਾਇਆ ਗਿਆ, ਇਹ ਕੁਦਰਤ ਦਾ ਖੇਲ, (ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥ ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥), ਅੱਜ ਸਾਇੰਸ ਅਨੁਸਾਰ ਪੇਸ਼ ਕੀਤੀ ਜਾ ਰਹੀ ਬਿੱਗ ਬੈਂਗ ਥਿਊਰੀ ਨਾਲ ਮੇਲ ਖਾਂਦਾ ਹੈ। ਧੂੰਦੂਕਾਰਾ ਨੂੰ ਸਇੰਸ ਦੁਆਰਾ ਸੁਪਰਨੋਵਾ (Supernova) ਕਿਹਾ ਜਾਂਦਾ ਹੈ, ਜਿਸ ਤੋਂ ਹਵਾ ਤੇ ਪਾਣੀ ਦੀ ਉਤਪਤੀ ਹੋਈ। ਸਾਇੰਸ ਵੀ ਸ੍ਰਿਸ਼ਟੀ ਦੀ ਰਚਨਾ ਸਬੰਧੀ ਘੱਟਾ, ਧਮਾਕਾ, ਸੁਕੜਨਾ, ਫੈਲਣਾ (Dust, Explosion, Contaction, Expansion) ਆਦਿ ਬਾਰੇ ਸੋਚਦੀ ਤੇ ਵਿਚਾਰਦੀ ਹੈ। ਸਾਇੰਸ ਆਪਣੇ ਤਰੀਕੇ ਨਾਲ ਜਗਤ ਦੀ ਰਚਨਾ ਬਾਰੇ ਅੰਦਾਜ਼ੇ ਲਗਾ ਕੇ ਬਿਆਨ ਕਰਦੀ ਹੈ, ਪਰੰਤੂ ਕੁਦਰਤ ਦਾ ਅੰਤ ਪਾਉਂਣ ਤੋਂ ਅਸਮਰਥ ਹੈ।

ਗੁਰਬਾਣੀ ਅਨੁਸਾਰ ਜਗਤ-ਰਚਨਾ ਤੋਂ ਪਹਿਲਾਂ ਸਿਰਜਣਹਾਰ ਨੇ ਅਨੇਕਾਂ ਹੀ ਜੁਗ ਉਸ ਅਵਸਥਾ ਵਿਚ ਸਮਾਧੀ ਲਾਈ, ਜਿਸ ਦੀ ਬਾਬਤ ਕੁਝ ਪਤਾ ਨਹੀਂ ਲੱਗ ਸਕਦਾ। ਸਿਰਫ ਧੁੰਦ ਹੀ ਧੁੰਦ ਸੀ (Science talks about dust or fog)। ਇਹ ਅਜੇਹੀ ਧੁੰਦ ਨਹੀਂ ਸੀ, ਜੋ ਕਿ ਅਸੀਂ ਸਰਦੀਆਂ ਵਿਚ ਵੇਖਦੇ ਹਾਂ। ਉਸ ਅਵਸਥਾ ਵਾਲੀ ਧੁੰਦ ਬਿਆਨ ਨਹੀਂ ਕੀਤੀ ਜਾ ਸਕਦੀ, ਮਨੁੱਖ ਦੀ ਪਹੁੰਚ ਤੋਂ ਬਾਹਰ ਹੈ, ਸਾਇੰਸ ਸਿਰਫ ਅੰਦਾਜੇ ਲਗਾ ਸਕਦੀ ਹੈ, ਕਿ ਕਿਸ ਤਰ੍ਹਾਂ ਦੀ ਸਥਿਤੀ ਹੋਵੇਗੀ। ਕਿਉਂਕਿ ਉਸ ਸਿਰਜਣਹਾਰ ਦਾ ਨਾਮੁ ਸਦਾ-ਥਿਰ ਰਹਿਣ ਵਾਲਾ ਹੈ, ਉਸ ਦੀ ਵਡਿਆਈ ਸਦਾ ਕਾਇਮ ਰਹਿਣ ਵਾਲੀ ਹੈ,

ਉਹ ਵਡਿਆਈ ਦਾ ਮਾਲਕ ਅਕਾਲ ਪੁਰਖੁ ਸਦਾ ਟਿਕੇ ਰਹਿਣ ਵਾਲੇ ਤਖ਼ਤ ਉਤੇ ਸਦਾ ਬੈਠਾ ਹੋਇਆ ਹੈ।

ਕੇਤੜਿਆ ਜੁਗ ਧੁੰਧੂਕਾਰੈ ॥ ਤਾੜੀ ਲਾਈ ਸਿਰਜਣਹਾਰੈ ॥ ਸਚੁ ਨਾਮੁ ਸਚੀ ਵਡਿਆਈ ਸਾਚੈ ਤਖਤਿ ਵਡਾਈ ਹੇ ॥੨॥ (੧੦੨੩-੧੦੨੪)

ਜੀਵਨ ਪਾਣੀ ਤੋਂ ਆਰੰਭ ਹੋਇਆ:

ਇਸ ਧਰਤੀ ਤੇ ਪੈਦਾ ਹੋਣ ਵਾਲੇ ਅਨੇਕਾਂ ਜੀਵਾਂ ਬਾਰੇ ਅੱਜਕਲ ਸਾਇੰਸ ਦੇ ਆਧਾਰ ਤੇ ਕਈ ਤਰ੍ਹਾਂ ਦੀਆਂ ਥਿਊਰੀਆਂ ਦਿਤੀਆਂ ਜਾ ਰਹੀਆਂ ਹਨ। ਬਿਗ ਬੈਂਗ ਥਿਊਰੀ (Big Bang Theory) ਦੇ ਮੁਤਾਬਕ ਬਹੁਤ ਸਾਰੀ ਹਾਈਡਰੋਜ਼ਨ ਨਿਕਲੀ ਜਿਸ ਤੋਂ ਹੋਰ ਪਦਾਰਥ ਬਣੇ। ਗੁਰੂ ਨਾਨਕ ਸਾਹਿਬ ਦੀ ੫੦੦ ਸਾਲ ਪਹਿਲਾਂ ਦਿਤੀ ਗਈ ਸੇਧ ਨੂੰ ਕਿਸੇ ਵਿਰਲੇ ਨੇ ਹੀ ਵਿਚਾਰਿਆ ਹੈ।

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥ ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥ ਨਿਰਮਲੁ ਮੈਲਾ ਨਾ ਥੀਐ ਸਬਦਿ ਰਤੇ ਪਤਿ ਹੋਇ ॥

ਉਨ੍ਹਾਂ ਸਪੱਸ਼ਟ ਕਿਹਾ ਹੈ ਕਿ ਇਸ ਪਵਨ ਨੂੰ ਪੈਦਾ ਕਰਨ ਵਾਲਾ, ਉਹ ਅਕਾਲ ਪੁਰਖੁ ਤੇ ਉਸ ਦਾ ਧਰਮ ਜਾਂ ਅਸੂਲ ਹੀ ਹੈ। ਇਸ ਪਵਨ (ਹਾਈਡਰੋਜ਼ਨ + ਔਕਸੀਜ਼ਨ) ਤੋਂ ਹੀ ਪਾਣੀ ਬਣਿਆ ਹੈ। ਇਸ ਜਲ ਤੋਂ ਸਾਰੇ ਜੀਵ ਜੰਤੂ ਪੈਦਾ ਹੋਏ ਹਨ। ਇਸ ਰਚੇ ਸੰਸਾਰ ਦੇ ਹਰੇਕ ਹਿਰਦੇ ਵਿਚ ਅਕਾਲ ਪੁਰਖੁ ਦੀ ਜੋਤਿ ਸਮਾਈ ਹੋਈ ਹੈ। ਪਰੰਤੂ ਅਕਾਲ ਪੁਰਖੁ ਅਤੇ ਉਸ ਦੇ ਹੁਕਮੁ ਬਾਰੇ ਸੋਝੀ ਸਬਦ ਗੁਰੂ ਤੋਂ ਹੀ ਮਿਲ ਸਕਦੀ ਹੈ। ਅੱਜ ਦੀ ਸਾਇੰਸ ਵੀ ਇਹੀ ਕਹਿੰਦੀ ਹੈ ਕਿ ਜੀਵਨ ਪਾਣੀ ਤੋਂ ਆਰੰਭ ਹੋਇਆ। ਇਸੇ ਕਰਕੇ ਮੰਗਲ ਅਤੇ ਚੰਦਰਮਾਂ ਉੱਪਰ ਪਾਣੀ ਦੀ ਸੰਭਾਵਨਾਂ ਬਾਰੇ ਖੋਜ਼ਾਂ ਹੋ ਰਹੀਆਂ ਹਨ।

ਵਿਰੋਧੀ ਤੱਤ ਇਕੱਠੇ ਕਰ ਕੇ ਜਗਤ ਦੀ ਰਚਨਾ ਕੀਤੀ:

ਅਕਾਲ ਪੁਰਖੁ ਨੇ ਹਵਾ ਬਣਾਈ, ਸਾਰੀ ਧਰਤੀ ਸਾਜੀ, ਪਾਣੀ ਅੱਗ ਦਾ ਮੇਲ ਕੀਤਾ, ਭਾਵ, ਇਹ ਸਾਰੇ ਵਿਰੋਧੀ ਤੱਤ ਇਕੱਠੇ ਕਰ ਕੇ ਜਗਤ ਦੀ ਰਚਨਾ ਕੀਤੀ, ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ ॥

ਹਾਈਡਰੋਜਨ ਧਮਾਕੇ ਨਾਲ ਬਲਦੀ ਹੈ, ਔਕਸੀਜ਼ਨ ਬਲਣ ਵਿਚ ਸਹਾਇਤਾ ਕਰਦੀ ਹੈ, ਪਰ ਦੋਹਾਂ ਦੇ ਮੇਲ ਨਾਲ ਬਨਿਆ ਪਾਣੀ ਅੱਗ ਨੂੰ ਬੁਝਾਉਂਦਾ ਹੈ। ਪਾਣੀ, ਮਿਟੀ ਤੇ ਟਾਪੂ ਇਕ ਦੂਜੇ ਦੇ ਨਾਲ ਨਾਲ ਬਣੇ ਹੋਏ ਹਨ, ਪਰ ਪਾਣੀ ਮਿਟੀ ਤੇ ਟਾਪੂ ਨੂੰ ਰੋੜ ਵੀ ਦਿੰਦਾ ਹੈ। ਰਚਨਹਾਰ ਅਕਾਲ ਪੁਰਖੁ ਦੀ ਇਹ ਇਕ ਅਸਚਰਜ ਲੀਲਾ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਉਹ ਬੇਅੰਤ ਵੱਡੀਆਂ ਤਾਕਤਾਂ ਵਾਲਾ ਹੈ, ਉਸ ਦੀਆਂ ਵਡਿਆਈਆਂ ਤਾਂ ਉਸ ਦੀ ਰਚੀ ਕੁਦਰਤ ਵਿਚੋਂ ਹਰੇਕ ਥਾਂ ਤੇ ਦਿੱਸ ਰਹੀ ਹੈ। ਅਕਾਲ ਪੁਰਖ ਨੇ ਸ੍ਰਿਸ਼ਟੀ ਦੇ ਸਾਰੇ ਜੀਵ ਪੈਦਾ ਕਰ ਕੇ ਸਭਨਾਂ ਨੂੰ ਆਪਣੇ ਹੁਕਮੁ ਵਿਚ ਰੱਖਿਆ ਹੋਇਆ ਹੈ।

ਜਿਤਨੇ ਵੀ ਅੰਨ ਦੇ ਦਾਣੇ ਹਨ, ਉਨ੍ਹਾਂ ਅੰਦਰ ਜੀਵ ਜੰਤੂ ਰਹਿੰਦੇ ਹਨ:

ਗੁਰੂ ਸਾਹਿਬ ਨੇ ਜਿਥੇ ਸੂਤਕੁ ਦਾ ਭਰਮ ਦੂਰ ਕੀਤਾ, ਉਥੇ ਇਹ ਵੀ ਸਮਝਾ ਦਿਤਾ ਹੈ ਕਿ ਸੂਤਕੁ ਸਭ ਥਾਈਂ ਹੁੰਦਾ ਹੈ। ਭਾਵ ਹਰੇਕ ਗੋਹੇ ਤੇ ਲਕੜੀ ਦੇ ਅੰਦਰ ਵੀ ਕੀੜੇ ਹੁੰਦੇ ਹਨ, ਜਿਹੜੇ ਜੰਮਦੇ ਤੇ ਮਰਦੇ ਰਹਿੰਦੇ ਹਨ। ਜਿਤਨੇ ਵੀ ਅੰਨ ਦੇ ਦਾਣੇ ਹਨ, ਉਨ੍ਹਾਂ ਅੰਦਰ ਜੀਵ ਜੰਤੂ ਰਹਿੰਦੇ ਹਨ। ਜੀਵਨ ਦਾ ਆਧਾਰ ਪਾਣੀ ਹੈ, ਜਿਸ ਸਦਕਾ ਸਾਰੇ ਜੀਵ ਜੰਤੂ ਤੇ ਹਰਿਆਵਲ ਕਾਇਮ ਹੈ।

ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥ ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥

ਇਸ ਸਬਦ ਵਿਚ ਗੁਰੂ ਸਾਹਿਬ ਨੇ ਸਾਇੰਸ ਦੀ ਇਹ ਅਸਲੀਅਤ ਵੀ ਸਮਝਾ ਦਿਤੀ ਕਿ ਪਾਣੀ, ਲੱਕੜੀ ਤੇ ਅੰਨ ਦੇ ਹਰੇਕ

ਦਾਣੇ ਵਿਚ ਅੰਦਰ ਜੀਵ ਜੰਤੂ ਰਹਿੰਦੇ ਹਨ। ਜੀਵ ਦੀ ਪੈਦਾਇਸ਼ ਮਨੁੱਖ ਜਾਂ ਸਾਡੀ ਸਾਇੰਸ ਨਹੀਂ ਕਰ ਸਕਦੀ ਹੈ। ਜੀਵ, ਆਤਮਾ ਅਤੇ ਮਨ ਦੇ ਤਲ ਤੇ ਕਿਹੜੇ ਨਿਯਮ ਲਾਗੂ ਹੁੰਦੇ ਹਨ, ਉਹ ਵਰਤਮਾਨ ਸਾਇੰਸ ਦੀ ਸਮਰੱਥਾ ਤੋਂ ਬਾਹਰ ਹਨ। ਇਸ ਸ਼ਬਦ ਵਿਚ ਗੁਰੂ ਸਾਹਿਬ ਨੇ ਇਹੀ ਸਪੱਸ਼ਟ ਕੀਤਾ ਹੈ, ਕਿ ਜੀਵਨ ਲਈ ਜਲ ਜਰੂਰੀ ਹੈ। ਅਸਲ ਵਿਚ ਇਹ ਜਗਤ ਅਕਾਲ ਪੁਰਖੁ ਦਾ ਰੂਪ ਹੈ, ਕਿਉਂਕਿ ਹਰੇਕ ਜੀਵ ਅਕਾਲ ਪੁਰਖੁ ਤੋਂ ਹੀ ਪੈਦਾ ਹੁੰਦਾ ਹੈ, ਪਰ ਕੋਈ ਵਿਰਲਾ ਬੰਦਾ ਇਹ ਗੱਲ ਗੁਰੂ ਦੀ ਮਿਹਰ ਨਾਲ ਸਮਝਦਾ ਹੈ, ਤੇ ਜੋ ਸਮਝ ਲੈਂਦਾ ਹੈ ਉਸ ਮਨੁੱਖ ਦੇ ਅੰਦਰੋਂ ਹਉਮੈਂ ਦੂਰ ਹੋ ਜਾਂਦਾ ਹੈ ਤੇ ਉਸ ਦਾ ਜੀਵਨ ਵਿਕਾਰ ਰਹਿਤ ਹੋ ਜਾਂਦਾ ਹੈ।

ਅਕਾਲ ਪੁਰਖੁ ਨੇ ਆਪ ਹੀ ਆਪਣੇ ਆਪ ਨੂੰ ਸਾਜਿਆ ਹੈ:

ਸਾਇੰਸ ਇਹ ਨਹੀਂ ਦੱਸ ਸਕਦੀ ਕਿ ਅੰਡਾ ਕਿਦਾਂ ਬਣਿਆ ਤੇ ਮੁਰਗੀ ਕਿੰਦਾਂ। ਕੌਣ ਸਾਹ ਲੈਂਣ ਦੀ ਸ਼ਕਤੀ ਦਿੰਦਾਂ ਹੈ, ਜੀਵ ਕਿਸ ਤਰ੍ਹਾਂ ਪੈਦਾ ਹੁੰਦਾ ਹੈ, ਕਿਸ ਤਰ੍ਹਾਂ ਤੇ ਕਿਉਂ ਖਾਂਦਾ ਹੈ ਤੇ ਵੱਡਾ ਹੁੰਦਾ ਹੈ। ਗੁਰਮਤਿ ਅਨੁਸਾਰ ਸਭ ਕੁਝ ਅਕਾਲ ਪੁਰਖੁ ਤੋਂ ਆਰੰਭ ਹੁੰਦਾ ਹੈ, ਤੇ ਉਸ ਦੇ ਬਣਾਏ ਹੋਏ ਹੁਕਮੁ ਅਨੁਸਾਰ ਹੁੰਦਾ ਹੈ।

ਅਕਾਲ ਪੁਰਖੁ ਨੇ ਆਪ ਹੀ ਆਪਣੇ ਆਪ ਨੂੰ ਸਾਜਿਆ, ਕੁਦਰਤ ਰਚੀ ਅਤੇ ਉਸ ਵਿਚ ਵਿਆਪਕ ਹੋ ਕੇ, ਇਸ ਜਗਤ ਦਾ ਤਮਾਸ਼ਾ ਵੇਖ ਰਿਹਾ ਹੈ। ਅਕਾਲ ਪੁਰਖ ਆਪ ਹੀ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈ, ਬਖ਼ਸ਼ਸ ਕਰਦਾ ਹੈ, ਜੀਆਂ ਦਾ ਜਾਣਨਹਾਰ ਹੈ, ਆਪ ਹੀ ਜਿੰਦ ਤੇ ਸਰੀਰ ਦਿੰਦਾ ਹੈ, ਆਪ ਹੀ ਮੁੜ ਵਾਪਸ ਲੈ ਲੈਂਦਾ ਹੈ। ਅਕਾਲ ਪੁਰਖੁ ਆਪ ਹੀ ਆਪਣੇ ਆਪ ਨੂੰ ਜਗਤ ਦੇ ਰੂਪ ਵਿਚ ਪੈਦਾ ਕਰ ਕੇ, ਮਾਇਆ ਦੇ ਮੋਹ ਤੋਂ ਨਿਰਲੇਪ ਵੀ ਰਹਿੰਦਾ ਹੈ। ਅਕਾਲ ਪੁਰਖੁ ਦਾ ਅੰਤ ਨਹੀਂ ਪਾਇਆ ਜਾ ਸਕਦਾ, ਉਸ ਦੀ ਇਹ ਸੰਸਾਰ ਦੀ ਖੇਡ ਸਮਝੀ ਨਹੀਂ ਜਾ ਸਕਦੀ, ਗੁਰੂ ਦੇ ਸਬਦ ਰਾਹੀਂ ਅਕਾਲ ਪੁਰਖੁ ਸਮਝ ਦੀ ਬਖ਼ਸ਼ਸ ਆਪ ਹੀ ਕਰਦਾ ਹੈ। ਉਸ ਅਕਾਲ ਪੁਰਖੁ ਨੂੰ ਜੋ ਕੁਝ ਭਾਉਂਦਾ ਹੈ, ਉਹੀ ਹੁੰਦਾ ਹੈ, ਤੇ ਇਹ ਸਾਰੀ ਸ੍ਰਿਸ਼ਟੀ, ਉਸ ਦੀ ਰਜ਼ਾ ਵਿਚ ਚਲ ਰਹੀ ਹੈ। ਅਕਾਲ ਪੁਰਖੁ ਨੂੰ ਸਲਾਹ ਮਸ਼ਵਰਾ ਦੇਣ ਵਾਲਾ ਕੋਈ ਹੋਰ ਨਹੀਂ ਸੀ, ਉਹ ਆਪ ਹੀ ਸਭ ਕੁਝ ਕਰਦਾ ਸੀ, ਤੇ ਜੋ ਉਹ ਕਰਦਾ ਸੀ, ਉਹੀ ਕੁਝ ਹੁੰਦਾ ਸੀ। ਅਕਾਲ ਪੁਰਖ ਸਭ ਥਾਈਂ ਵਿਆਪਕ ਹੈ, ਤੇ ਉਸ ਦਾ ਹੁਕਮੁ ਕਥਨ ਨਹੀਂ ਕੀਤਾ ਜਾ ਸਕਦਾ। ਕੋਈ ਦੂਸਰਾ ਅਕਾਲ ਪੁਰਖੁ ਨੂੰ ਪੈਦਾ ਨਹੀਂ ਕਰ ਸਕਦਾ ਹੈ, ਤੇ ਨਾ ਹੀ ਉਹ ਕਿਤੇ ਟਿਕਾਇਆ ਜਾ ਸਕਦਾ ਹੈ।

ਪਉੜੀ ॥ ਆਪੀਨੑੈ ਆਪੁ ਸਾਜਿਓ ਆਪੀਨੑੈ ਰਚਿਓ ਨਾਉ ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥ ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥ ਕਰਿ ਆਸਣੁ ਡਿਠੋ ਚਾਉ ॥ ੧॥ (੪੬੩)

ਗੁਰੂ ਸਾਹਿਬਾਂ ਨੇ ਸਮੁੱਚੀ ਮਨੁੱਖਤਾ ਲਈ ਇਕੋ ਧਰਮ ਹੀ ਮੰਨਿਆ ਹੈ, ਉਹ ਹੈ 'ਸਬਦ'':

ਸਬਦ ਰੋਸ਼ਨੀ ਦੇਣ ਵਾਲਾ ਹੈ, ਜਿਸ ਦੁਆਰਾ ਜੀਵਨ ਵਿਚ ਚਲਣ ਲਈ ਸੋਝੀ ਪ੍ਰਾਪਤ ਹੁੰਦੀ ਹੈ। ਸਬਦ ਸੁਣ ਸਕਦੇ ਹਾਂ, ਪਰ ਵੇਖ ਨਹੀਂ ਸਕਦੇ, ਇਸੇ ਲਈ ਸਿੱਖ ਧਰਮ ਵਿਚ ਮੂਰਤੀ ਪੂਜਾ ਦਾ ਕੋਈ ਮਹੱਤਵ ਨਹੀਂ ਹੈ। ਗੁਰੂ ਸਾਹਿਬ ਨੇ ਸਾਰਿਆਂ ਦਾ ਮੁੱਖ ਧਰਮ, ਉਸ ਅਕਾਲ ਪੁਰਖੁ ਨੂੰ ਹਰੇਕ ਜੀਵ ਵਿਚ ਵਸਦਾ ਵੇਖਣਾ, ਉਸ ਨੂੰ ਆਪਣੇ ਹਿਰਦੇ ਵਿਚ ਵਸਾਉਂਣਾਂ ਤੇ ਗੁਰਬਾਣੀ ਦੁਆਰਾ ਉਸ ਦੇ ਗੁਣ ਗਾਇਨ ਕਰਨਾ ਦੱਸਿਆ ਹੈ। ਜੋ ਮਨੁੱਖ ਇਸ ਭੇਦ ਨੂੰ ਜਾਣਦਾ ਹੈ, ਨਾਨਕ ਉਸ ਦਾ ਦਾਸ ਹੈ, ਉਹ ਮਨੁੱਖ ਅਕਾਲ ਪੁਰਖੁ ਦਾ ਰੂਪ ਹੈ। ਗੁਰੂ ਸਾਹਿਬਾਂ ਨੇ ਸਮੁੱਚੀ ਮਨੁੱਖਤਾ ਲਈ ਇਕੋ ਧਰਮ ਹੀ ਮੰਨਿਆ ਹੈ, ਉਹ ਹੈ 'ਸਬਦ''। ਪੂਰੇ ਗੁਰੂ ਗਰੰਥ ਸਾਹਿਬ ਵਿਚ ਸਬਦ ਦਾ ਭੇਦ ਹੀ ਸਾਂਝਾ ਕੀਤਾ ਗਿਆ ਹੈ, ਤਾਂ ਜੋ ਅਸੀਂ ਅਕਾਲ ਪੁਰਖੁ ਦਾ ਹੁਕਮੁ

ਤੇ ਉਸ ਦੀ ਅਸਲੀਅਤ ਨੂੰ ਸਮਝ ਸਕੀਏ।

ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥ ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥ (੪੬੯)

ਮਃ ੨ ॥ ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾ ਤ ਆਤਮਾ ॥ ਆਤਮਾ ਬਾਸੁਦੇਵਸਿ੍ ਜੇ ਕੋ ਜਾਣੈ ਭੇਉ ॥ ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥੪॥ (੪੬੯)

ਸ੍ਰਿਸ਼ਟੀ ਕਿਸ ਨੇ ਪੈਦਾ ਕੀਤੀ ਤੇ ਇਸ ਦੀ ਸੰਭਾਲ ਕੌਣ ਕਰ ਰਿਹਾ ਹੈ:

ਇਹ ਸਾਰੀ ਸ੍ਰਿਸ਼ਟੀ ਕਿਸ ਨੇ ਪੈਦਾ ਕੀਤੀ ਤੇ ਇਸ ਦੀ ਸੰਭਾਲ ਕੌਣ ਕਰ ਰਿਹਾ ਹੈ, ਇਸ ਦਾ ਉੱਤਰ ਅੱਜ ਦੀ ਸਾਇੰਸ ਨਹੀਂ ਦੇ ਸਕਦੀ। ਸਾਇੰਸ ਸਿਰਫ ਬਿਗ ਬੈਂਗ ਥਿਊਰੀ (Big Bang Theory), ਬਲੈਕ ਹੋਲ (Black hole) ਤੋਂ ਬਣਨਾਂ ਆਦਿ ਦੇ ਅੰਦਾਜੇ ਲਗਾ ਰਹੀ ਹੈ, ਪਰ ਨਿਸਚਿਤ ਤੌਰ ਤੇ ਉੱਤਰ ਕੋਈ ਨਹੀਂ। ਇਹ ਬਲੈਕ ਹੋਲ ਕਿਸ ਤਰ੍ਹਾਂ ਤੇ ਕਿਉਂ ਬਣਿਆ, ਉਸ ਤੋਂ ਸਾਰੀ ਸ੍ਰਿਸ਼ਟੀ ਕਿਸ ਤਰ੍ਹਾਂ ਬਣ ਗਈ? ਕੀ ਅਸੀਂ ਇਸ ਦਾ ਕਾਰਨ ਜਾਣ ਸਕਦੇ ਹਾਂ? ਇਹ ਇਕ ਬਹੁਤ ਮੁਸ਼ਕਲ ਸਵਾਲ ਹੈ, ਅਸੀਂ ਇਸ ਵਾਸਤੇ ਸਿਰਫ ਅੰਦਾਜ਼ੇ ਲਗਾ ਸਕਦੇ ਹਾਂ, ਤੇ ਸਾਇੰਸ ਵੀ ਕਈ ਤਰ੍ਹਾਂ ਦੇ ਅੰਦਾਜ਼ੇ ਆਦਿ ਦੀਆਂ ਗੱਲਾਂ ਕਰ ਰਹੀ ਹੈ।

ਸਿੱਖ ਧਰਮ ਅਨੁਸਾਰ ਪੂਰੀ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਵੀ ਅਕਾਲ ਪੁਰਖੁ ਆਪ ਹੀ ਹੈ। ਇਸ ਜਗਤ ਦੀ ਰਚਨਾ ਤੋਂ ਪਹਿਲਾਂ ਬੇਅੰਤ ਸਮਾਂ ਅਕਾਲ ਪੁਰਖੁ ਨੇ ਸ੍ਰਿਸ਼ਟੀ ਦੀ ਅਜਿਹੀ ਹਾਲਤ ਬਣਾਈ ਰੱਖੀ ਸੀ, ਜੋ ਕਿ ਮਨੁੱਖ ਦੀ ਸਮਝ ਤੋਂ ਬਹੁਤ ਪਰੇ ਹੈ। ਉਹ ਹਾਲਤ ਕਿਸ ਤਰ੍ਹਾਂ ਦੀ ਸੀ, ਉਸ ਗੁਬਾਰ ਬਾਰੇ ਕੋਈ ਜੀਵ ਕੁਝ ਵੀ ਨਹੀਂ ਕਹਿ ਸਕਦਾ, ਤੇ ਨਾ ਹੀ ਕੋਈ ਜੀਵ ਬਿਆਨ ਕਰ ਸਕਦਾ ਹੈ। ਸਿਰਫ ਅਕਾਲ ਪੁਰਖੁ ਆਪ ਹੀ ਜਾਣਦਾ ਕਿ ਅਸਲੀਅਤ ਕੀ ਸੀ। ਅਕਾਲ ਪੁਰਖੁ ਨੇ ਆਪ ਸਾਰੀ ਸ੍ਰਿਸ਼ਟੀ ਪੈਦਾ ਕੀਤੀ, ਤੇ ਇਹ ਜਗਤ ਦਾ ਸਾਰਾ ਖੇਲ ਤਮਾਸ਼ਾ ਆਪ ਹੀ ਰਚਿਆ ਹੈ, ਇਹ ਸਭ ਉਸ ਦੀ ਹੀ ਵਡਿਆਈ ਹੈ। ਵੱਖ ਵੱਖ ਕਿਸਮ ਦੇ ਇਹ ਸਾਰੇ ਜੀਵਾਂ ਨੂੰ ਅਕਾਲ ਪੁਰਖੁ ਆਪ ਹੀ ਬਣਾਉਂਦਾ ਹੈ, ਤੇ ਆਪ ਹੀ ਨਾਸ ਕਰ ਕੇ, ਫਿਰ ਹੋਰ ਆਪ ਹੀ ਪੈਦਾ ਕਰਦਾ ਹੈ। ਹਰੇਕ ਸਰੀਰ ਵਿਚ ਅਕਾਲ ਪੁਰਖੁ ਦਾ ਬਣਾਇਆ ਹੋਇਆ ਸੁਆਸ, ਪਉਣ (ਹਵਾ, ਆਕਸੀਜਨ) ਦੀ ਸਹਾਇਤਾ ਨਾਲ ਚੱਲ ਰਿਹਾ ਹੈ।

ਮਾਰੂ ਮਹਲਾ ੩ ॥ ਜੁਗ ਛਤੀਹ ਕੀਓ ਗੁਬਾਰਾ ॥ ਤੂ ਆਪੇ ਜਾਣਹਿ ਸਿਰਜਣਹਾਰਾ ॥ ਹੋਰ ਕਿਆ ਕੋ ਕਹੈ ਕਿ ਆਖਿ ਵਖਾਣੈ ਤੂ ਆਪੇ ਕੀਮਤਿ ਪਾਇਦਾ ॥੧॥ ਓਅੰਕਾਰਿ ਸਭ ਸ੍ਰਿਸਟਿ ਉਪਾਈ ॥ ਸਭੁ ਖੇਲੁ ਤਮਾਸਾ ਤੇਰੀ ਵਡਿਆਈ ॥ ਆਪੇ ਵੇਕ ਕਰੇ ਸਭਿ ਸਾਚਾ ਆਪੇ ਭੰਨਿ ਘੜਾਇਦਾ ॥੨॥ (੧੦੬੧)

ਗੁਰਬਾਣੀ ਅਨੁਸਾਰ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਅਕਾਲ ਪੁਰਖ ਆਪ ਹੀ ਹੈ, ਤੇ ਉਸ ਨੇ ਬਿਨਾ ਕਿਸੇ ਉਚੇਚੇ ਜਤਨ ਦੇ, ਆਪਣੇ ਹੁਕਮੁ ਰਾਹੀਂ ਇਹ ਸਾਰੀ ਸ੍ਰਿਸ਼ਟੀ ਪੈਦਾ ਕਰ ਦਿੱਤੀ ਹੈ। ਇਸ ਜਗਤ ਨੂੰ ਪੈਦਾ ਕਰਕੇ, ਉਹ ਆਪਣੀ ਵਡਿਆਈ ਆਪ ਹੀ ਵੇਖ ਰਿਹਾ ਹੈ। ਅਕਾਲ ਪੁਰਖੁ ਆਪ ਹੀ ਸਭ ਕੁਝ ਕਰ ਰਿਹਾ ਹੈ, ਤੇ ਜੀਵਾਂ ਪਾਸੋਂ ਆਪ ਹੀ ਆਪਣੇ ਹੁਕਮੁ ਅਨੁਸਾਰ ਕਰਵਾ ਰਿਹਾ ਹੈ, ਤੇ ਉਹ ਆਪਣੀ ਰਜ਼ਾ ਅਨੁਸਾਰ ਸਾਰੀ ਸ੍ਰਿਸ਼ਟੀ ਵਿਚ ਆਪ ਹੀ ਵਿਆਪਕ ਹੈ।

ਹੁਕਮੀ ਸਹਜੇ ਸ੍ਰਿਸਟਿ ਉਪਾਈ ॥ ਕਰਿ ਕਰਿ ਵੇਖੈ ਅਪਣੀ ਵਡਿਆਈ ॥ ਆਪੇ ਕਰੇ ਕਰਾਏ ਆਪੇ ਹੁਕਮੇ ਰਹਿਆ ਸਮਾਈ ਹੇ ॥੧॥ (੧੦੪੩, ੧੦੪੪)

ਮਨੁੱਖਾ ਸਰੀਰ ਕਿਸ ਤਰ੍ਹਾਂ ਤਿਆਰ ਹੋਇਆ:

ਜਦੋਂ ਅਜੇ ਇਹ ਸੰਸਾਰ ਨਹੀਂ ਸੀ, ਇਹ ਜੀਵ ਵੀ ਨਹੀਂ ਸਨ, ਉਸ ਸਮੇਂ ਇਹ ਜੀਵ ਕੀ ਕਰਦਾ ਸੀ ? ਤੇ, ਕਿਹੜੇ ਕਰਮ ਕਰ

ਕੇ ਇਹ ਹੋਂਦ ਵਿਚ ਆਇਆ? ਅਸਲੀਅਤ ਇਹ ਹੈ ਕਿ ਅਕਾਲ ਪੁਰਖੁ ਨੇ ਆਪ ਹੀ ਜਗਤ ਦੀ ਰਚਨਾ ਕੀਤੀ ਹੈ, ਤੇ ਆਪ ਹੀ, ਆਪਣਾ ਇਹ ਖੇਲ ਜਗਤ ਰਚ ਕੇ, ਇਸ ਨੂੰ ਵੇਖ ਰਿਹਾ ਹੈ। ਇਸ ਜਗਤ ਨੂੰ ਬਣਾਉਂਣ ਲਈ ਪੰਜ ਤੱਤ ਪਾ ਦਿੱਤੇ, ਇਨ੍ਹਾਂ ਪੰਜ ਤੱਤਾਂ ਸਦਕਾ ਮਨੁੱਖਾ ਸਰੀਰ ਤਿਆਰ ਹੋਇਆ, ਉਸ ਸਰੀਰ ਦੇ ਅੰਦਰ ਮੋਹ, ਝੂਠ ਤੇ ਗੁਮਾਨ ਆਦਿਕ ਵਿਕਾਰ ਵੀ ਹਨ, ਜੋ ਕਿ ਮਨੁੱਖ ਨੂੰ ਖੁਆਰ ਕਰਦੇ ਹਨ। ਅਗਿਆਨੀ ਤੇ ਮਨਮੁੱਖ ਇਨ੍ਹਾਂ ਵਿਕਾਰਾਂ ਵਿਚ ਫਸ ਕੇ ਭਟਕਦੇ ਤੇ ਜੰਮਦੇ ਮਰਦੇ ਰਹਿੰਦੇ ਹਨ। ਕਈ ਅਜੇਹੇ ਮਨੁੱਖ ਵੀ ਹਨ, ਜਿਨ੍ਹਾਂ ਨੂੰ ਅਕਾਲ ਪੁਰਖੁ ਨੇ ਗੁਰੂ ਦੇ ਸਨਮੁਖ ਕਰ ਕੇ, ਆਪਣਾ ਗਿਆਨ ਆਪ ਸਮਝਾਇਆ ਹੈ, ਤੇ ਅਜੇਹੇ ਗੁਰਮੁਖਾਂ ਨੂੰ ਆਪਣੀ ਭਗਤੀ ਤੇ ਗੁਰਬਾਣੀ ਦਾ ਨਾਮੁ ਰੂਪੀ ਖ਼ਜ਼ਾਨਾ ਆਪ ਬਖਸ਼ਿਆ ਹੈ।
ਪਉੜੀ ॥ ਇਹੁ ਜਗੁ ਆਪਿ ਉਪਾਇਓਨੁ ਕਰਿ ਚੋਜ ਵਿਡਾਨੁ ॥ ਪੰਚ ਧਾਤੁ ਵਿਚਿ ਪਾਈਅਨੁ ਮੋਹੁ ਝੂਠੁ ਗੁਮਾਨੁ ॥ ਆਵੈ ਜਾਇ ਭਵਾਈਐ ਮਨਮੁਖੁ ਅਗਿਆਨੁ ॥ ਇਕਨਾ ਆਪਿ ਬੁਝਾਇਓਨੁ ਗੁਰਮੁਖਿ ਹਰਿ ਗਿਆਨੁ ॥ ਭਗਤਿ ਖਜਾਨਾ ਬਖਸਿਓਨੁ ਹਰਿ ਨਾਮੁ ਨਿਧਾਨੁ ॥੪॥ (੭੮੬)

ਹੁਕਮੁ ਤੇ ਸੱਚਾਈ ਨੂੰ ਸਮਝਾਉਣਾਂ ਤੇ ਭਵਿੱਖ ਬਾਰੇ ਸੁਚੇਤ ਕਰਨਾ:

ਗੁਰੂ ਸਾਹਿਬ ਦਾ ਮੰਤਵ ਕਿਸੇ ਤਰ੍ਹਾਂ ਦੀ ਭਵਿੱਖ ਬਾਣੀ ਕਰਨ ਦਾ ਨਹੀਂ ਸੀ, ਬਲਕਿ ਲੋਕਾਂ ਨੂੰ ਅਕਾਲ ਪੁਰਖੁ ਦਾ ਹੁਕਮੁ ਤੇ ਸੱਚਾਈ ਨੂੰ ਸਮਝਾਉਣਾਂ ਸੀ, ਤੇ ਉਸ ਅਨੁਸਾਰ ਚਲਣ ਦਾ ਮਾਰਗ ਦੱਸਣਾ ਸੀ। ਆਪਣੀ ਬਾਣੀ ਵਿਚ ਬਾਬਰ ਦਾ ਕਾਬਲ ਤੋਂ ਫ਼ੌਜ ਲੈ ਕੇ ਸ਼ਹਿਰ ਸ਼ੈਦਪੁਰ ਵਿਚ ਹੋਏ ਅੱਤਿਆਚਾਰਾ ਦਾ ਜਿਕਰ ਕਰਦੇ ਸਮਝਾਂਇਆ, ਕਿ ਇਸ ਸਭ ਕੁਝ ਉਸ ਦੇ ਹੁਕਮੁ ਅਨੁਸਾਰ ਹੀ ਹੋਇਆ। ਜਿਸ ਅਕਾਲ ਪੁਰਖੁ ਨੇ ਇਹ ਸ੍ਰਿਸ਼ਟੀ ਪੈਦਾ ਕੀਤੀ ਹੈ, ਉਸੇ ਨੇ ਇਸ ਨੂੰ ਮਾਇਆ ਦੇ ਮੋਹ ਵਿਚ ਫਸਾਇਆ ਹੋਇਆ ਹੈ, ਪਰ ਉਹ ਆਪ ਨਿਰਲੇਪ ਰਹਿ ਕੇ ਉਨ੍ਹਾਂ ਦੁਰਘਟਨਾਵਾਂ ਨੂੰ ਵੇਖ ਰਿਹਾ ਹੈ। ਅਕਾਲ ਪੁਰਖੁ ਅਟੱਲ ਨਿਯਮਾਂ ਵਾਲਾ ਹੈ, ਉਸ ਦਾ ਨਿਆਉਂ ਹੁਣ ਤਕ ਅਟੱਲ ਹੈ, ਉਹ ਅਗਾਂਹ ਨੂੰ ਵੀ ਅਟੱਲ ਨਿਯਮ ਵਰਤਾਇਗਾ, ਤੇ ਉਹੀ ਨਿਆਉਂ ਕਰੇਗਾ ਜੋ ਅਟੱਲ ਹੈ। ਉਸ ਅਟੱਲ ਨਿਯਮ ਅਨੁਸਾਰ ਹੀ, ਇਸ ਵੇਲੇ ਸੈਦਪੁਰ ਵਿਚ ਹਰ ਪਾਸੇ ਮਨੁੱਖਾ ਸਰੀਰ ਰੂਪੀ ਕੱਪੜੇ ਟੋਟੇ ਟੋਟੇ ਹੋ ਰਹੇ ਹਨ, ਭਾਵ ਬਾਬਰ ਦੀ ਫੌਜ਼ ਅਨੇਕਾਂ ਹਿੰਦੋਸਤਾਨੀਆਂ ਦਾ ਕਤਲ ਕਰ ਰਹੀ ਹੈ। ਮੁਗ਼ਲ ਅੱਜ ਸੰਮਤ ਅਠੱਤਰ ਵਿਚ ਆਏ ਹਨ (ਬਾਬਰ), ਇਹ ਸੰਮਤ ਸਤਾਨਵੇ ਵਿਚ ਚਲੇ ਜਾਣਗੇ, ਕੋਈ ਹੋਰ ਸੂਰਮਾ (ਸ਼ੇਰ ਸ਼ਾਹ ਸੂਰੀ) ਵੀ ਉੱਠ ਖੜਾ ਹੋਵੇਗਾ।
ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥ ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥ ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥ ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥ ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥੫॥ (੭੨੨-੭੨੩)
ਇਹ ਸਬਦ ਸਾਨੂੰ ਸੁਚੇਤ ਕਰਨ ਲਈ ਹੈ ਕਿ ਜੇ ਕਰ ਹੇਰਾ ਫੇਰੀ, ਧੋਖੇ ਬਾਜੀ, ਜ਼ੁਲਮ, ਅਸਮਾਨਤਾ, ਆਪਸੀ ਵੰਡ, ਰਿਸ਼ਵਤਖੋਰੀ ਤੇ ਵਿਕਾਰੀਆਂ ਵਾਲਾ ਜੀਵਨ ਬਤੀਤ ਕਰਾਂਗੇ ਤਾਂ ਇਹੀ ਹਾਲ ਹੋ ਸਕਦਾ ਹੈ। ਜਿਥੇ ਅਕਾਲ ਪੁਰਖੁ ਇਤਨੀਆਂ ਦਾਤਾਂ ਦਿੰਦਾ ਹੈ, ਉਥੇ ਸਿਧੇ ਰਸਤੇ ਪਾਉਂਣਾ ਵੀ ਜਾਣਦਾ ਹੈ।

ਅਕਾਲ ਪੁਰਖੁ ਨੇ ਇਹ ਕੁਦਰਤ ਸੁੰਨ ਤੋਂ ਪੈਦਾ ਕੀਤੀ:

ਬਿਗ ਬੈਂਗ ਸਿਧਾਂਤ ਅਨੁਸਾਰ ਅੱਜਕਲ ਦੀ ਸਾਇੰਸ ਦੀਆਂ ਖੋਜਾਂ ਇਹੀ ਦਰਸਾਉਂਦੀਆਂ ਹਨ ਕਿ ਸ੍ਰਿਸ਼ਟੀ ਦਾ ਕੋਈ ਆਰੰਭ ਜਰੂਰ ਸੀ। ਸਟੈਂਡਰਡ ਥਿਊਰੀ (Standard theory) ਅਨੁਸਾਰ ਕੁਦਰਤ ਇਕ ਇਕਾਈ (Singularity) ਤੋਂ ਲਗਭਗ ੧੩.੭ ਅਰਬ (13.7 Billion) ਸਾਲ ਪਹਿਲਾਂ ਆਰੰਭ ਹੋਈ। ਇਹ ਇਕਾਈ (Singularity) ਕੀ ਹੈ, ਕਿਸ ਤਰ੍ਹਾਂ ਪੈਦਾ

ਹੋਈ, ਇਹ ਕੋਈ ਨਹੀਂ ਦੱਸ ਸਕਦਾ, ਇਥੇ ਭੌਤਿਕ ਵਿਗਿਆਨ (Physics) ਦੇ ਆਮ ਨਿਯਮ ਲਾਗੂ ਨਹੀਂ ਹੁੰਦੇ ਹਨ। ਇਹ ਬਲੈਕ ਹੋਲ ਦੇ ਕੇਂਦਰ ਵਿਚ ਸਥਿਤ ਕਹੀ ਜਾਂਦੀ ਹੈ। ਜਿਸ ਦੀ ਘਨਤਾ (Density) ਅਮਿਤ ਹੈ, ਬਹੁਤ ਜਿਆਦਾ ਹੈ ਜਿਸ ਦਾ ਅਨੁਮਾਨ ਨਹੀਂ ਲਗਾਇਆ ਜਾ ਸਕਦਾ ਹੈ। ਇਹ ਬਿਗ ਬੈਂਗ ਨਾਲ ਆਰੰਭ ਹੋਈ ਤੇ ਫੈਲਦੀ ਗਈ ਤੇ ਨਾਲੋ ਨਾਲ ਠੰਡੀ ਹੁੰਦੀ ਗਈ। ਇਹ ਅੱਜ ਵੀ ਹੋਰ ਫੈਲ ਰਹੀ ਹੈ ਤੇ ਨਾਲੋ ਨਾਲ ਠੰਡੀ ਹੋ ਰਹੀ ਹੈ। ਇਸ ਇਕਾਈ ਤੋਂ ਪਹਿਲਾਂ ਕੋਈ ਪੁਲਾੜ, ਸਮਾਂ, ਪਦਾਰਥ ਜਾਂ ਊਰਜਾ ਕੁਝ ਵੀ ਨਹੀਂ ਸੀ (Prior to the singularity, nothing existed, not space, time, matter, or energy)। ਹੁਬਲ ਨਿਯਮ (Hubble's Law) ਅਨੁਸਾਰ ਗਲੈਕਸੀਆਂ ਸਾਡੇ ਤੋਂ ਦੂਰ ਜਾ ਰਹੀਆਂ ਹਨ। ਗਲੈਕਸੀਆਂ ਦੇ ਫੈਲਣ ਦੀ ਇਹ ਖੋਜ਼ ਇਹੀ ਦੱਸਦੀ ਹੈ, ਕਿ ਕੁਦਰਤ ਪਹਿਲਾ ਇਕ ਇਕਾਈ ਦੀ ਤਰ੍ਹਾਂ ਸੀ।

ਅੱਜ ਕੱਲ ਦੀ ਸਾਇੰਸ ਤਾਂ ਵੈਕੀਉਮ, ਬਲੈਕ ਹੋਲ ਜਾਂ ਇਕਾਈ (Vacuum, Black hole, Singularity) ਦੀਆਂ ਗੱਲਾਂ ਕਰਦੀ ਹੈ। ਪਰੰਤੂ ਗੁਰਬਾਣੀ ਅਨੁਸਾਰ ਅਕਾਲ ਪੁਰਖੁ ਨੇ ਇਹ ਕੁਦਰਤ ਸੁੰਨ ਤੋਂ ਪੈਦਾ ਕੀਤੀ। ਅਕਾਲ ਪੁਰਖੁ ਤੋਂ ਪਰੇ ਹੋਰ ਕੁਝ ਵੀ ਨਹੀਂ ਤੇ ਉਹ ਨਿਰੋਲ ਆਪ ਹੀ ਆਪ ਹੈ, ਤੇ ਆਪਣੀ ਤਾਕਤ ਆਪ ਹੀ ਬਣਾਈ ਹੋਈ ਹੈ। ਉਸ ਅਕਾਲ ਪੁਰਖੁ ਨੂੰ ਕਿਸੇ ਹੋਰ ਆਸਰੇ ਦੀ ਲੋੜ ਨਹੀਂ, ਉਹ ਅਪਰ ਅਪਾਰ ਅਕਾਲ ਪੁਰਖੁ ਆਪਣੇ ਸਹਾਰੇ ਆਪ ਹੀ ਹੈ, ਅਕਾਲ ਪੁਰਖੁ ਦੇ ਆਪਣੇ ਆਪ ਤੋਂ ਬਿਨਾ ਹੋਰ ਕੁਝ ਵੀ ਨਹੀਂ। ਅਕਾਲ ਪੁਰਖੁ ਸੁੰਨ ਅਵਸਥਾ ਵੀ ਆਪ ਹੀ ਪੈਦਾ ਕਰਦਾ ਹੈ, ਤੇ ਆਪ ਹੀ ਆਪਣੀ ਕੁਦਰਤ ਰਚ ਕੇ ਵੇਖਦਾ ਹੈ। ਅਕਾਲ ਪੁਰਖੁ ਆਪ ਹੀ ਸੁੰਨ ਅਵਸਥਾ ਤੋਂ ਹਵਾ, ਪਾਣੀ ਆਦਿਕ ਤੱਤ ਪੈਦਾ ਕਰਦਾ ਹੈ। ਆਪ ਹੀ ਸੁੰਨ ਅਵਸਥਾ ਤੋਂ ਸ੍ਰਿਸ਼ਟੀ ਪੈਦਾ ਕਰ ਕੇ, ਆਪਣੇ ਆਪ ਤੋਂ ਆਪ ਹੀ ਅਨੇਕਾਂ ਸਰੀਰ ਤੇ ਸਰੀਰਕ ਕਿਲ੍ਹਿਆਂ ਦੇ ਰਾਜੇ, ਭਾਵ ਜੀਵ ਪੈਦਾ ਕਰਦਾ ਹੈ। ਅੱਗ, ਪਾਣੀ ਆਦਿਕ ਤੱਤਾਂ ਨਾਲ ਬਣੇ ਹੋਏ ਅਨੇਕਾਂ ਸਰੀਰ ਤੇ ਉਨ੍ਹਾਂ ਸਰੀਰਾਂ ਵਿਚਲੀ ਜੀਵ ਆਤਮਾ ਵੀ ਅਕਾਲ ਪੁਰਖੁ ਦੀ ਹੀ ਜੋਤਿ ਹੈ। ਅਕਾਲ ਪੁਰਖੁ ਆਪਣੇ ਆਪ ਵਿਚ ਆਪਣੀ ਸ਼ਕਤੀ ਟਿਕਾਈ ਰੱਖਦਾ ਹੈ। ਜੀਵਾਂ ਦੇ ਪੰਜ ਗਿਆਨ ਇੰਦ੍ਰੇ, ਮਨ ਤੇ ਬੁਧੀ, ਵੀ ਅਕਾਲ ਪੁਰਖੁ ਨੇ ਆਪਣੇ ਆਪੇ ਤੋਂ ਹੀ ਬਣਾਏ ਹਨ। ਜਿਸ ਅਕਾਲ ਪੁਰਖੁ ਨੇ ਜੀਵ ਪੈਦਾ ਕੀਤੇ ਹਨ, ਉਹ ਆਪ ਹੀ ਉਨ੍ਹਾਂ ਨੂੰ ਸੰਭਾਲਦਾ ਹੈ ਤੇ ਆਪਣੇ ਵੀਚਾਰ ਮੰਡਲ ਵਿਚ ਰੱਖਦਾ ਹੈ।

ਮਾਰੂ ਮਹਲਾ ੧ ॥ ਸੁੰਨ ਕਲਾ ਅਪਰੰਪਰਿ ਧਾਰੀ ॥ ਆਪਿ ਨਿਰਾਲਮੁ ਅਪਰ ਅਪਾਰੀ ॥ ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ ॥੧॥ ਪਉਣੁ ਪਾਣੀ ਸੁੰਨੈ ਤੇ ਸਾਜੇ ॥ ਸ੍ਰਿਸਟਿ ਉਪਾਇ ਕਾਇਆ ਗੜ ਰਾਜੇ ॥ ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ ਰਹਾਇਦਾ ॥੨॥

ਸੁੰਨਹੁ ਚੰਦੁ ਸੂਰਜੁ ਗੈਣਾਰੇ ॥ ਤਿਸ ਕੀ ਜੋਤਿ ਤ੍ਰਿਭਵਣ ਸਾਰੇ ॥ ਸੁੰਨੇ ਅਲਖ ਅਪਾਰ ਨਿਰਾਲਮੁ ਸੁੰਨੇ ਤਾੜੀ ਲਾਇਦਾ ॥੫॥ ਸੁੰਨਹੁ ਧਰਤਿ ਅਕਾਸੁ ਉਪਾਏ ॥ ਬਿਨੁ ਥੰਮਾ ਰਾਖੇ ਸਚੁ ਕਲ ਪਾਏ ॥ ਤ੍ਰਿਭਵਣ ਸਾਜਿ ਮੇਖੁਲੀ ਮਾਇਆ ਆਪਿ ਉਪਾਇ ਖਪਾਇਦਾ ॥੬॥ ਸੁੰਨਹੁ ਖਾਣੀ ਸੁੰਨਹੁ ਬਾਣੀ ॥ ਸੁੰਨਹੁ ਉਪਜੀ ਸੁੰਨਿ ਸਮਾਣੀ ॥ ਉਤਭੁਜੁ ਚਲਤੁ ਕੀਆ ਸਿਰਿ ਕਰਤੈ ਬਿਸਮਾਦੁ ਸਬਦਿ ਦੇਖਾਇਦਾ ॥੭॥ (੧੦੩੭, ੧੦੩੮)

ਅਕਾਲ ਪੁਰਖੁ ਬੇਅੰਤ ਸਮਾਂ ਗੁਪਤ ਅਵਸਥਾ ਵਿਚ ਹੀ ਰਿਹਾ, ਬੇਅੰਤ ਸਮਾਂ ਉਹ ਸੁੰਨ ਅਵਸਥਾ ਵਿਚ ਟਿਕਿਆ ਰਿਹਾ, ਬੇਅੰਤ ਸਮਾਂ ਇਕ ਐਸੀ ਅਵਸਥਾ ਬਣੀ ਰਹੀ ਜੋ ਜੀਵਾਂ ਦੀ ਸਮਝ ਤੋਂ ਪਰੇ ਹੈ। ਜਿਸ ਤਰ੍ਹਾਂ ਧੁੰਦ ਵਿਚ ਕੁਝ ਦਿਖਾਈ ਨਹੀਂ ਦਿੰਦਾ ਹੈ, ਇਸੇ ਤਰ੍ਹਾਂ ਉਹ ਅਜੇਹੀ ਅਵਸਥਾ ਸੀ ਜੋ ਕਿ ਨਾ ਤਾਂ ਮਨੁੱਖ ਬਿਆਨ ਕਰ ਸਕਦਾ ਹੈ ਤੇ ਨਾ ਹੀ ਸਮਝ ਸਕਦਾ ਹੈ। ਫਿਰ ਅਕਾਲ ਪੁਰਖੁ ਨੇ ਆਪ ਹੀ ਆਪਣੇ ਆਪ ਨੂੰ ਜਗਤ-ਰੂਪ ਵਿਚ ਪਰਗਟ ਕਰ ਲਿਆ।

ਕੇਤੜਿਆ ਦਿਨ ਗੁਪਤੁ ਕਹਾਇਆ ॥ ਕੇਤੜਿਆ ਦਿਨ ਸੁੰਨਿ ਸਮਾਇਆ ॥ ਕੇਤੜਿਆ ਦਿਨ ਧੁੰਧੂਕਾਰਾ ਆਪੇ ਕਰਤਾ ਪਰਗਟੜਾ ॥੧੨॥ (੧੦੮੧, ੧੦੮੨)

ਗੁਰੂ ਨਾਨਕ ਸਾਹਿਬ ਨੇ ਕਈ ਸਾਲ ਪਹਿਲਾਂ ਹੀ ਸਮਝਾ ਦਿਤਾ ਸੀ, ਕਿ ਅਕਾਲ ਪੁਰਖ ਨੇ ਇਹ ਕੁਦਰਤ ਸੁੰਨ ਤੋਂ ਪੈਦਾ ਕੀਤੀ। ਅੱਜ ਦੀ ਸਾਇੰਸ ਵੀ ਹੁਣ ਸ੍ਰਿਸ਼ਟੀ ਦੇ ਪੈਦਾ ਹੋਣ ਬਾਰੇ ਇਹੀ ਕਹਿ ਰਹੀ ਹੈ, ਕਿ ਇਹ ਇਕ ਇਕਾਈ (Singularity) ਤੋਂ ਬਣੀ ਹੈ। ਅਕਾਲ ਪੁਰਖ ਤੋਂ ਪਰੇ ਹੋਰ ਕੁਝ ਵੀ ਨਹੀਂ ਤੇ ਉਹ ਨਿਰੋਲ ਆਪ ਹੀ ਆਪ ਹੈ, ਤੇ ਆਪਣੀ ਤਾਕਤ ਆਪ ਹੀ ਬਣਾਈ ਹੋਈ ਹੈ। ਅਕਾਲ ਪੁਰਖ ਆਪ ਹੀ ਸੁੰਨ ਅਵਸਥਾ ਤੋਂ ਹਵਾ, ਪਾਣੀ ਆਦਿਕ ਤੱਤ ਪੈਦਾ ਕਰਦਾ ਹੈ। ਆਪ ਹੀ ਸੁੰਨ ਅਵਸਥਾ ਤੋਂ ਸ੍ਰਿਸ਼ਟੀ, ਅਨੇਕਾਂ ਸਰੀਰ ਤੇ ਜੀਵ ਪੈਦਾ ਕਰਦਾ ਹੈ।

ਮਾਰੂ ਮਹਲਾ ੧ ॥ ਸੁੰਨ ਕਲਾ ਅਪਰੰਪਰਿ ਧਾਰੀ ॥ ਆਪਿ ਨਿਰਾਲਮੁ ਅਪਰ ਅਪਾਰੀ ॥ ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ ॥੧॥ ਪਉਣੁ ਪਾਣੀ ਸੁੰਨੈ ਤੇ ਸਾਜੇ ॥ ਸ੍ਰਿਸਟਿ ਉਪਾਇ ਕਾਇਆ ਗੜ ਰਾਜੇ ॥ ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ ਰਹਾਇਦਾ ॥੨॥

ਪਦਾਰਥ ਤੋਂ ਜੀਵ ਕਿਸ ਤਰ੍ਹਾਂ ਬਣੇ, ਚੇਤਨਾਂ ਕਿਸ ਤਰ੍ਹਾਂ ਪੈਦਾ ਹੋਈ:

ਸਾਇੰਸ ਜੀਵਾਂ ਅਤੇ ਪਦਾਰਥਾਂ ਦੀ ਜਾਣਕਾਰੀ ਤਾਂ ਦੱਸਦੀ ਹੈ। ਪਰੰਤੂ ਇਹ ਨਹੀਂ ਦੱਸ ਸਕਦੀ ਕਿ ਪਦਾਰਥ ਤੋਂ ਜੀਵ ਕਿਸ ਤਰ੍ਹਾਂ ਬਣੇ, ਚੇਤਨਾਂ ਕਿਸ ਤਰ੍ਹਾਂ ਪੈਦਾ ਹੋਈ, ਜੀਵਾਂ ਦੀ ਉਤਪਤੀ ਕਿਸ ਤਰ੍ਹਾਂ ਹੁੰਦੀ ਹੈ। ਪੰਛੀ ਕਿਸ ਤਰ੍ਹਾਂ ਉਡਦੇ ਹਨ। ਇਨ੍ਹਾਂ ਸਭ ਦੀ ਸੰਭਾਲ ਕੌਣ ਤੇ ਕਿਸ ਤਰ੍ਹਾਂ ਕਰਦਾ ਹੈ। ਗੁਰਬਾਣੀ ਅਨੁਸਾਰ ਅਕਾਲ ਪੁਰਖੁ ਜਿਸ ਤਰ੍ਹਾਂ ਚਾਹੁੰਦਾ ਹੈ, ਉਹ ਪੈਦਾ ਕਰਦਾ ਹੈ, ਤੇ ਜੀਵਾਂ ਪਾਸੋਂ ਆਪਣੇ ਹੁਕਮੁ ਅਨੁਸਾਰ ਕਰਵਾਉਂਦਾ ਹੈ। ਜਿਵੇਂ ਉਸ ਅਕਾਲ ਪੁਰਖ ਨੂੰ ਭਾਉਂਦਾ ਹੈ, ਜਿਵੇਂ ਉਸ ਦਾ ਹੁਕਮੁ ਹੁੰਦਾ ਹੈ, ਤਿਵੇਂ ਹੀ ਉਹ ਆਪ ਸੰਸਾਰ ਦੀ ਕਾਰ ਚਲਾ ਰਿਹਾ ਹੈ। ਜੀਵ ਅਕਾਲ ਪੁਰਖੁ ਦੇ ਹੁਕਮੁ ਵਿਚ ਇਥੇ ਆਉਂਦਾ ਹੈ, ਹੁਕਮੁ ਵਿਚ ਹੀ ਇਥੋਂ ਤੁਰ ਜਾਂਦਾ ਹੈ, ਤੇ ਜੀਵ ਨੂੰ ਹੁਕਮੁ ਵਿਚ ਹੀ ਜੀਵਨ ਬਿਤੀਤ ਕਰਨਾ ਪੈਂਦਾ ਹੈ।

ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥ (੭)

ਇਹ ਸਭ ਕੁਝ ਅਕਾਲ ਪੁਰਖੁ ਦੀ ਗੁਪਤ ਰਚਨਾ ਹੈ, ਜਿਸ ਬਾਰੇ ਉਹ ਆਪ ਹੀ ਜਾਣਦਾ ਹੈ। ਜਦੋਂ ਉਸ ਅਕਾਲ ਪੁਰਖੁ ਨੂੰ ਚੰਗਾ ਲੱਗਾ ਤਾਂ ਉਸ ਨੇ ਇਹ ਜਗਤ ਪੈਦਾ ਕਰ ਦਿੱਤਾ। ਇਸ ਸਾਰੇ ਜਗਤ-ਖਿਲਾਰੇ ਨੂੰ ਉਸ ਨੇ ਨਾ ਦਿੱਸਣ ਵਾਲੇ ਸਹਾਰੇ (Gravitation) ਨਾਲ ਆਪੋ ਆਪਣੇ ਥਾਂ ਤੇ ਟਿਕਾ ਦਿੱਤਾ।

ਅਕਾਲ ਪੁਰਖੁ ਨੇ ਬਿਨਾ ਕਿਸੇ ਉਚੇਚੇ ਜਤਨ ਦੇ ਆਪਣੇ ਹੁਕਮੁ ਦੁਆਰਾ ਇਹ ਸ੍ਰਿਸ਼ਟੀ ਪੈਦਾ ਕਰ ਦਿੱਤੀ ਹੈ। ਜਗਤ ਉਤਪਤੀ ਦੇ ਕੰਮ ਕਰ ਕਰ ਕੇ ਉਹ ਆਪਣੀ ਵਡਿਆਈ ਆਪ ਹੀ ਵੇਖ ਰਿਹਾ ਹੈ। ਅਕਾਲ ਪੁਰਖੁ ਆਪ ਹੀ ਸਭ ਕੁਝ ਕਰ ਰਿਹਾ ਹੈ, ਆਪ ਹੀ ਜੀਵਾਂ ਪਾਸੋਂ ਕਰਵਾ ਰਿਹਾ ਹੈ, ਤੇ ਆਪਣੀ ਰਜ਼ਾ ਅਨੁਸਾਰ ਸਾਰੀ ਸ੍ਰਿਸ਼ਟੀ ਵਿਚ ਵਿਆਪਕ ਹੋ ਕੇ ਵਿਚਰ ਰਿਹਾ ਹੈ।

ਹੁਕਮੀ ਸਹਜੇ ਸ੍ਰਿਸਟਿ ਉਪਾਈ ॥ ਕਰਿ ਕਰਿ ਵੇਖੈ ਅਪਣੀ ਵਡਿਆਈ ॥ ਆਪੇ ਕਰੇ ਕਰਾਏ ਆਪੇ ਹੁਕਮੇ ਰਹਿਆ ਸਮਾਈ ਹੇ ॥੧॥ (੧੦੪੩, ੧੦੪੪)

ਅਕਾਲ ਪੁਰਖੁ ਨੂੰ ਉਸ ਦੀ ਰਚਨਾ ਵਿਚੋਂ ਅਨੁਭਵ ਕੀਤਾ ਜਾ ਸਕਦਾ ਹੈ:

ਅਕਾਲ ਪੁਰਖ ਨੇ ਸਾਰੀ ਰਚਨਾ ਆਪਣੇ ਹੁਕਮੁ ਰੂਪੀ ਧਾਗੇ ਵਿਚ ਪਰੋ ਰੱਖੀ ਹੈ। ਜਿਸ ਤਰ੍ਹਾ ਪੁੱਤਰ ਇਹ ਨਹੀਂ ਜਾਣ ਸਕਦਾ ਹੈ ਕਿ ਪਿਉ ਕਿਸ ਤਰ੍ਹਾਂ ਪੈਦਾ ਹੋਇਆ ਸੀ। ਇਸੇ ਤਰ੍ਹਾਂ ਅਕਾਲ ਪੁਰਖੁ ਦੇ ਰਚੇ ਹੋਏ ਜੀਵ, ਇਹ ਨਹੀਂ ਜਾਣ ਸਕਦੇ ਹਨ ਕਿ ਅਕਾਲ ਪੁਰਖੁ ਕਿਸ ਤਰ੍ਹਾਂ ਪੈਦਾ ਹੋਇਆ ਸੀ।

ਜਾ ਕੀ ਲੀਲਾ ਕੀ ਮਿਤਿ ਨਾਹਿ ॥ ਸਗਲ ਦੇਵ ਹਾਰੇ ਅਵਗਾਹਿ ॥ ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥ ਸਗਲ ਪਰੋਈ ਅਪੁਨੈ ਸੂਤਿ

ਅਕਾਲ ਪੁਰਖ ਆਪ ਹੀ ਆਪਣੇ ਆਪ ਨੂੰ ਪੈਦਾ ਕਰ ਕੇ ਪਰਗਟ ਹੋਇਆ, ਅਕਾਲ ਪੁਰਖ ਆਪ ਹੀ ਸਭ ਅੰਦਰ ਗੁਪਤ ਰੂਪ ਵਿਚ ਵਿਆਪਕ ਹੈ, ਅਤੇ ਉਹ ਜਗਤ ਦਾ ਸਹਾਰਾ ਹੈ, ਤੇ ਸਭ ਜੀਵਾਂ ਦੀ ਸੰਭਾਲ ਕਰਦਾ ਹੈ।

ਮਾਰੂ ਮਹਲਾ ੩ ॥ ਆਪੇ ਆਪੁ ਉਪਾਇ ਉਪੰਨਾ ॥ ਸਭ ਮਹਿ ਵਰਤੈ ਏਕੁ ਪਰਛੰਨਾ ॥ ਸਭਨਾ ਸਾਰ ਕਰੇ ਜਗਜੀਵਨੁ ਜਿਨਿ ਅਪਣਾ ਆਪੁ ਪਛਾਤਾ ਹੇ ॥੧॥ (੧੦੫੧)

ਅਕਾਲ ਪੁਰਖੁ ਆਪ ਹੀ ਇਸ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਹੈ ਤੇ ਸਮੇਟਣ ਵਾਲਾ ਹੈ:

ਸ੍ਰਿਸ਼ਟੀ ਦੀ ਰਚਨਾ ਹੋਣ ਤੋਂ ਪਹਿਲਾਂ, ਅਕਾਲ ਪੁਰਖੁ ਸਿਰਫ ਇਕੱਲਾ ਆਪ ਹੀ ਸੀ, ਤੇ ਉਸ ਨੇ ਹੀ ਇਹ ਸਾਰੀ ਸ੍ਰਿਸ਼ਟੀ ਪੈਦਾ ਕੀਤੀ ਹੈ ਅਤੇ ਆਪਣੀ ਪੈਦਾ ਕੀਤੀ ਹੋਈ ਸ੍ਰਿਸ਼ਟੀ ਵਿਚ ਆਪ ਹੀ ਵਿਆਪਕ ਹੈ। ਜੇ ਉਸ ਦੀ ਰਜ਼ਾ ਹੋਵੇ ਤਾਂ ਜਗਤ ਦਾ ਪਸਾਰਾ ਕਰ ਦਿੰਦਾ ਹੈ, ਜੇ ਭਾਵੇ ਤਾਂ ਫਿਰ ਸਾਰੀ ਸ੍ਰਿਸ਼ਟੀ ਨੂੰ ਸਮੇਟ ਕੇ ਇਕ ਆਪ ਹੀ ਆਪ ਹੋ ਜਾਂਦਾ ਹੈ।

ਅਸਟਪਦੀ ॥ ਆਪਿ ਕਥੈ ਆਪਿ ਸੁਨਨੈਹਾਰੁ ॥ ਆਪਹਿ ਏਕੁ ਆਪਿ ਬਿਸਥਾਰੁ ॥ ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ ॥ ਆਪਨੈ ਭਾਣੈ ਲਏ ਸਮਾਏ ॥ (੨੯੨)

ਧਰਤੀ ਦੇ ਨੌਂ ਖੰਡ ਤੇ ਚਾਰ ਖਾਣੀਆਂ ਕਹੀਆਂ ਜਾਂਦੀਆਂ ਹਨ, ਪਰ ਕੁਦਰਤ ਵਿਚ ਕਰੋੜਾਂ ਹੀ ਖੰਡ ਤੇ ਖਾਣੀਆਂ ਹਨ, ਜਿਨ੍ਹਾਂ ਰਾਹੀਂ ਕਰੋੜਾਂ ਹੀ ਜੀਵ ਪੈਦਾ ਹੋਏ ਹਨ। ਕਰੋੜਾਂ ਹੀ ਆਕਾਸ਼ ਤੇ ਬ੍ਰਹਮੰਡ ਹਨ, ਜਿਨ੍ਹਾਂ ਵਿਚ ਕਰੋੜਾਂ ਹੀ ਜੀਵ ਹਨ ਤੇ ਕਰੋੜਾਂ ਹੀ ਪ੍ਰਾਣੀ ਪੈਦਾ ਹੋ ਰਹੇ ਹਨ। ਅਕਾਲ ਪੁਰਖੁ ਨੇ ਕਈ ਤਰੀਕਿਆਂ ਨਾਲ ਜਗਤ ਦੀ ਰਚਨਾ ਕੀਤੀ ਹੈ ਤੇ ਕਈ ਵਾਰੀ ਜਗਤ ਦੀ ਰਚਨਾ ਕੀਤੀ ਹੈ। ਫਿਰ ਇਸ ਨੂੰ ਸਮੇਟ ਕੇ ਇਕ ਆਪ ਹੀ ਆਪ ਹੋ ਜਾਂਦਾ ਹੈ। ਅਕਾਲ ਪੁਰਖੁ ਨੇ ਕਈ ਕਿਸਮਾਂ ਦੇ ਕਰੋੜਾਂ ਹੀ ਜੀਵ ਪੈਦਾ ਕੀਤੇ ਹੋਏ ਹਨ, ਜੋ ਅਕਾਲ ਪੁਰਖੁ ਤੋਂ ਪੈਦਾ ਹੋ ਕੇ ਫਿਰ ਉਸ ਵਿਚ ਲੀਨ ਹੋ ਜਾਂਦੇ ਹਨ। ਉਸ ਅਕਾਲ ਪੁਰਖੁ ਦਾ ਅੰਤ ਕੋਈ ਮਨੁੱਖ ਨਹੀਂ ਜਾਣਦਾ ਹੈ, ਕਿਉਂਕਿ ਉਸ ਅਕਾਲ ਪੁਰਖੁ ਵਰਗਾ ਉਹ ਆਪ ਹੀ ਆਪ ਹੈ।

ਕਈ ਕੋਟਿ ਖਾਣੀ ਅਰੁ ਖੰਡ ॥ ਕਈ ਕੋਟਿ ਅਕਾਸ ਬ੍ਰਹਮੰਡ ॥ ਕਈ ਕੋਟਿ ਹੋਏ ਅਵਤਾਰ ॥ ਕਈ ਜੁਗਤਿ ਕੀਨੋ ਬਿਸਥਾਰ ॥ ਕਈ ਬਾਰ ਪਸਰਿਓ ਪਾਸਾਰ ॥ ਸਦਾ ਸਦਾ ਇਕੁ ਏਕੰਕਾਰ ॥ ਕਈ ਕੋਟਿ ਕੀਨੇ ਬਹੁ ਭਾਤਿ ॥ ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ ॥ ਤਾ ਕਾ ਅੰਤੁ ਨ ਜਾਨੈ ਕੋਇ ॥ ਆਪੇ ਆਪਿ ਨਾਨਕ ਪ੍ਰਭੁ ਸੋਇ ॥੭॥ (੨੭੫,੨੭੬)

ਅਕਾਲ ਪੁਰਖੁ ਦੇ ਹੁਕਮੁ ਵਿਚ ਹੀ ਜੀਵ ਇਥੇ ਆਉਂਦੇ ਹਨ ਤੇ ਇਥੋਂ ਚਲੇ ਜਾਂਦੇ ਹਨ:

ਜਦੋਂ ਕੋਈ ਪ੍ਰਾਣੀ ਮਰ ਜਾਂਦਾ ਹੈ, ਤਾਂ ਉਸ ਦੇ ਪੰਜ ਤਤੀ ਸਰੀਰ ਵਿਚੋਂ ਸੁਆਸ ਨਿਕਲ ਕੇ ਹਵਾ ਵਿਚ ਮਿਲ ਜਾਂਦੇ ਹਨ, ਭਾਵ ਅਲੋਪ ਹੋ ਜਾਂਦੇ ਹਨ। ਜਿਸ ਤਰ੍ਹਾਂ ਸਾਨੂੰ ਹਵਾ ਦਿਖਾਈ ਨਹੀਂ ਦਿੰਦੀ ਹੈ, ਇਸੇ ਤਰ੍ਹਾਂ ਸਵਾਸ ਵੀ ਦਿਖਾਈ ਨਹੀਂ ਦਿੰਦੇ ਹਨ, ਕਿ ਕਿਥੇ ਚਲੇ ਗਏ। ਸਾਇੰਸ ਦੇ ਕਿਸੇ ਜੰਤਰ ਨਾਲ ਅਸੀਂ ਹਵਾ ਦਾ ਦਬਾਅ ਜਾਂ ਦਿਸ਼ਾ ਤਾਂ ਜਾਣ ਸਕਦੇ ਹਾਂ, ਪਰੰਤੂ ਇਹ ਬਿਲਕੁਲ ਨਹੀਂ ਜਾਣ ਸਕਦੇ ਕਿ ਸਰੀਰ ਵਿਚੋਂ ਸੁਆਸ ਕਿਥੇ ਗਏ ਹਨ। ਮਨੁੱਖਾ ਸਰੀਰ ਜੋ ਕਿ ਪਾਣੀ, ਹਵਾ, ਤੇ ਧਰਤੀ ਦੀ ਮਿੱਟੀ ਵਿਚ ਪੈਦਾ ਹੋਇਆ, ਤੇ ਪਦਾਰਥਾਂ ਨਾਲ ਵਧਿਆ ਫੁਲਿਆ ਸੀ, ਇਕ ਦਿਨ ਇਸ ਧਰਤੀ ਦੀ ਮਿੱਟੀ ਵਿਚ ਮਿਲ ਜਾਂਦਾ ਹੈ। ਜੀਵਾਤਮਾ ਅਕਾਲ ਪੁਰਖੁ ਦੀ ਸਰਬ ਵਿਆਪਕ ਜੋਤਿ ਨਾਲ ਜਾ ਰਲਦਾ ਹੈ।

ਅਕਾਲ ਪੁਰਖੁ ਦਾ ਨਾਮੁ ਹਰੇਕ ਜੀਵ ਦੇ ਸਰੀਰ ਅੰਦਰ ਨਿਵਾਸ ਰੱਖਦਾ ਹੈ, ਅਬਿਨਾਸ਼ੀ ਅਕਾਲ ਪੁਰਖੁ ਆਪ ਹੀ ਹਰੇਕ ਦੇ ਅੰਦਰ ਮੌਜੂਦ ਹੈ। ਜੀਵ ਉਸ ਅਕਾਲ ਪੁਰਖੁ ਦਾ ਅੰਸ ਹੈ, ਇਸ ਵਾਸਤੇ ਜੀਵਾਤਮਾ ਨਾ ਮਰਦਾ ਹੈ, ਤੇ ਨਾ ਹੀ ਕੋਈ ਇਸ ਨੂੰ ਮਾਰ ਸਕਦਾ ਹੈ। ਰਜ਼ਾ ਦਾ ਮਾਲਕ ਅਕਾਲ ਪੁਰਖੁ ਜੀਵ ਪੈਦਾ ਕਰ ਕੇ ਆਪਣੇ ਹੁਕਮੁ ਵਿਚ ਸਭ ਦੀ ਸੰਭਾਲ ਕਰਦਾ ਹੈ। ਉਸ ਅਕਾਲ ਪੁਰਖੁ ਦੇ ਕਦੇ ਖ਼ਤਮ ਨਾ ਹੋਣ ਵਾਲੇ ਹੁਕਮੁ ਵਿਚ ਹੀ ਜੀਵ ਇਥੇ ਆਉਂਦੇ ਰਹਿੰਦੇ ਹਨ ਤੇ ਇਥੋਂ ਚਲੇ ਜਾਂਦੇ ਹਨ।

ਦੇਹੀ ਅੰਦਰਿ ਨਾਮੁ ਨਿਵਾਸੀ ॥ ਆਪੇ ਕਰਤਾ ਹੈ ਅਬਿਨਾਸੀ ॥ ਨਾ ਜੀਉ ਮਰੈ ਨ ਮਾਰਿਆ ਜਾਈ ਕਰਿ ਦੇਖੈ ਸਬਦਿ ਰਜਾਈ ਹੇ ॥੧੩॥ (੧੦੨੬)

ਜੀਵਾਂ ਦੀ ਉਤਪਤੀ ਕਿਸ ਤਰ੍ਹਾਂ ਹੁੰਦੀ ਹੈ ਤੇ ਪਦਾਰਥ ਕਿਵੇ ਬਣਦੇ ਹਨ:

ਅਕਾਲ ਪੁਰਖੁ ਨੇ ਇਹ ਜਗਤ ਇਕ ਤਮਾਸ਼ਾ ਰਚਿਆ ਹੋਇਆ ਹੈ, ਤੇ ਇਸ ਜਗਤ ਵਿਚ ਉਸ ਨੇ ਕੋਈ ਜੀਵ ਕਿਸੇ ਦੂਜੇ ਵਰਗਾ ਨਹੀਂ ਬਣਾਇਆ। ਕੋਈ ਵੀ ਦੋ ਜਾਣੇ ਇਕੋ ਜਿਹੇ ਨਹੀਂ ਹਨ। ਇਹ ਇਕ ਵੱਡਾ ਭੇਦ ਹੈ ਕਿ ਕੋਈ ਵੀ ਦੋ ਜੀਵਾਂ ਦੇ ਡੀ.ਐਨ.ਏ. ਇਕੋ ਜਿਹੇ ਨਹੀਂ ਹਨ। ਇਕ ਬਾਂਦਰ ਜਿਨਾ ਮਰਜੀ ਚਤੁਰ ਜਾਂ ਸਿਆਣਾ ਬਣ ਜਾਵੇ, ਪਰ ਉਹ ਬਾਂਦਰ ਹੀ ਰਹਿੰਦਾ ਹੈ। ਸਾਇੰਸ ਨੂੰ ਹੁਣ ਤਕ ਸਿਰਫ ਡੀ.ਐਨ.ਏ. (D.N.A.) ਤਕ ਹੀ ਪਤਾ ਲੱਗਾ ਹੈ, ਕਿ ਹਰੇਕ ਜੀਵ ਦੇ ਡੀ.ਐਨ.ਏ. ਇਕ ਦੂਸਰੇ ਤੋਂ ਵੱਖਰੇ ਹਨ। ਇਸ ਤੋਂ ਕੁਝ ਹੋਰ ਵੀ ਡੂੰਘਾ ਹੋ ਸਕਦਾ ਹੈ, ਜਿਨ੍ਹਾਂ ਕਰਕੇ ਹਰੇਕ ਜੀਵ ਦੂਸਰੇ ਤੋਂ ਭਿੰਨ ਹੈ। ਅਕਾਲ ਪੁਰਖੁ ਆਪ ਹੀ ਜੀਵਾਂ ਵਿਚ ਫ਼ਰਕ ਪੈਦਾ ਕਰਦਾ ਹੈ, ਤੇ ਇਹ ਫ਼ਰਕ ਵੇਖ ਕੇ ਖ਼ੁਸ਼ ਹੁੰਦਾ ਹੈ।

ਮਾਰੂ ਮਹਲਾ ੩ ॥ ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥ ਕੋਇ ਨ ਕਿਸ ਹੀ ਜੇਹਾ ਉਪਾਇਆ ॥ ਆਪੇ ਫਰਕੁ ਕਰੇ ਵੇਖਿ ਵਿਗਸੈ ਸਭਿ ਰਸ ਦੇਹੀ ਮਾਹਾ ਹੇ ॥੧॥ (੧੦੫੬)

ਮਨੁੱਖ ਕੋਲ ਬੁਧੀ ਹੈ ਪਰ ਆਮ ਜੀਵਾਂ ਕੋਲ ਨਹੀਂ:

ਸਦੀਆਂ ਤੋਂ ਪੱਛੀ ਆਪਣੇ ਆਲ੍ਹਣੇ ਉਸੇ ਤਰ੍ਹਾਂ ਬਣਾਈ ਜਾ ਰਹੇ ਹਨ, ਉਨ੍ਹਾਂ ਨੇ ਕੋਈ ਨਵੀਂ ਈਜਾਦ ਨਹੀਂ ਕੀਤੀ, ਕੋਈ ਨਵਾਂ ਤਰੀਕਾ ਨਹੀਂ ਅਪਨਾਇਆ ਹੈ। ਜਾਨਵਰਾਂ ਤੇ ਪੱਛੀਆਂ ਦੀ ਦੁਨੀਆ ਵਿਚ ਸਭ ਕੁਝ ਉਸੇ ਤਰ੍ਹਾਂ ਹੀ ਚਲ ਰਿਹਾ ਹੈ। ਇਸ ਦੇ ਉਲਟ, ਮਨੁੱਖ ਪਹਿਲਾਂ ਜੰਗਲਾਂ ਵਿਚ ਰਹਿੰਦਾ ਸੀ, ਫਿਰ ਗੁਫਾਵਾਂ ਵਿਚ, ਤੇ ਹੁਣ ਵੱਡੀਆਂ ਵੱਡੀਆਂ ਬਿਲਡਿੰਗਾਂ ਵਿਚ ਰਹਿ ਰਿਹਾ ਹੈ। ਪਹਿਲਾਂ ਲਕੜੀ ਦੇ ਹਥਿਆਰ ਵਰਤਦਾ ਸੀ, ਤੇ ਹੁਣ ਕਈ ਗੁਣਾਂ ਤਰੱਕੀ ਕਰ ਲਈ ਹੈ, ਤੇ ਉਹ ਚੀਜ਼ਾ ਈਜ਼ਾਦ ਕੀਤੀਆਂ ਹਨ, ਜਿਨ੍ਹਾਂ ਦੇ ਉਹ ਪਹਿਲਾ ਸਿਰਫ ਸੁਪਨੇ ਲੈਂਦਾ ਸੀ। ਕੰਮਪਿਊਟਰ, ਕਾਰਾਂ, ਗੱਡੀਆਂ, ਹਵਾਈ ਜਹਾਜ਼, ਰਾਕਟ, ਆਦਿ ਕਈ ਤਰ੍ਹਾਂ ਦੀਆਂ ਨਵੀਆਂ ਕਾਢਾਂ ਕਢੀਆਂ ਹਨ, ਤੇ ਹੋਰ ਤਰੱਕੀ ਕਰੀ ਜਾ ਰਿਹਾ ਹੈ। ਮਨੁੱਖ ਦੇ ਅੰਦਰ ਬੁਧੀ ਹੈ, ਉਹ ਕੁਦਰਤ ਵਿਚ ਹੋ ਰਹੀਆਂ ਕਿਰਿਆਵਾਂ ਨੂੰ ਵੇਖਦਾ ਹੈ, ਉਸ ਦੇ ਕਾਰਨ ਬਾਰੇ ਸੋਚਦਾ ਹੈ, ਵਿਚਾਰਦਾ ਹੈ, ਤੇ ਕੁਝ ਨਵਾਂ ਲੱਭਣ ਦੀ ਤਰਕੀਬ ਸੋਚਦਾ ਹੈ। ਇਹ ਬੁਧੀ ਹੀ ਹੈ ਜਿਸ ਕਰਕੇ ਮਨੁੱਖ ਇਹ ਸਭ ਕੁਝ ਕਰ ਸਕਦਾ ਹੈ, ਜੋ ਕਿ ਦੂਸਰੇ ਜਾਨਵਰਾਂ ਕੋਲ ਨਹੀਂ ਹੈ।

ਲਖ ਚਉਰਾਸੀਹ ਜੋਨਿ ਸਬਾਈ ॥ ਮਾਣਸ ਕਉ ਪ੍ਰਭਿ ਦੀਈ ਵਡਿਆਈ ॥ ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ ॥੨॥ (੧੦੭੫)

ਅਕਾਲ ਪੁਰਖੁ ਨੇ ਸਾਨੂੰ ਇਹ ਸਰੀਰ, ਜੋਤਿ ਤੇ ਬੁਧੀ ਦਿਤੀ ਹੈ। ਇਸ ਲਈ ਆਓ ਅਸੀਂ ਗੁਰੂ ਦੀ ਮਤ ਦੁਆਰਾ ਇਸ ਨੂੰ ਬਿਬੇਕ ਬੁਧੀ ਵਿਚ ਤਪਦੀਲ ਕਰਕੇ ਆਪਣਾ ਮਨੁੱਖਾ ਜਨਮ ਸਫਲ ਕਰਈਏ। ਗੁਰੂ ਦੀ ਸਰਨ ਵਿਚ ਆਏ ਮਨੁੱਖ ਚੰਗੇ ਮੰਦੇ ਕੰਮ ਦੀ ਪਰਖ ਕਰ ਸਕਣ ਵਾਲੀ ਅਕਲ ਪ੍ਰਾਪਤ ਕਰ ਕੇ ਆਪਣੀ ਜੀਵਨ ਦੀ ਰਾਤ ਆਨੰਦ ਵਿਚ ਬਤੀਤ ਕਰਦੇ ਹਨ। ਗੁਰੂ ਦੀ ਮਤਿ ਸਦਕਾ ਅਕਾਲ ਪੁਰਖੁ ਦੇ ਨਾਮੁ ਦੁਆਰਾ ਉਨ੍ਹਾਂ ਦੇ ਅੰਦਰ ਆਤਮਕ ਜੀਵਨ ਦਾ ਚਾਨਣ ਹੋ ਜਾਂਦਾ ਹੈ। ਜਿਹੜੇ ਮਨੁੱਖ ਗੁਰੂ ਦੀ ਸਰਨ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਅਕਾਲ ਪੁਰਖੁ ਦਾ ਨਾਮੁ ਪਿਆਰਾ ਲੱਗਣ ਲੱਗ ਪੈਂਦਾ ਹੈ, ਦਿਨ ਰਾਤ ਉਨ੍ਹਾਂ ਦੇ ਅੰਦਰ ਆਤਮਕ ਆਨੰਦ ਬਣਿਆ ਰਹਿੰਦਾ ਹੈ, ਉਹ ਮਨੁੱਖ ਅਕਾਲ ਪੁਰਖੁ ਦੇ ਨਾਮੁ ਵਿਚ ਲੀਨ ਰਹਿੰਦੇ ਹਨ।

ਬਿਬੇਕ ਬੁਧੀ ਸੁਖਿ ਰੈਣਿ ਵਿਹਾਣੀ ਗੁਰਮਤਿ ਨਾਮਿ ਪ੍ਰਗਾਸਾ ॥ (੭੭੨)

ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਅਨੁਸਾਰ ਬੇਅੰਤ ਖਾਣੀਆਂ ਹਨ:

ਸਾਇੰਸ ਅਨੁਸਾਰ ਮੁਢਲੇ ਤੌਰ ਤੇ ੨ ਤਰੀਕਿਆਂ ਨਾਲ ਉਤਪਤੀ ਹੁੰਦੀ ਹੈ, ਸੈਕਸੂਅਲ (Sexual) ਤੇ ਏਸੈਕਸੂਅਲ (Asexual)। ਸੈਕਸੂਅਲ ਉਤਪਤੀ ਲਈ ਨਰ ਤੇ ਮਾਦਾ ਦੋਵਾਂ ਦੀ ਜਰੂਰਤ ਹੈ। ਏਸੈਕਸੂਅਲ ਉਤਪਤੀ ਲਈ ਦੋ ਜਾਣਿਆਂ ਦੀ ਜਰੂਰਤ ਨਹੀਂ ਹੈ। ਕਈ ਕੀੜੀਆਂ (Mycocepurus Smithii) ਵੀ ਏਸੈਕਸੂਅਲ ਤਰੀਕੇ ਨਾਲ ਪੈਦਾ ਹੁੰਦੀਆਂ ਹਨ ਅਤੇ ਕਈ ਪੌਦੇ ਵੀ ਹਨ ਜੋ ਕਿ ਸੈਕਸੂਅਲ ਤਰੀਕੇ ਨਾਲ ਪੈਦਾ ਹੁੰਦੇ ਹਨ। ਉਤਪਤੀ ਦੇ ਇਨ੍ਹਾਂ ਦੋਵੇ ਤਰੀਕਿਆਂ ਦੀਆਂ ਕਈ ਹੋਰ ਕਿਸਮਾਂ ਹਨ। ਇਸ ਲਈ ਸਾਇੰਸ ਅਨੁਸਾਰ ਵੀ ਉਤਪਤੀ ਦੀਆਂ ਅਨੇਕ ਪ੍ਰਕਾਰ ਦੀਆਂ ਕਿਸਮਾਂ ਹਨ।

ਸਾਇੰਸ ਦੀਆਂ ਖੋਜਾਂ ਪਦਾਰਥਾਂ ਤੇ ਆਧਾਰਤ ਹਨ। ਸਾਇੰਸਦਾਨ ਕੋਸ਼ਿਸ ਕਰ ਰਹੇ ਹਨ ਕਿ ਪ੍ਰਯੋਗਸ਼ਾਲਾ ਵਿਚ ਪਦਾਰਥ ਤੋਂ ਜੀਵਨ ਪੈਦਾ ਕੀਤਾ ਜਾ ਸਕੇ, ਪਰ ਅਜੇ ਤਕ ਕੋਈ ਸਫਲਤਾ ਨਹੀਂ ਮਿਲੀ ਹੈ। ਸਾਇੰਸਦਾਨ ਪਦਾਰਥ ਤੋਂ ਵਾਇਰਸ ਤਾਂ ਬਣਾ ਸਕੇ ਹਨ, ਜਿਹੜਾ ਕਿ ਕਈ ਵਾਰੀ ਜੀਵ ਨਹੀਂ ਗਿਣਿਆ ਜਾਂਦਾ ਹੈ। ਬੈਕਟੀਰੀਅਮ ਨਾਲ ਮਿਲਾ ਕੇ ਕੁਝ ਨਵਾਂ ਔਰਗੇਨਿਯਮ ਭਾਵੇ ਬਣਾ ਸਕੀਏ, ਪਰ ਪੂਰਨ ਤੌਰ ਤੇ ਪਦਾਰਥ ਤੋਂ ਨਵਾਂ ਜੀਵ ਬਣਾਉਣਾ ਬਹੁਤ ਦੂਰ ਹੈ।

ਆਮ ਰਵਾਇਤਾ ਅਨੁਸਾਰ ਭਾਂਵੇਂ ੪ ਖਾਣੀਆਂ ਹਨ, ਪਰ ਗੁਰਬਾਣੀ ਅਨੁਸਾਰ ਬੇਅੰਤ ਖਾਣੀਆਂ ਹਨ, ਜੀਵਾਂ ਦੀਆਂ ਬੇਅੰਤ ਬੋਲੀਆਂ ਹਨ, ਬੇਅੰਤ ਪਾਤਸ਼ਾਹ ਤੇ ਰਾਜੇ ਹਨ, ਬੇਅੰਤ ਪਰਕਾਰ ਦੇ ਧਿਆਨ ਹਨ, ਜੋ ਜੀਵ ਆਪਣੇ ਮਨ ਦੁਆਰਾ ਲਾਉਂਦੇ ਹਨ, ਬੇਅੰਤ ਸੇਵਕ ਹਨ। ਅਕਾਲ ਪੁਰਖ ਦੀ ਇਸ ਕੁਦਰਤ ਦੀ ਰਚਨਾ ਦਾ ਕੋਈ ਅੰਤ ਨਹੀਂ ਹੈ।

ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥ ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥੩੫॥ (੭)

ਜੇ ਕਰ ਅਕਾਲ ਪੁਰਖੁ ਦੀ ਬਣਾਈ ਹੋਈ ਕੁਦਰਤ ਬੇਅੰਤ ਹੈ ਤਾਂ ਸਮਝ ਲੈਣਾਂ ਚਾਹੀਦਾ ਹੈ ਕਿ ਖਾਣੀਆਂ ਵੀ ਬੇਅੰਤ ਹੋਣਗੀਆਂ। ਜਿਸ ਤਰ੍ਹਾਂ ਗੁਰਬਾਣੀ ਅਨੁਸਾਰ ਕੁਦਰਤ ਵਿਚ ਕਰੋੜਾਂ ਹੀ ਖਾਣੀਆਂ ਹਨ, ਇਸੇ ਤਰ੍ਹਾਂ ਸਾਇੰਸ ਅਨੁਸਾਰ ਵੀ ਕਈ ਪ੍ਰਕਾਰ ਦੀਆਂ ਖਾਣੀਆਂ ਮੰਨੀਆਂ ਜਾਂਦੀਆਂ ਹਨ।

ਗੁਰਬਾਣੀ ਅਨੁਸਾਰ ਬੇਅੰਤ ਜੂਨਾਂ ਹੋ ਸਕਦੀਆਂ ਹਨ:

ਪੁਰਾਤਨ ਲਿਖਤਾ ਵਿਚ ਆਮ ਤੌਰ ਤੇ ੪ ਖਾਣੀਆਂ ਤੇ ੮੪ ਲੱਖ ਜੂਨਾਂ ਮੰਨੀਆਂ ਜਾਂਦੀਆਂ ਹਨ। ਪਰੰਤੂ ਗੁਰੂ ਸਾਹਿਬਾਂ ਨੇ ਆਪਣੇ ਆਪ ਨੂੰ ੪ ਖਾਣੀਆਂ ਤੇ ੮੪ ਲੱਖ ਜੂਨਾਂ ਤਕ ਸੀਮਿਤ ਨਹੀਂ ਰੱਖਿਆ, ਬਲਕਿ ਕਈ ਪ੍ਰਕਾਰ ਦੀਆਂ ਖਾਣੀਆਂ, ਕਈ ਕ੍ਰੋੜ ਜੂਨਾਂ ਬਾਰੇ ਕਿਹਾ ਹੈ, ਜਿਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ ਹੈ।

ਅਕਾਲ ਪੁਰਖੁ ਦੀ ਪੈਦਾ ਕੀਤੀ ਹੋਈ ਸ੍ਰਿਸ਼ਟੀ ਵਿਚ ਕਰੋੜਾਂ ਜੀਵ ਜੰਤੂ, ਕੀੜੇ ਮਕੌੜੇ, ਜਾਨਵਰ ਤੇ ਮਨੁੱਖ ਆਦਿ ਹਨ। ਸਮੁੰਦਰ ਵਿਚ ਕਰੋੜਾਂ ਰਤਨ ਪੈਦਾ ਕਰ ਦਿੱਤੇ ਹਨ ਅਤੇ ਕਈ ਕਿਸਮਾਂ ਦੇ ਸਮੁੰਦਰੀ ਜੀਵ ਜੰਤੂ ਬਣਾ ਦਿੱਤੇ ਹਨ, ਕਰੋੜਾਂ ਜੀਵ ਲੰਮੀਆਂ ਉਮਰਾਂ ਵਾਲੇ ਪੈਦਾ ਕੀਤੇ ਹਨ, ਕਰੋੜਾਂ ਹੀ ਪਰਬਤ ਬਣ ਗਏ ਹਨ। ਜੀਵ ਜੰਤੂਆਂ ਬਾਰੇ ਸਾਡਾ ਗਿਆਨ ਇਸ ਧਰਤੀ ਤਕ ਹੀ ਸੀਮਿੰਤ ਹੈ, ਪਰੰਤੂ ਬ੍ਰਹਿਮੰਡ ਵਿਚ ਅਜੇਹੀਆਂ ਅਨੇਕਾਂ ਹੀ ਧਰਤੀਆਂ ਹੋ ਸਕਦੀਆਂ ਜਿਨ੍ਹਾਂ ਵਿਚ ਹੋਰ ਅਨੇਕਾਂ ਤਰ੍ਹਾਂ ਦੇ ਜੀਵ ਜੰਤੂ ਹੋ ਸਕਦੇ ਹਨ। ਹਰੇਕ ਜੀਵ ਜਾਂ ਪਦਾਰਥ ਨਾਲ ਵਾਪਰਨ ਵਾਲੀ ਕਿਰਿਆ ਅਕਾਲ ਪੁਰਖੁ ਦੇ ਆਪਣੇ ਹੁਕਮੁ ਅਨੁਸਾਰ ਹੈ ਤੇ ਸਭ ਕੁਝ ਉਸ ਦੇ ਹੱਥ ਵਿਚ ਹੈ।

ਕਈ ਕੋਟਿ ਕੀਏ ਰਤਨ ਸਮੁਦ ॥ ਕਈ ਕੋਟਿ ਨਾਨਾ ਪ੍ਰਕਾਰ ਜੰਤ ॥ (੨੭੬)

ਅਕਾਲ ਪੁਰਖੁ ਜੀਵ ਨੂੰ ਬਿਨਾ ਸੁਆਸ ਦੇ ਵੀ ਰੱਖ ਸਕਦਾ ਹੈ:

ਅੱਜਕਲ ਆਮ ਵੇਖਣ ਵਿਚ ਆਉਂਦਾ ਹੈ ਕਿ ਕਈ ਮਨੁੱਖ ਕਿਸੇ ਦੁਰਘਟਨਾ ਜਾਂ ਬੀਮਾਰੀ ਕਰਕੇ ਕੋਮਾਂ ਵਿਚ ਚਲੇ ਜਾਂਦੇ ਹਨ।

ਕਈ ਕਈ ਘੰਟੇ ਜਾਂ ਦਿਨ ਉਸ ਨੂੰ ਕੋਈ ਹੋਸ਼ ਨਹੀਂ ਹੁੰਦੀ ਹੈ। ਉਸ ਨੂੰ ਨਾ ਤਾਂ ਜਗਾਇਆ ਜਾ ਸਕਦਾ ਹੈ ਤੇ ਨਾ ਹੀ ਉਹ ਦਰਦ, ਰੌਸ਼ਨੀ ਜਾਂ ਆਵਾਜ਼ ਦਾ ਪ੍ਰਭਾਵ ਦੱਸ ਸਕਦਾ ਹੈ, ਅਤੇ ਨਾ ਹੀ ਇਨ੍ਹਾਂ ਦਾ ਉਸ ਤੇ ਕੋਈ ਅਸਰ ਹੁੰਦਾ ਹੈ। ਅਕਸਰ ਅਸੀਂ ਵੇਖਦੇ ਹਾਂ ਕਿ ਕੋਮਾਂ ਵਿਚ ਗਿਆ ਹੋਇਆ ਮਰੀਜ਼ ਕਈ ਵਾਰੀ ਫਿਰ ਠੀਕ ਵੀ ਹੋ ਜਾਂਦਾ ਹੈ। ਇਹ ਅਕਾਲ ਪੁਰਖੁ ਦੀ ਰਜ਼ਾ ਹੈ ਕਿ ਉਹ ਚਾਹੇ ਤਾਂ ਦੁਬਾਰਾ ਠੀਕ ਕਰ ਸਕਦਾ ਹੈ, ਜੇ ਚਾਹੇ ਤਾਂ ਉਸ ਦੇ ਸੁਆਸ ਖਤਮ ਕਰ ਸਕਦਾ ਹੈ।

ਤੰਬਾਕੂ ਦਾ ਵਾਇਰਸ ਵੀ ਇਕ ਨਿਰਜੀਵ ਦੀ ਤਰ੍ਹਾਂ ਹੁੰਦਾ ਹੈ। ਪਰ ਜਦੋਂ ਇਹ ਪਾਣੀ ਵਿਚ ਘੋਲ ਕੇ ਤੰਬਾਕੂ ਦੇ ਪੱਤੇ ਤੇ ਪਾਇਆ ਜਾਂਦਾ ਹੈ ਤਾਂ ਇਹ ਜੀਵ ਦੀ ਤਰ੍ਹਾਂ ਬਣ ਜਾਂਦਾ ਹੈ ਤੇ ਵਧਣਾ ਸ਼ੁਰੂ ਹੋ ਜਾਂਦਾ ਹੈ। ਤੰਬਾਕੂ ਦਾ ਵਾਇਰਸ ਇਕ ਕ੍ਰਿਸਟਲ (Crystal) ਦੀ ਤਰ੍ਹਾਂ ਹੁੰਦਾ ਹੈ, ਜਿਸ ਦੀ ਬਣਤਰ ਵੇਖੀ ਜਾ ਸਕਦੀ ਹੈ। ਆਮ ਬੀਮਾਰੀਆਂ ਜਿਸ ਤਰ੍ਹਾਂ ਕਿ ਸਰਦੀ, ਜ਼ੁਕਾਮ, ਫਲੂ (Influenza), ਛੋਟੀ ਮਾਤਾ (ਚੇਚਕ) (Chicken pox), ਆਦਿ, ਵਾਇਰਸ ਕਰਕੇ ਹੀ ਹੁੰਦੀਆਂ ਹਨ। ਏਡਜ਼ ਵਰਗੀ ਖਤਰਨਾਕ ਬੀਮਾਰੀ ਵੀ ਵਾਇਰਸ ਕਰਕੇ ਹੁੰਦੀ ਹੈ।

ਦੁਨੀਆ ਦਾ ਹਰੇਕ ਕਾਰਜ ਅਕਾਲ ਪੁਰਖੁ ਦੇ ਹੁਕਮੁ ਅਨੁਸਾਰ ਹੋ ਰਿਹਾ ਹੈ। ਜੇ ਅਕਾਲ ਪੁਰਖੁ ਨੂੰ ਚੰਗਾ ਲੱਗੇ ਤਾਂ ਮਨੁੱਖ ਨੂੰ ਉੱਚੀ ਆਤਮਕ ਅਵਸਥਾ ਦਿੰਦਾ ਹੈ ਅਤੇ ਪੱਥਰ ਦਿਲ ਵਰਗੇ ਮਨੁੱਖਾਂ ਨੂੰ ਵੀ ਤਾਰ ਦਿੰਦਾ ਹੈ। ਜੇ ਅਕਾਲ ਪੁਰਖੁ ਚਾਹੇ ਤਾਂ ਸੁਆਸਾਂ ਤੋਂ ਬਿਨਾ ਵੀ ਪ੍ਰਾਣੀ ਨੂੰ ਜਿਉਂਦਾ ਰੱਖ ਸਕਦਾ ਹੈ। ਅਕਾਲ ਪੁਰਖੁ ਜੋ ਕੁਝ ਵੀ ਕਰਦਾ ਹੈ, ਆਪਣੇ ਹੁਕਮੁ ਤੇ ਰਜ਼ਾ ਅਨੁਸਾਰ ਕਰਦਾ ਹੈ।

ਪ੍ਰਭ ਭਾਵੈ ਮਾਨੁਖ ਗਤਿ ਪਾਵੈ ॥ ਪ੍ਰਭ ਭਾਵੈ ਤਾ ਪਾਥਰ ਤਰਾਵੈ ॥ ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ ॥ (੨੭੭)

ਆਮ ਲੋਕਾਂ ਨੂੰ ਇਹ ਬੜੀ ਅਨਹੋਣੀ ਗੱਲ ਲਗਦੀ ਹੈ, ਕਿ ਜੀਵ ਸੁਆਸਾਂ ਤੋਂ ਬਿਨਾ ਕਿਸ ਤਰ੍ਹਾਂ ਜਿਉਂਦਾ ਰਹਿ ਸਕਦਾ ਹੈ। ਪਰੰਤੂ ਗੁਰੂ ਅਰਜਨ ਸਾਹਿਬ ਨੇ ਇਹ ਗੁਰਬਾਣੀ ਵਿਚ ਕਈ ਸਾਲ ਪਹਿਲਾਂ ਅੰਕਿਤ ਕੀਤਾ ਹੈ। ਅੱਜ ਦੀ ਸਇੰਸ ਅਨੁਸਾਰ ਇਹ ਲਿਖਤ ਹੁਣ ਅਨਹੋਣੀ ਨਹੀਂ ਲਗਦੀ। ਹੋ ਸਕਦਾ ਹੈ ਕਿ ਗੁਰੂ ਸਾਹਿਬ ਨੇ ਵਾਇਰਸ ਜਾਂ ਕਿਸੇ ਹੋਰ ਤਰ੍ਹਾਂ ਦੇ ਜੀਵਾਂ ਬਾਰੇ ਕਿਹਾ ਹੋਵੇ ਜੋ ਕਿ ਬਿਨਾਂ ਸਵਾਸ ਦੇ ਜੀਵਤ ਰਹਿ ਸਕਦੇ ਹਨ।

ਕੁਦਰਤ ਨੇ ਚਟਾਨਾਂ ਵਿਚ ਜੀਵ ਪੈਦਾ ਕੀਤੇ ਹਨ, ਸਮੁੰਦਰ ਦੇ ਤਲ ਤੇ ਵੀ ਕੋਰਲ, ਐਲਗੀ, ਮੱਛੀਆਂ, ਕੇਕੜੇ, ਪੌਦੇ ਤੇ ਅਨੇਕਾਂ ਪ੍ਰਕਾਰ ਦੀ ਬਨਸਪਤੀ ਪੈਦਾ ਕੀਤੀ ਹੈ। ਡੂੰਘੇ ਸਮੁੰਦਰ ਵਿਚ ਵੀ ਜੀਵ ਪਾਏ ਗਏ ਹਨ। ਅਕਾਲ ਪੁਰਖੁ ਜੀਵਾਂ ਨੂੰ ਪੈਦਾ ਕਰਨ ਵਾਲਾ ਹੈ ਤੇ ਆਪ ਹੀ ਉਨ੍ਹਾਂ ਸਭ ਦੀ ਸੰਭਾਲ ਕਰਦਾ ਹੈ।

ਅੱਜਕਲ ਦੀਆਂ ਖੋਜ਼ਾ ਮੁਤਾਬਕ ਡੂੰਘੇ ਸਮੁੰਦਰ ਵਿਚ ਜਵਾਲਾਮੁੱਖੀ ਨਾਲ ਪੈਦਾ ਹੋਈਆਂ ਚਟਾਨਾਂ ਦੀਆਂ ਤਰੇੜਾਂ ਵਿਚ ਵੀ ਜੀਵ (ਮਾਈਕਰੋਬ) ਪਾਏ ਗਏ ਹਨ। ਅਜੇਹੇ ਸਥਾਨ ਬਹੁਤ ਗਰਮ ਹਨ ਤੇ ਇਨ੍ਹਾਂ ਦਾ ਤਾਪਮਾਨ 350□C ਤਕ ਹੋ ਸਕਦਾ ਹੈ। ਅਜੇਹੇ ਮਾਈਕਰੋਬ ਹਾਈਡਰੋਜ਼ਨ ਅਤੇ ਕਾਰਬਨ ਡਾਈਔਕਸਾਈਡ ਲੈ ਕੇ ਮੀਥੇਂਨ ਗੈਸ ਪੈਦਾ ਕਰਦੇ ਹਨ।

ਪੱਥਰ ਕੀ ਹੈ ਤੇ ਜੀਵ ਕੀ ਹੈ। ਜੀਵਨ ਕਿਉਂ ਹੈ ਤੇ ਮੌਤ ਕਿਉਂ ਹੈ। ਇਹ ਸਾਇੰਸ ਨਹੀਂ ਦੱਸ ਸਕਦੀ ਹੈ। ਹੋ ਸਕਦਾ ਹੈ ਕਿ ਇਹ ਭੇਦ ਕਈ ਸਦੀਆਂ ਬਾਅਦ ਪਤਾ ਲੱਗੇ ਕਿ ਸਭ ਵਿਚ ਅਕਾਲ ਪੁਰਖੁ ਹੀ ਹੈ। ਗੁਰੂ ਸਾਹਿਬਾਂ ਨੇ ਸਪੱਸ਼ਟ ਕਰਕੇ ਸਮਝਾ ਦਿੱਤਾ ਹੈ ਕਿ ਜੀਵਨ ਅਕਾਲ ਪੁਰਖੁ ਦੇ ਹੱਥ ਵਿਚ ਉਹ ਚਾਹੇ ਤਾ ਜੀਵ ਨੂੰ ਬਿਨਾ ਸੁਆਸ ਦੇ ਵੀ ਰੱਖ ਸਕਦਾ ਹੈ, ਤੇ ਜਦੋਂ ਚਾਹੇ ਤਾਂ ਆਪਣੇ ਹੁਕਮੁ ਤੇ ਰਜ਼ਾ ਅਨੁਸਾਰ ਜੀਵਨ ਵਿਚ ਵੀ ਬਦਲ ਸਕਦਾ ਹੈ।

ਪੌਦੇ ਵੀ ਜੀਵ ਹਨ ਤੇ ਸਭ ਦੇ ਜੀਵਨ ਦਾ ਆਧਾਰ ਪਾਣੀ ਹੈ:

ਆਮ ਲੋਕ ਇਹੀ ਸਮਝਦੇ ਹਨ ਕਿ ਪੌਦੇ ਨਿਰਜੀਵ ਹਨ ਤੇ ਉਨ੍ਹਾਂ ਦੀ ਸੋਚ ਜਾਂ ਵਤੀਰਾ ਵੀ ਜੀਵਾਂ ਤੇ ਪੌਦਿਆਂ ਸਬੰਧੀ ਅਕਸਰ ਵੱਖਰਾ ਹੁੰਦਾ ਹੈ। ਸਾਇੰਸ ਦੇ ਅਨੁਸਾਰ ਜਿਹੜੀ ਚੀਜ਼ ਵਧਦੀ ਹੈ ਉਸ ਨੂੰ ਜਿਊਂਦਾ ਗਿਣਿਆ ਜਾਂਦਾ ਹੈ। ਜਿਊਦੀਆਂ ਚੀਜਾਂ ਚਲ

ਜਾਂ ਵਧ ਸਕਦੀਆਂ ਹਨ, ਤੇ ਨਿਰਜੀਵ ਚੀਜਾਂ ਉਥੇ ਹੀ ਟਿਕੀਆਂ ਰਹਿੰਦੀਆਂ ਹਨ। ਜਿਊਦੀਆਂ ਚੀਜਾਂ ਨੂੰ ਵਧਣ ਲਈ ਊਰਜਾ ਦੀ ਲੋੜ ਹੈ, ਜਦੋਂ ਕਿ ਨਿਰਜੀਵਾਂ ਨੂੰ ਨਹੀਂ। ਜਿਊਦੀਆਂ ਚੀਜਾਂ ਅਕਸਰ ਸਾਹ ਲੈਂਦੀਆਂ ਹਨ, ਜਦ ਕਿ ਨਿਰਜੀਵ ਨਹੀਂ।

ਪਰੌਸਪੈਰੋ ਅਲਪੀਨੀ (Prospero Alpini) ਨੇ 1580 ਵਿਚ ਦੱਸਿਆ ਕਿ ਪੌਦਿਆਂ ਦੇ ਵੀ ਨਰ ਤੇ ਮਾਦਾ ਹੁੰਦੇ ਹਨ, ਜਿਸ ਤਰ੍ਹਾਂ ਕਿ ਖਜ਼ੂਰ (Date Palm), ਇਨ੍ਹਾਂ ਨੂੰ ਨਰ ਅਤੇ ਮਾਦਾ ਦੇ ਮੇਲ ਨਾਲ ਹੀ ਫਲ ਲਗਦੇ ਹਨ। ਸਰ ਜਗਦੀਸ਼ ਚੰਦਰ ਬੋਸ (1858 - 1937) ਨੇ ਆਪਣੇ ਬਣਾਏ ਹੋਏ ਜੰਤਰ (Crescograph) ਨਾਲ ਵਿਖਾਇਆ ਕਿ ਪੌਦਿਆਂ ਦੇ ਵਾਧੇ ਉਪਰ ਤਾਪਮਾਨ, ਰਸਾਇਣ, ਬਿਜਲੀ ਤੇ ਗੈਸਾਂ ਦਾ ਅਸਰ ਪੈਂਦਾ ਹੈ। ਆਮ ਜਾਨਵਰਾਂ ਦੀ ਤਰ੍ਹਾਂ ਪੌਦਿਆਂ ਦੇ ਵੀ ਟਿਸ਼ੂ ਹੁੰਦੇ ਹਨ ਤੇ ਉਹ ਮਹਿਸੂਸ ਕਰ ਸਕਦੇ ਹਨ।

ਵਿਗਿਆਨ ਨੂੰ ਤਾਂ ੧੦੦ ਸਾਲ ਪਹਿਲਾਂ ਹੀ ਪਤਾ ਲੱਗਾ ਕਿ ਪੌਦੇ ਵੀ ਜੀਵ ਹਨ, ਪਰੰਤੂ ਗੁਰੂ ਸਾਹਿਬਾਂ ਨੇ ਗੁਰਬਾਣੀ ਵਿਚ ਇਹ ਕਈ ਸਾਲ ਪਹਿਲਾਂ ਅੰਕਿਤ ਕਰ ਦਿਤਾ ਸੀ, ਕਿ ਸਾਰੇ ਦਾਣਿਆਂ ਵਿਚ ਜੀਵ ਹਨ। ਗੁਰੂ ਨਾਨਕ ਸਾਹਿਬਾਂ ਨੇ ਲੋਕਾਂ ਨੂੰ ਸੂਤਕ ਦੇ ਭਰਮਾਂ ਤੇ ਵਹਿਮਾਂ ਵਿਚੋਂ ਕੱਢਣ ਲਈ ਕਈ ਨਿਵੇਕਲੀਆਂ ਵਿਗਿਆਨਕ ਖੋਜ਼ਾਂ ਵੀ ਸਮਝਾ ਦਿਤੀਆਂ। ਗੁਰੂ ਸਾਹਿਬਾਂ ਨੇ ਸਮਝਾਇਆ ਕਿ ਜੇਕਰ ਮੰਨ ਲਈਏ ਕਿ ਸੂਤਕ ਦਾ ਭਰਮ ਰੱਖਣਾ ਚਾਹੀਦਾ ਹੈ, ਤਾਂ ਇਹ ਵੀ ਧਿਆਨ ਵਿਚ ਰੱਖਣਾਂ ਪਵੇਗਾ ਕਿ ਇਸ ਤਰ੍ਹਾਂ ਦਾ ਸੂਤਕ ਫਿਰ ਸਭ ਥਾਈਂ ਹੁੰਦਾ ਹੈ। ਗੋਹੇ ਤੇ ਲਕੜੀ ਦੇ ਅੰਦਰ ਵੀ ਜੀਵ ਹਨ, ਜਿਹੜੇ ਕਿ ਕਈ ਵਾਰੀ ਕੀੜਿਆਂ ਦੀ ਸ਼ਕਲ ਵਿਚ ਬਾਹਰ ਵੀ ਦਿਖਾਈ ਦਿੰਦੇ ਹਨ। ਅਜੇਹੇ ਜੀਵ ਗੋਹੇ ਤੇ ਲਕੜੀਆਂ ਦੇ ਅੰਦਰ ਜੰਮਦੇ ਮਰਦੇ ਰਹਿੰਦੇ ਹਨ। ਅੰਨ ਦੇ ਜਿਤਨੇ ਵੀ ਦਾਣੇ ਹਨ, ਇਨ੍ਹਾਂ ਵਿਚੋਂ ਕੋਈ ਦਾਣਾ ਵੀ ਜੀਵ ਤੋਂ ਬਿਨਾ ਨਹੀਂ ਹੈ। ਅੰਨ ਦੇ ਅੰਦਰਲੇ ਜੀਵ ਅਸੀਂ ਹੁਣ ਖ਼ੁਰਦਬੀਨ ਦੀ ਸਹਾਇਤਾ ਨਾਲ ਵੇਖ ਸਕਦੇ ਹਾਂ। ਪਰ ਇਹ ਸਚਾਈ ਗੁਰੂ ਸਾਹਿਬ ਨੇ ੫੦੦ ਸਾਲ ਪਹਿਲਾ ਸਪੱਸ਼ਟ ਕਰ ਦਿਤੀ ਸੀ। ਗੁਰੂ ਸਾਹਿਬ ਨੇ ਪਾਣੀ ਨੂੰ ਵੀ ਜੀਵ ਦਰਸਾਇਆ ਹੈ, ਕਿਉਂਕਿ ਇਹ ਜੀਵਨ ਦਾ ਆਧਾਰ ਹੈ। ਕੋਈ ਵੀ ਜੀਵ ਜੰਤੂ ਜਾਂ ਪੌਦਾ ਪਾਣੀ ਤੋਂ ਬਿਨਾ ਜਿੰਦਾ ਨਹੀਂ ਰਹਿ ਸਕਦਾ ਹੈ। ਇਹ ਪਾਣੀ ਹੀ ਹੈ ਜਿਸ ਕਰਕੇ ਹਰੇਕ ਜੀਵ ਹਰਾ ਭਰਾ ਤੇ ਜਿੰਦਾ ਰਹਿੰਦਾ ਹੈ। ਇਸ ਲਈ ਸੂਤਕ ਕਿਵੇਂ ਰੱਖਿਆ ਜਾ ਸਕਦਾ ਹੈ? ਕਿਉਂਕਿ ਸੂਤਕ ਤਾਂ ਹਰ ਵੇਲੇ ਰਸੋਈ ਵਿਚ ਹੀ ਪਿਆ ਰਹਿੰਦਾ ਹੈ। ਰਸੋਈ ਵਿਚ ਪਏ ਹੋਏ ਅੰਨ ਤੇ ਪਾਣੀ ਵਿਚ ਜੀਵ ਜੰਮਦੇ ਮਰਦੇ ਰਹਿੰਦੇ ਹਨ। ਸੂਤਕ ਦਾ ਭਰਮ ਪੂਰੇ ਤੌਰ ਤੇ ਮੰਨਣਾ ਬੜਾ ਕਠਨ ਹੈ। ਗੁਰੂ ਸਾਹਿਬ ਸਮਝਾਂਉਂਦੇ ਹਨ ਕਿ ਇਸ ਤਰ੍ਹਾਂ ਦੇ ਭਰਮਾਂ ਵਿਚ ਪਿਆਂ ਸੂਤਕ ਮਨ ਤੋਂ ਨਹੀਂ ਉਤਰਦਾ, ਇਸ ਨੂੰ ਗੁਰਬਾਣੀ ਦੇ ਗਿਆਨ ਨਾਲ ਹੀ ਧੋ ਕੇ ਉਤਾਰਿਆ ਜਾ ਸਕਦਾ ਹੈ।

ਸਲੋਕੁ ਮਃ ੧ ॥ ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥ ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥ ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥ ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥ ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥ ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥੧॥ (੪੭੨-੪੭੩)

ਜਿਸ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਪੂਰੀ ਤਰਾਂ ਸਪੱਸ਼ਟ ਕਰ ਦਿਤਾ ਹੈ ਕਿ ਮਾਸ{ਹ੧੯} ਅਤੇ ਸਬਜੀਆਂ ਵਿਚ ਫਰਕ ਕਰਨਾ ਮੁਸ਼ਕਲ ਹੈ। ਠੀਕ ਉਸੇ ਤਰ੍ਹਾਂ ਸਾਇੰਸ ਨੇ ਵੀ ਇਊਗਲੀਨਾ (Euglena) ਵਰਗੀ ਉਦਾਹਰਣ ਲੱਭੀ ਹੈ, ਜੋ ਕਿ ਜੀਵ ਤੇ ਪੌਦੇ ਦੋਹਾਂ ਦੀ ਤਰ੍ਹਾਂ ਵਿਵਿਹਾਰ ਕਰਦੀ ਹੈ। ਬਹੁਤ ਸਾਰੀਆਂ ਕਿਸਮਾਂ ਦੀਆਂ ਇਊਗਲੀਨਾ ਦੇ ਸੈਲਾਂ ਵਿਚ ਕਲੋਰੋਪਲਾਸਟ (Chloroplast) ਹੁੰਦਾ ਹੈ, ਜਿਸ ਨਾਲ ਉਹ ਪੋਦਿਆਂ ਦੀ ਤਰ੍ਹਾਂ ਫੋਟੋਸਿੰਨਥਸਿਜ਼ (Photosynthesis) ਰਾਹੀ ਖੁਰਾਕ ਲੈਂਦੇ ਹਨ। ਇਹ ਮਿਠੇ ਤੇ ਲੂਣ ਵਾਲੇ ਪਾਣੀਆਂ ਵਿਚ ਪਾਈਆਂ ਜਾਂਦੀਆਂ ਹਨ। ਤਲਾਵਾਂ ਤੇ ਖੱਡਿਆਂ ਥੱਲੇ ਨੂੰ ਵਧ ਕੇ ਹਰਾ ਕਰ ਦਿੰਦੀਆਂ ਹਨ। ਇਹ ਜਾਨਵਰਾਂ ਦੀ ਤਰ੍ਹਾਂ ਹੈਟਰੋਪਰੌਫੀਕਲੀ (heterotrophically) ਖ਼ੁਰਾਕ ਵੀ ਲੈ ਸਕਦੀਆਂ ਹਨ। ਇਨ੍ਹਾਂ ਵਿਚ ਜਾਨਵਰਾਂ ਤੇ ਪੋਦਿਆਂ ਦੋਹਾਂ ਦੇ ਗੁਣ ਹਨ।

ਜਾਨਵਰਾਂ ਦੀ ਤਰ੍ਹਾਂ ਖਾਣ ਸਮੇਂ ਇਊਗਲੀਨਾ ਖੁਰਾਕ ਦੇ ਦਾਣਿਆਂ ਨੂੰ ਘੇਰ ਕੇ ਆਪਣੇ ਅੰਦਰ ਸਮੇਟ ਲੈਂਦੀ ਹੈ। ਜਦੋਂ ਸੂਰਜ ਦੀ ਰੌਸ਼ਨੀ ਹੁੰਦੀ ਹੈ, ਤਾਂ ਇਹ ਕਲੋਰੋਪਲਾਸਟ (Chloroplast) ਦੀ ਸਹਾਇਤਾ ਨਾਲ ਪੌਦਿਆਂ ਦੀ ਤਰ੍ਹਾਂ ਫੋਟੋਸਿੰਨਥਸਿਜ਼ (Photosynthesis) ਰਾਹੀ ਸ਼ੂਗਰ ਬਣਾ ਲੈਂਦੀ ਹੈ। ਇਊਗਲੀਨਾ ਦੇ ਕਲੋਰੋਪਲਾਸਟ (Chloroplast) ਦੀਆਂ ੩ ਪਰਤਾਂ ਹੁੰਦੀਆਂ ਹਨ ਜਦੋਂ ਕਿ ਪੌਦਿਆਂ ਤੇ ਹਰੀ ਕਾਈ (Green Algae) ਦੇ ਕਲੋਰੋਪਲਾਸਟ (Chloroplast) ਦੀਆਂ ੨ ਪਰਤਾਂ ਹੁੰਦੀਆਂ ਹਨ। ਇਹੀ ਕਾਰਨ ਹੈ ਕਿ ਇਊਗਲੀਨਾ ਘਟ ਰੌਸ਼ਨੀ ਵਿਚ ਵੀ ਜੀਵਤ ਰਹਿ ਸਕਦੀ ਹੈ। ਇਊਗਲੀਨਾ ਦੇ ਸਰੀਰ ਤੇ ਲਾਲ ਅੱਖ ਦੀ ਤਰ੍ਹਾਂ (Eyespot) ਬਣਿਆ ਹੁੰਦਾ ਹੈ, ਜਿਸ ਦੀ ਸਹਾਇਤਾ ਨਾਲ ਇਨ੍ਹਾਂ ਨੂੰ ਰੌਸ਼ਨੀ ਬਾਰੇ ਪਤਾ ਲਗ ਜਾਂਦਾ ਹੈ ਤੇ ਉਸ ਤਰਫ ਜਾ ਸਕਦੀ ਹੈ।

ਗੁਰੂ ਸਾਹਿਬਾਂ ਨੇ ਸਪੱਸ਼ਟ ਕਰਕੇ ਸਮਝਾ ਦਿੱਤਾ ਸੀ, ਕਿ ਜਿਸ ਤਰ੍ਹਾਂ ਆਮ ਜੀਵਾਂ ਵਿਚ ਜੀਵਨ ਹੈ, ਉਸੇ ਤਰ੍ਹਾਂ ਪੌਦੇ ਵੀ ਜੀਵ ਹਨ ਤੇ ਸਭ ਦੇ ਜੀਵਨ ਦਾ ਆਧਾਰ ਪਾਣੀ ਹੈ।

ਅਕਾਲ ਪੁਰਖ ਅਤੇ ਉਸ ਦੀ ਰਚਨਾ ਦਾ ਅੰਤ ਨਹੀਂ ਪਾਇਆ ਜਾ ਸਕਦਾ:

ਕੁਦਰਤ (Universe) ਦੀ ਰਚਨਾ ਵਿਚ ਗ੍ਰਹਿ, ਤਾਰੇ, ਗਲੈਕਸੀਆਂ, ਵਿਚਲੀ ਖਾਲੀ ਥਾਂ, ਜੀਵ ਜੰਤੂ, ਪਦਾਰਥ ਤੇ ਉਨ੍ਹਾਂ ਦੇ ਛੋਟੇ ਤੋਂ ਛੋਟੇ ਅੰਸ਼, ਆਦਿ ਸਭ ਕੁਝ ਆ ਜਾਂਦੇ ਹਨ। ਅੱਜ ਦੀ ਸਾਇੰਸ ਅਜੇ ਗਲੈਕਸੀਆਂ ਤਕ ਹੀ ਸਮਝ ਸਕੀ ਹੈ, ਜਿਥੋ ਕਿ ਰੌਸ਼ਨੀ ਹੁਣ ਤਕ ਪਹੁੰਚ ਸਕੀ ਹੈ। ਜਿਸ ਤਰ੍ਹਾਂ ਸਾਇੰਸ ਤਰੱਕੀ ਕਰਦੀ ਗਈ ਨਵੀਆਂ ਥਿਊਰੀਆਂ ਬਣਦੀਆਂ ਗਈਆਂ। ਅੱਜ ਦੀ ਸਾਇੰਸ ਦੇ ਮੁਤਾਬਕ ਕੁਦਰਤ ਦਾ ਰੇਡੀਅਸ ੪੬ ਬਿਲਿਅਨ ਪ੍ਰਕਾਸ਼ ਸਾਲ ਹੈ। ਬਿਗ ਬੈਂਗ ਸਿਧਾਂਤ ਮੁਤਾਬਕ ਕੁਦਰਤ ੧੩.੮ ਬਿਲਿਅਨ ਸਾਲ ਪਹਿਲਾਂ ਬਣੀ ਸੀ ਤੇ ਇਹ ਫੈਲਦੀ ਜਾ ਰਹੀ ਹੈ। ਹੁਣ ਸਵਾਲ ਪੈਦਾ ਹੁੰਦਾਂ ਹੈ ਕਿ ਇਸ ਬਿਗ ਬੈਂਗ ਤੋਂ ਪਹਿਲਾਂ ਕੀ ਸੀ ਤੇ ਕਿਉਂ ਸੀ। ਇਹ ਅੱਜ ਦੀ ਸਾਇੰਸ ਦੀ ਪਹੁੰਚ ਤੋਂ ਬਾਹਰ ਹੈ।

ਅੱਜ ਦੀ ਸਾਇੰਸ ਅਨੁਸਾਰ ਕੁਦਰਤ ਆਮ ਪਦਾਰਥ (Ordinary matter = 5%), ਨਾ ਦਿਖਾਈ ਦੇਣ ਵਾਲਾ ਪਦਾਰਥ (Dark matter = 25%), ਨਾ ਦਿਖਾਈ ਦੇਣ ਵਾਲੀ ਊਰਜਾ (Dark energy = 70%) ਜਿਹੜੀ ਕਿ ਸੁਨ (Vaccum) ਵਿਚ ਵੀ ਹੋ ਸਕਦੀ ਹੈ, ਦੀ ਬਣੀ ਹੈ। ਅੱਜ ਦੀ ਸਾਇੰਸ ਨੂੰ ੯੫% ਕੁਦਰਤ ਬਾਰੇ ਕੁਝ ਪਤਾ ਨਹੀਂ। ਜਨਰਲ ਰੈਲੇਟਿਵਟੀ (General relativity) ਦੇ ਅਨੁਸਾਰ, ਕੁਦਰਤ ਪ੍ਰਕਾਸ਼ ਦੀ ਗਤੀ ਤੋਂ ਵੀ ਤੇਜੀ ਨਾਲ ਫੈਲ ਸਕਦੀ ਹੈ, ਇਸ ਲਈ ਕੁਦਰਤ ਦਾ ਅੰਤ ਪਾਣਾਂ ਆਸਾਨ ਨਹੀਂ, ਕਿਉਂਕਿ ਸਾਇੰਸ ਕੋਲ ਅਜੇ ਤਕ ਪ੍ਰਕਾਸ਼ ਦੀ ਗਤੀ ਤੋਂ ਤੇਜ ਮਾਪਣ ਦਾ ਹੋਰ ਕੋਈ ਸਾਧਨ ਨਹੀਂ ਹੈ।

ਗੁਰਬਾਣੀ ਅਨੁਸਾਰ ਅਕਾਲ ਪੁਰਖ ਸਦਾ ਕਾਇਮ ਰਹਿਣ ਵਾਲਾ ਮਾਲਕ ਹੈ, ਤੇ ਉਸ ਨੇ ਆਪਣਾ ਸਦਾ ਅਟੱਲ ਰਹਿਣ ਵਾਲਾ ਨਿਯਮ ਹਰ ਥਾਂ ਕਾਇਮ ਕੀਤਾ ਹੋਇਆ ਹੈ। ਅਕਾਲ ਪੁਰਖ ਨੇ ਇਹ ਨੌਂ ਹਿੱਸਿਆਂ ਵਾਲੀ ਧਰਤੀ ਸਾਜ ਕੇ ਇਸ ਵਿਚ ਅਨੇਕਾਂ ਤਰ੍ਹਾਂ ਦੇ ਜੀਵ ਤੇ ਪਦਾਰਥ ਕਾਇਮ ਕੀਤੇ ਹਨ। ਅਕਾਲ ਪੁਰਖ ਨੇ ਵੱਖ ਵੱਖ ਤਰ੍ਹਾਂ ਦੇ ਜੀਵ ਪੈਦਾ ਕਰ ਕੇ ਉਨ੍ਹਾਂ ਦੇ ਅੰਦਰ ਆਪਣੀ ਸੱਤਿਆ ਕਾਇਮ ਕੀਤੀ। ਇਸ ਸ੍ਰਿਸ਼ਟੀ ਦਾ ਸਿਰਜਣਹਾਰ ਸਦਾ ਥਿਰ ਰਹਿੰਣ ਵਾਲਾ ਹੈ ਤੇ ਕੋਈ ਵੀ ਜੀਵ ਉਸ ਦੇ ਗੁਣਾਂ ਦਾ ਅੰਤ ਨਹੀਂ ਜਾਣ ਸਕਦਾ। ਅਕਾਲ ਪੁਰਖ ਆਪ ਹੀ ਸਭ ਤਰ੍ਹਾਂ ਦੇ ਭੇਤ ਜਾਣਦਾ ਹੈ, ਤੇ ਜੀਵਾਂ ਨੂੰ ਗੁਰੂ ਦੇ ਰਸਤੇ ਉਤੇ ਤੋਰ ਕੇ ਸੰਸਾਰ ਸਮੁੰਦਰ ਤੋਂ ਪਾਰ ਲੰਘਾਉਂਣ ਵਾਲਾ ਵੀ ਉਹ ਆਪ ਹੀ ਹੈ।

ਨਵ ਖੰਡ ਪ੍ਰਿਥਮੀ ਸਾਜਿ ਹਰਿ ਰੰਗ ਸਵਾਰਿਆ ॥ ਵੇਕੀ ਜੰਤ ਉਪਾਇ ਅੰਤਰਿ ਕਲ ਧਾਰਿਆ ॥ ਤੇਰਾ ਅੰਤੁ ਨ ਜਾਣੈ ਕੋਇ ਸਚੁ ਸਿਰਜਣਹਾਰਿਆ ॥ ਤੂ ਜਾਣਹਿ ਸਭ ਬਿਧਿ ਆਪਿ ਗੁਰਮੁਖਿ ਨਿਸਤਾਰਿਆ ॥੧॥ (੧੦੯੪)

ਅਕਾਲ ਪੁਰਖ ਆਪ ਸਦਾ ਕਾਇਮ ਰਹਿਣ ਵਾਲਾ ਹੈ, ਤੇ ਇਹ ਬ੍ਰਹਮੰਡ ਉਸ ਨੇ ਆਪਣੇ ਹੁਕਮੁ ਅਨੁਸਾਰ ਆਪ ਹੀ ਪੈਦਾ

ਕੀਤਾ ਹੈ। ਅਕਾਲ ਪੁਰਖ ਜਿਸ ਤਰ੍ਹਾਂ ਚਾਹੇ ਇਸ ਬ੍ਰਹਮੰਡ ਨੂੰ ਨਾਸ ਕਰ ਸਕਦਾ ਹੈ, ਫਿਰ ਪੈਦਾ ਕਰ ਸਕਦਾ ਹੈ, ਤੇ ਫਿਰ ਨਾਸ ਕਰ ਕੇ ਫਿਰ ਆਪ ਹੀ ਪੈਦਾ ਕਰ ਸਕਦਾ ਹੈ। ਇਹ ਧਰਤੀ ਅਤੇ ਆਕਾਸ਼, ਅਕਾਲ ਪੁਰਖ ਨੇ ਜੀਵਾਂ ਦੇ ਵੱਸਣ ਵਾਸਤੇ ਬਣਾਏ ਹਨ। ਉਸ ਨੇ ਆਪ ਹੀ ਦਿਨ ਤੇ ਰਾਤ ਬਣਾਏ ਹਨ, ਜੀਵਾਂ ਦੇ ਅੰਦਰ ਡਰ ਅਤੇ ਪਿਆਰ ਵੀ ਅਕਾਲ ਪੁਰਖ ਨੇ ਆਪ ਹੀ ਪੈਦਾ ਕੀਤਾ ਹੈ। ਜਿਸ ਅਕਾਲ ਪੁਰਖ ਨੇ ਸਾਰੇ ਜੀਵ ਜੰਤੂ ਪੈਦਾ ਕੀਤੇ ਹਨ, ਇਨ੍ਹਾਂ ਦੀ ਸੰਭਾਲ ਕਰਨ ਵਾਲਾ ਵੀ ਉਹ ਆਪ ਹੀ ਹੈ। ਇਕ ਅਕਾਲ ਪੁਰਖ ਤੋਂ ਬਿਨਾ ਕੋਈ ਹੋਰ ਦੂਜਾ ਇਸ ਬ੍ਰਹਮੰਡ ਨੂੰ ਪੈਦਾ ਕਰਨ ਵਾਲਾ ਨਹੀਂ ਹੈ।

ਆਪੇ ਸਚੁ ਕੀਆ ਕਰ ਜੋੜਿ ॥ ਅੰਡਜ ਫੋੜਿ ਜੋੜਿ ਵਿਛੋੜਿ ॥ ਧਰਤਿ ਅਕਾਸੁ ਕੀਏ ਬੈਸਣ ਕਉ ਥਾਉ ॥ ਰਾਤਿ ਦਿਨੰਤੁ ਕੀਏ ਭਉ ਭਾਉ ॥ ਜਿਨਿ ਕੀਏ ਕਰਿ ਵੇਖਣਹਾਰਾ ॥ ਅਵਰੁ ਨ ਦੂਜਾ ਸਿਰਜਣਹਾਰਾ ॥੩॥ (੮੩੯)

ਜੋ ਵੀ ਪੈਦਾ ਹੋਇਆ ਹੈ ਉਸ ਨੇ ਇਕ ਦਿਨ ਮਰਨਾ ਹੈ:

ਜਦੋਂ ਵੀ ਕਿਸੇ ਜੀਵ ਦਾ ਸਾਹ ਲੈਣਾਂ, ਸਰੀਰ ਦੀ ਹਰਕਤ ਜਾਂ ਹੋਰ ਕਿਰਿਆਵਾਂ ਬੰਦ ਹੋ ਜਾਂਦੀਆਂ ਹਨ ਤਾਂ ਉਸ ਨੂੰ ਮਰਿਆ ਕਿਹਾ ਜਾਂਦਾ ਹੈ। ਜੀਵ ਦੇ ਸੈਲ, ਟਿਸ਼ੂ, ਅੰਗ ਕੰਮ ਕਰਨਾ ਬੰਦ ਕਰ ਦਿੰਦੇ ਹਨ, ਤੇ ਜੀਵ ਦਾ ਸਰੀਰਕ ਵਾਧਾ ਜਾਂ ਤਬਦੀਲੀਆਂ ਹੋਣੀਆਂ ਵੀ ਬੰਦ ਹੋ ਜਾਂਦੀਆਂ ਹਨ। ਜਿਆਦਾ ਤਰ ਮੌਤਾਂ ਬੁਢਾਪੇ (biological aging) ਕਰਕੇ ਹੁੰਦੀਆਂ ਹਨ, ਜਾਂ ਕਿਸੇ ਬੀਮਾਰੀ, ਕਤਲ, ਘਟਨਾ, ਆਤਮ ਹੱਤਿਆ, ਆਦਿ ਨਾਲ ਵੀ ਹੋ ਸਕਦੀਆਂ ਹਨ। ਜਦੋਂ ਮਨੁੱਖ ਦੇ ਦਿਲ ਦੀ ਧੜਕਣ ਜਾਂ ਦਿਮਾਗ ਕੰਮ ਕਰਨਾ ਬੰਦ ਕਰ ਦਿੰਦੇ ਹਨ ਤਾਂ ਉਸ ਨੂੰ ਮਰਿਆ ਕਿਹਾ ਜਾਂਦਾ ਹੈ। ਮਰਨ ਤੋਂ ਬਾਅਦ ਸਰੀਰ ਗਲ ਸੜ ਕੇ ਤੇ ਅਖੀਰ ਮਿੱਟੀ ਵਿਚ ਮਿਲ ਜਾਂਦਾ ਹੈ।

ਮਰਨ ਤੋਂ ਬਾਅਦ ਜੀਵ ਆਤਮਾ ਕਿਥੇ ਜਾਂਦੀ ਹੈ, ਇਸ ਬਾਰੇ ਸਾਇੰਸ ਕੁਝ ਨਹੀਂ ਕਹਿ ਸਕਦੀ। ਵੱਖ ਵੱਖ ਧਰਮਾਂ ਦੀ ਆਪਣੀ ਆਪਣੀ ਰਾਏ ਹੈ। ਮਨ ਦੀ ਸੋਚ, ਚੇਤਨਾਂ, ਸਖਸ਼ੀਅਤ, ਸਹਿਣਸ਼ੀਲਤਾ, ਮਹਿਸੂਸ ਕਰਨਾ, ਆਦਿ ਸਭ ਦਿਮਾਗ ਕਰਕੇ ਹੁੰਦੇ ਹਨ। ਦਿਮਾਗ ਦੀ ਮੌਤ ਤੋਂ ਬਾਅਦ ਇਹ ਸਭ ਤੇ ਬਾਕੀ ਅੰਗ ਹੌਲੀ ਹੌਲੀ ਕੰਮ ਕਰਨਾ ਬੰਦ ਕਰ ਦਿੰਦੇ ਹਨ। ਜੇ ਕਰ ਦਿਲ ਦੀ ਧੜਕਣ ਬੰਦ ਹੋ ਜਾਵੇ ਤਾਂ ਉਸ ਤੋਂ ਕੁਝ ਸਮੇਂ ਬਾਅਦ, ਔਕਸੀਜਨ ਨਾ ਮਿਲਣ ਕਰਕੇ ਦਿਮਾਗ ਦੀ ਮੌਤ ਵੀ ਹੋ ਜਾਂਦੀ ਹੈ।

ਅਕਾਲ ਪੁਰਖ ਦੀ ਬਣਾਈ ਹੋਈ ਇਹ ਕੁਦਰਤ ਬਹੁਤ ਅਸਚਰਜ ਹੈ, ਜੋ ਕਿ ਉਸ ਦੇ ਹੁਕਮੁ ਤੇ ਰਜ਼ਾ ਅਨੁਸਾਰ ਚਲ ਰਹੀ ਹੈ। ਜੋ ਵੀ ਜੀਵ ਇਸ ਦੁਨੀਆ ਵਿਚ ਆਇਆ ਹੈ, ਉਸ ਨੇ ਇਕ ਦਿਨ ਮਰਨਾ ਹੈ। ਗੁਰੂ ਸਾਹਿਬ ਸਮਝਾਂਉਂਦੇ ਹਨ ਕਿ ਸਾਡੀਆਂ ਅੱਖਾਂ ਦੇ ਸਾਹਮਣੇ ਅਨੇਕਾਂ ਜੀਵ ਇਥੋਂ ਤੁਰੇ ਜਾ ਰਹੇ ਹਨ, ਮੌਤ ਦੀ ਅੱਗ ਲਗਾਤਾਰ ਬਲ ਰਹੀ ਹੈ, ਸਭ ਦੇ ਸਰੀਰ ਇਕ ਦਿਨ ਭਸਮ ਹੋ ਜਾਣੇ ਹਨ, ਪਰ ਲੋਕ ਅਕਾਲ ਪੁਰਖ ਦੇ ਨਾਮੁ ਤੋਂ ਬਿਨਾ ਸਦਾ ਲਈ ਜੀਊਣਾ ਚਾਹੁੰਦੇ ਹਨ। ਇਸ ਜਗਤ ਵਿਚ ਸਦੀਵੀ ਕਾਲ ਲਈ ਨਾ ਕਿਸੇ ਦਾ ਕੋਈ ਮਿੱਤਰ ਹੈ, ਨਾ ਕਿਸੇ ਦਾ ਕੋਈ ਭਰਾ, ਨਾ ਕਿਸੇ ਦਾ ਪਿਉ ਤੇ ਨਾ ਕਿਸੇ ਦੀ ਮਾਂ ਹੈ, ਅਤੇ ਨਾ ਹੀ ਹੋਰ ਕੋਈ ਸਦੀਵੀ ਕਾਲ ਲਈ ਕਿਸੇ ਦਾ ਸਾਥ ਨਿਬਾਹ ਸਕਦਾ ਹੈ। ਗੁਰੂ ਸਾਹਿਬ ਅਕਾਲ ਪੁਰਖ ਦੇ ਦਰ ਤੇ ਨਾਮੁ ਦੀ ਦਾਤ ਲਈ ਬੇਨਤੀ ਕਰਦੇ ਹਨ, ਕਿਉਂਕਿ ਸਿਰਫ਼ ਨਾਮੁ ਹੀ ਅੰਤ ਵੇਲੇ ਸਹਾਈ ਹੋ ਸਕਦਾ ਹੈ।

ਮਰਣੁ ਲਿਖਾਇ ਮੰਡਲ ਮਹਿ ਆਏ ਜੀਵਣੁ ਸਾਜਹਿ ਮਾਈ ॥ ਏਕਿ ਚਲੇ ਹਮ ਦੇਖਹ ਸੁਆਮੀ ਭਾਹਿ ਬਲੰਤੀ ਆਈ ॥੩॥ ਨ ਕਿਸੀ ਕਾ ਮੀਤੁ ਨ ਕਿਸੀ ਕਾ ਭਾਈ ਨਾ ਕਿਸੈ ਬਾਪੁ ਨ ਮਾਈ ॥ ਪ੍ਰਣਵਤਿ ਨਾਨਕ ਜੇ ਤੂ ਦੇਵਹਿ ਅੰਤੇ ਹੋਇ ਸਖਾਈ ॥੪॥੧॥ (੮੭੬)

ਅਕਾਲ ਪੁਰਖ ਨੇ ਆਪ ਹੀ ਇਹ ਸ੍ਰਿਸ਼ਟੀ ਰਚੀ ਹੈ, ਤੇ ਇਸ ਵਿਚ ਜਿੰਦ ਰੂਪੀ ਸੱਤਿਆ ਵੀ ਆਪ ਹੀ ਪਾਈ ਹੈ। ਚੰਗੇ ਮੰਦੇ ਜੀਵਾਂ ਨੂੰ ਪੈਦਾ ਕਰ ਕੇ, ਉਨ੍ਹਾਂ ਦੀ ਸੰਭਾਲ ਵੀ ਉਹ ਆਪ ਹੀ ਕਰ ਰਿਹਾ ਹੈ। ਹਰੇਕ ਜੀਵ ਜੋ ਵੀ ਇਸ ਦੁਨੀਆ ਵਿਚ ਪੈਦਾ ਹੁੰਦਾ ਹੈ, ਉਸ ਨੇ ਇਕ ਦਿਨ ਮਰ ਜਾਣਾ ਹੈ, ਤੇ ਇਸ ਦੁਨੀਆ ਤੋਂ ਕੂਚ ਕਰਨ ਦੀ ਵਾਰੀ ਹਰੇਕ ਜੀਵ ਦੀ ਆਪਣੇ ਆਪਣੇ

ਮਿਥੇ ਸਮੇਂ ਅਨੁਸਾਰ ਆਉਂਣੀ ਹੈ। ਜਿਸ ਅਕਾਲ ਪੁਰਖ ਦੇ ਦਿੱਤੇ ਹੋਏ, ਇਹ ਜਿੰਦ ਤੇ ਪ੍ਰਾਣ ਹਨ, ਉਸ ਮਾਲਕ ਨੂੰ ਆਪਣੇ ਮਨ ਤੋਂ ਕਦੇ ਭੁਲਾਣਾ ਨਹੀਂ ਚਾਹੀਦਾ। ਜਿਤਨਾ ਚਿਰ ਇਹ ਜਿੰਦ ਤੇ ਪ੍ਰਾਣ ਮਿਲੇ ਹੋਏ ਹਨ, ਉੱਦਮ ਕਰ ਕੇ ਆਪਣੇ ਹੱਥਾਂ ਨਾਲ ਆਪਣਾ ਕਾਰਜ ਆਪ ਸੁਆਰਨਾ ਚਾਹੀਦਾ ਹੈ, ਕਿਉਂਕਿ, ਇਹ ਮਨੁੱਖਾ ਜਨਮ ਅਕਾਲ ਪੁਰਖ ਦੇ ਹੁਕਮੁ ਅਨੁਸਾਰ ਚਲ ਕੇ ਸਫਲ ਕਰਨ ਲਈ ਮਿਲਿਆ ਹੈ।

ਪਉੜੀ ॥ ਆਪੇ ਹੀ ਕਰਣਾ ਕੀਓ ਕਲ ਆਪੇ ਹੀ ਤੈ ਧਾਰੀਐ ॥ ਦੇਖਹਿ ਕੀਤਾ ਆਪਣਾ ਧਰਿ ਕਚੀ ਪਕੀ ਸਾਰੀਐ ॥ ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥ ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ ॥ ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥੨੦॥ (੪੭੪)

ਗੁਰਬਾਣੀ ਸੱਚ ਅਤੇ ਸੱਚੇ ਜੀਵਨ ਦੀ ਜਾਚ ਸਿਖਾਉਂਦੀ ਹੈ, ਪਰੰਤੂ ਸਾਇੰਸ ਸਿਰਫ ਵੇਖ ਸਕਣ ਵਾਲੇ ਸੱਚ ਦੀ ਗੱਲ ਕਰਦੀ ਹੈ:

ਸਾਇੰਸ ਦੇ ਸਾਰੇ ਨਿਯਮ ਪਦਾਰਥ ਨਾਲ ਹੋ ਰਹੀਆਂ ਕਿਰਿਆਵਾਂ ਦੇ ਆਧਾਰ ਤੇ ਹੁੰਦੇ ਹਨ। ਮਨ ਦੀਆਂ ਕਿਰਿਆਵਾਂ ਨੂੰ ਪਦਾਰਥੀ ਯੰਤਰਾਂ ਨਾਲ ਮਾਪਿਆ ਨਹੀਂ ਜਾ ਸਕਦਾ। ਇਹੀ ਕਾਰਣ ਹੈ ਕਿ ਸਾਇੰਸ ਦੀਆਂ ਖੋਜਾਂ ਨਾਲ ਤਕਨੀਕੀ ਤਰੱਕੀ ਤਾਂ ਬਹੁਤ ਹੋਈ ਪਰ ਮਾਨਸਿਕ ਵਿਕਾਸ ਨਹੀਂ। ਐਟਮ ਬੰਬ ਦੀ ਕਾਢ ਜਪਾਨ ਦੀ ਬਰਬਾਦੀ ਦਾ ਕਾਰਣ ਬਣੀ, ਅਧੁਨਿਕ ਹਥਿਆਰਾ ਨਾਲ ਤਬਾਹੀ ਮਚਾਈ ਜਾ ਰਹੀ ਹੈ। ਕੰਮਪਿਊਟਰ, ਮੋਬਾਈਅਲ, ਇੰਨਟਰਨੇਟ, ਟੀ.ਵੀ., ਆਦਿ ਦੇ ਫਾਇਦੇ ਵੀ ਬਹੁਤ ਹਨ ਤੇ ਦੁਰਵਰਤੋਂ ਵੀ ਬਹੁਤ ਹੋ ਰਹੀ ਹੈ। ਇਨ੍ਹਾਂ ਦੀ ਵਰਤੋਂ ਮਨੁੱਖਤਾ ਦੇ ਭਲੇ ਲਈ ਵਰਤਣੀ ਹੈ ਕਿ ਬਰਬਾਦੀ ਲਈ, ਇਸ ਦੀ ਸੇਧ ਸਾਇੰਸ ਨਹੀਂ ਦੇ ਸਕਦੀ, ਪਰੰਤੂ ਧਰਮ ਇਸ ਕਾਰਜ ਲਈ ਬਹੁਤ ਸਹਾਈ ਹੋ ਸਕਦਾ ਹੈ।

ਸਿੱਖ ਧਰਮ ਸੱਚ ਅਤੇ ਸੱਚਾ ਜੀਵਨ ਜਿਉਣ ਦੀ ਜਾਚ ਸਿਖਾਂਉਂਦਾ ਹੈ। ਸਾਇੰਸ ਸਿਰਫ ਦਿਸਣ ਵਾਲੇ ਜਾਂ ਵੇਖ ਸਕਣ ਵਾਲੇ ਸੱਚ ਦੀ ਗੱਲ ਕਰਦੀ ਹੈ। ਅਸਲੀ ਸੱਚ ਜਾਨਣ ਲਈ ਸੱਚਾ ਜੀਵਨ ਜਿਉਣਾਂ ਬਹੁਤ ਜਰੂਰੀ ਹੈ। ਅਕਾਲ ਪੁਰਖ ਦੇ ਨਿਯਮ ਪਦਾਰਥਾਂ ਲਈ ਵੀ ਹਨ ਤੇ ਮਨ ਲਈ ਵੀ ਹਨ। ਸਾਇੰਸ ਪਦਾਰਥਾਂ ਵਾਲੇ ਨਿਯਮ ਤਾਂ ਆਸਾਨੀ ਨਾਲ ਸਮਝ ਸਕਦੀ ਹੈ, ਪਰ ਮਨ ਦੇ ਨਿਯਮ ਸਾਇੰਸ ਦੀ ਪਹੁੰਚ ਤੋਂ ਬਾਹਰ ਹਨ।

ਜਪੁਜੀ ਸਾਹਿਬ ਦੇ ਆਰੰਭ ਵਿਚ ਹੀ ਸਪੱਸ਼ਟ ਕਰ ਦਿੱਤਾ ਗਿਆ ਹੈ ਕਿ ਅਕਾਲ ਪੁਰਖ ਕੋਈ ਪਦਾਰਥ ਜਾਂ ਜੀਵ ਨਹੀਂ ਹੈ, ਜਿਸ ਨੂੰ ਅਸੀਂ ਆਮ ਅੱਖਾਂ ਨਾਲ ਵੇਖ ਸਕਦੇ ਹਾਂ। ਅਕਾਲ ਪੁਰਖ ਨੂੰ ਆਪਣੇ ਹਿਰਦੇ ਵਿਚ ਵੇਖਣ ਲਈ ਆਪਣੇ ਅੰਦਰ ਉਸ ਵਰਗੇ ਗੁਣ ਪੈਦਾ ਕਰਨੇ ਹਨ, ਉਸ ਵਰਗੇ ਉਚੇ ਬਣਨ ਦਾ ਲਗਾਤਾਰ ਉਪਰਾਲਾ ਕਰਨਾ ਹੈ।

ਜੇਹੜਾ ਮਨੁੱਖ ਗੁਰਮੁਖਾਂ ਦੀ ਸੰਗਤਿ ਵਿਚ ਮਿਲ ਬੈਠਦਾ ਹੈ, ਅਤੇ ਗੁਰੂ ਆਸ਼ੇ ਅਨੁਸਾਰ ਚਲਦਾ ਹੈ, ਉਸ ਦੇ ਮਨ ਵਿਚ ਸੰਤੋਖ ਕਾਇਮ ਹੋ ਜਾਂਦਾ ਹੈ। ਗੁਰੂ ਦੇ ਸ਼ਬਦ ਦੁਆਰਾ ਅਕਾਲ ਪੁਰਖ ਵਰਗਾ ਸੁਭਾਉ ਬਣਾਉਂਣ ਨਾਲ ਇਹ ਯਕੀਨ ਬਣ ਜਾਂਦਾ ਹੈ ਕਿ ਅਕਾਲ ਪੁਰਖ ਹਰੇਕ ਸਰੀਰ ਵਿਚ ਵਸ ਰਿਹਾ ਹੈ। ਉਹ ਗੁਰੂ ਦੇ ਉਪਦੇਸ਼ ਨੂੰ ਕਮਾ ਕੇ, ਤੇ ਗੁਰਬਾਣੀ ਅਨੁਸਾਰ ਆਪਣਾ ਜੀਵਨ ਵਿਚਰ ਕੇ, ਆਪਣਾ ਹਉਮੈ ਦਾ ਰੋਗ ਦੂਰ ਕਰ ਲੈਂਦੇ ਹਨ।

ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥ ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥ ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥ (੬੨)

ਅਕਾਲ ਪੁਰਖ ਦੇ ਅੰਦਰ ਸਿਆਣਪ, ਬੁਧੀ, ਤਾਕਤ, ਸਭ ਤੋਂ ਉਤਮ ਹੈ, ਜੋ ਕਿ ਆਮ ਜੀਵਾਂ ਵਿਚ ਨਹੀਂ ਹੈ। ਜਿਤਨੇ ਵੀ ਜੀਵ ਜੰਤੂ ਹਨ, ਇਨ੍ਹਾਂ ਸਭਨਾਂ ਦੇ ਅੰਦਰ ਇਕ ਅਕਾਲ ਪੁਰਖ ਦੀ ਬਖ਼ਸ਼ੀ ਹੋਈ ਸੋਝੀ ਕੰਮ ਕਰ ਰਹੀ ਹੈ, ਅਕਾਲ ਪੁਰਖ ਨੇ ਕੋਈ ਵੀ ਐਸਾ ਜੀਵ ਪੈਦਾ ਨਹੀਂ ਕੀਤਾ, ਜਿਸ ਨੂੰ ਸੋਝੀ ਨਾ ਬਖਸ਼ੀ ਹੋਵੇ। ਜਿਸ ਤਰ੍ਹਾਂ ਦੀ ਸੋਝੀ ਅਕਾਲ ਪੁਰਖ ਜੀਵਾਂ ਨੂੰ ਦੇਂਦਾ ਹੈ,

ਉਹੋ ਜਿਹੇ ਜੀਵਨ ਦਾ ਉਹ ਰਸਤਾ ਅਪਨਾ ਲੈਂਦੇ ਹਨ। ਉਸੇ ਮਿਲੀ ਸੋਝੀ ਅਨੁਸਾਰ ਜੀਵ ਜਗਤ ਵਿਚ ਆਉਂਦੇ ਹਨ ਤੇ ਇੱਥੋਂ ਚਲੇ ਜਾਂਦੇ ਹਨ। ਇਹ ਸਾਰੀ ਸ੍ਰਿਸ਼ਟੀ ਦੀ ਮਰਯਾਦਾ ਚਲਾਉਂਣ ਵਾਲਾ ਅਕਾਲ ਪੁਰਖ ਆਪ ਹੀ ਹੈ। ਪਤਾ ਨਹੀਂ ਮਨੁੱਖ ਆਪਣੀ ਚੰਗੀ ਸੋਝੀ ਜਾਂ ਅਕਲ ਵਿਖਾਣ ਲਈ ਕਿਉਂ ਚਲਾਕੀਆਂ ਕਰਦਾ ਰਹਿੰਦਾ ਹੈਂ? ਜਦੋਂ ਕਿ ਅਕਾਲ ਪੁਰਖ ਆਪ ਹੀ ਜੀਵਾਂ ਨੂੰ ਸੋਝੀ ਦੇਂਦਾ ਹੈ ਤੇ ਆਪ ਹੀ ਵਾਪਿਸ ਵੀ ਲੈ ਲੈਂਦਾ ਹੈ, ਅਤੇ ਇਸ ਦੇਣ ਜਾਂ ਵਾਪਿਸ ਲੈਣ ਵਾਸਤੇ ਰਤਾ ਭਰ ਵੀ ਢਿਲ ਨਹੀਂ ਕਰਦਾ। ਗੁਰੂ ਦੇ ਦੱਸੇ ਰਾਹ ਉੱਤੇ ਤੁਰ ਕੇ ਮਨੁੱਖ ਦੇ ਅੰਦਰ ਉੱਚਾ ਆਚਰਨ ਬਣ ਜਾਂਦਾ ਹੈ। ਅਸਲੀ ਗਿਆਨਵਾਨ ਮਨੁੱਖ ਉਹੀ ਹੈ, ਜੋ ਆਪਣੇ ਅੰਦਰ ਦੀ ਅਸਲੀਅਤ ਨੂੰ ਪਛਾਣਦਾ ਹੈ।

ਸਿਰੀਰਾਗੁ ਮਹਲਾ ੧ ਘਰੁ ੪ ॥ ਏਕਾ ਸੁਰਤਿ ਜੇਤੇ ਹੈ ਜੀਅ ॥ ਸੁਰਤਿ ਵਿਹੂਣਾ ਕੋਇ ਨ ਕੀਅ ॥ ਜੇਹੀ ਸੁਰਤਿ ਤੇਹਾ ਤਿਨ ਰਾਹੁ ॥ ਲੇਖਾ ਇਕੋ ਆਵਹੁ ਜਾਹੁ ॥੧॥ ਕਾਹੇ ਜੀਅ ਕਰਹਿ ਚਤੁਰਾਈ ॥ ਲੇਵੈ ਦੇਵੈ ਢਿਲ ਨ ਪਾਈ ॥੧॥ ਰਹਾਉ ॥ (੨੪, ੨੫)

ਮਨੁੱਖ ਦਾ ਸਰੀਰ ਉਸ ਦੇ ਮਨ ਦੇ ਕਹਿੰਣ ਅਨੁਸਾਰ ਚਲਦਾ ਹੈ, ਜੋ ਕੁਝ ਵੀ ਉਸ ਦਾ ਮਨ ਚਾਹੁੰਦਾ ਹੈ, ਮਨੁੱਖ ਦਾ ਸਰੀਰ ਉਸੇ ਰਸਤੇ ਤੇ ਚਲਦਾ ਹੈ। ਇਸੇ ਲਈ ਗੁਰੂ ਸਾਹਿਬ ਮਨ ਨੂੰ ਖਾਸ ਤੌਰ ਤੇ ਸਮਝਾਂਉਂਦੇ ਹਨ ਕਿ ਹੇ ਮੇਰੇ ਮਨ ! ਤੂੰ ਉਸ ਅਕਾਲ ਪੁਰਖ ਦਾ ਅੰਸ਼ ਹੈਂ, ਜੋ ਨਿਰਾ ਨੂਰ ਹੀ ਨੂਰ ਹੈ, ਇਸ ਲਈ ਆਪਣੇ ਉਸ ਅਸਲੇ ਨੂੰ ਸਮਝ ਤੇ ਉਸ ਨਾਲ ਆਪਣੀ ਸਾਂਝ ਕਾਇਮ ਕਰ। ਉਹ ਅਕਾਲ ਪੁਰਖ ਸਦਾ ਤੇਰੇ ਨਾਲ ਰਹਿੰਦਾ ਹੈ, ਇਸ ਲਈ ਗੁਰੂ ਦੀ ਮਤਿ ਲੈ ਕੇ ਉਸ ਦਾ ਮਿਲਾਪ ਕਰ ਤੇ ਆਪਣੇ ਜੀਵਨ ਦਾ ਆਨੰਦ ਮਾਣ।

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥ (੪੪੧)

ਸ੍ਰਿਸ਼ਟੀ ਦੀ ਸਾਜਨਾ ਕਿਸ ਨੇ ਕੀਤੀ:

ਇਹ ਇਕ ਬਹੁਤ ਮੁਸ਼ਕਲ ਸਵਾਲ ਹੈ, ਕਿ ਇਹ ਸਾਰੀ ਸ੍ਰਿਸ਼ਟੀ ਕਿਸ ਨੇ ਪੈਦਾ ਕੀਤੀ ਤੇ ਕਿਸ ਤਰ੍ਹਾਂ ਪੈਦਾ ਕੀਤੀ? ਕੀ ਅਸੀਂ ਇਸ ਦਾ ਕਾਰਣ ਜਾਣ ਸਕਦੇ ਹਾਂ? ਅਸੀਂ ਇਸ ਵਾਸਤੇ ਸਿਰਫ ਅੰਦਾਜ਼ੇ ਲਗਾ ਸਕਦੇ ਹਾਂ। ਸਾਇੰਸ ਬਿਗ ਬੈਂਗ ਥਿਉਰੀ (Big Bang Theory), ਬਲੈਕ ਹੋਲ (Black hole) ਤੋਂ ਬਣਨਾਂ ਆਦਿ ਦੇ ਅੰਦਾਜੇ ਲਗਾ ਰਹੀ ਹੈ। ਪਰੰਤੂ ਇਸ ਦੇ ਪਿਛੇ ਜੇ ਕਰ ਕੋਈ ਕਾਰਣ ਪੁਛਿਆ ਜਾਵੇ ਤਾਂ ਸਾਇੰਸ ਵੀ ਇਸ ਦਾ ਠੋਸ ਉੱਤਰ ਨਹੀਂ ਦੇ ਸਕਦੀ। ਇਹ ਬਲੈਕ ਹੋਲ ਕਿਸ ਨੇ ਬਣਾਇਆ, ਕਿਸ ਤਰ੍ਹਾਂ ਬਣਿਆ, ਕਿਉਂ ਬਣਿਆ, ਉਸ ਤੋਂ ਸਾਰੀ ਸ੍ਰਿਸ਼ਟੀ ਕਿਸ ਤਰ੍ਹਾਂ ਬਣ ਗਈ? ਸਾਇੰਸ ਵੀ ਕਈ ਤਰ੍ਹਾਂ ਦੇ ਅੰਦਾਜ਼ੇ ਆਦਿ ਦੀਆਂ ਗੱਲਾਂ ਕਰ ਰਹੀ ਹੈ। ਜਿਸ ਤਰ੍ਹਾਂ ਸਾਇੰਸ ਦੀਆਂ ਨਵੀਆਂ ਨਵੀਆਂ ਥਿਉਰੀਆਂ ਲੱਭੀਆਂ ਜਾ ਰਹੀਆਂ ਹਨ, ਉਹ ਇਸ ਵਿਸ਼ੇ ਸਬੰਧੀ ਗਿਆਨ ਵਿਚ ਹੋਰ ਵਾਧਾ ਤਾਂ ਕਰ ਰਹੀਆਂ ਹਨ, ਪਰੰਤੂ ਕੁਦਰਤ ਦਾ ਅੰਤ ਪਾਉਣਾਂ ਅਜੇ ਬਹੁਤ ਹੀ ਦੂਰ ਹੈ।

ਨਿਸ਼ਚਤ ਤੌਰ ਤੇ ਅਕਾਲ ਪੁਰਖ ਦਾ ਕੋਈ ਨਿਯਮ ਸੀ, ਜਿਸ ਨੇ ਅਨੇਕਾਂ ਖੰਡ ਬ੍ਰਹਿਮੰਡ ਪੈਦਾ ਕਰ ਦਿਤੇ। ਗੁਰੂ ਨਾਨਕ ਸਾਹਿਬ ਨੇ ਜਪੁਜੀ ਸਾਹਿਬ ਵਿਚ ਇਸ ਸ੍ਰਿਸ਼ਟੀ ਦੇ ਪੈਦਾ ਹੋਣ ਬਾਰੇ ਇਹੀ ਕਿਹਾ ਹੈ ਕਿ ਅਕਾਲ ਪੁਰਖ ਨੇ ਆਪਣੇ ਇਕੋ ਹੁਕਮੁ ਨਾਲ ਸਾਰਾ ਸੰਸਾਰ ਬਣਾ ਦਿੱਤਾ, ਉਸ ਦੇ ਹੁਕਮੁ ਨਾਲ ਹੀ ਜ਼ਿੰਦਗੀ ਦੇ ਲੱਖਾਂ ਦਰਿਆ ਬਣ ਗਏ।

ਸਿੱਖ ਧਰਮ ਅਨੁਸਾਰ ਪੂਰੀ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਅਕਾਲ ਪੁਰਖ ਆਪ ਹੀ ਹੈ। ਇਸ ਜਗਤ ਦੀ ਰਚਨਾ ਤੋਂ ਪਹਿਲਾਂ ਬੇਅੰਤ ਸਮਾਂ ਅਕਾਲ ਪੁਰਖ ਨੇ ਸ੍ਰਿਸ਼ਟੀ ਦੀ ਅਜਿਹੀ ਹਾਲਤ ਬਣਾਈ ਰੱਖੀ ਸੀ, ਜੋ ਕਿ ਮਨੁੱਖ ਦੀ ਸਮਝ ਤੋਂ ਬਹੁਤ ਪਰੇ ਹੈ। ਉਹ ਹਾਲਤ ਕਿਸ ਤਰ੍ਹਾਂ ਦੀ ਸੀ, ਉਸ ਗੁਬਾਰ ਬਾਰੇ ਕੋਈ ਜੀਵ ਕੁਝ ਵੀ ਨਹੀਂ ਕਹਿ ਸਕਦਾ, ਤੇ ਨਾ ਹੀ ਕੋਈ ਜੀਵ ਬਿਆਨ ਕਰ ਸਕਦਾ ਹੈ। ਸਿਰਫ ਅਕਾਲ ਪੁਰਖ ਆਪ ਹੀ ਜਾਣਦਾ ਕਿ ਅਸਲੀਅਤ ਕੀ ਸੀ। ਅਕਾਲ ਪੁਰਖ ਨੇ ਆਪ ਸਾਰੀ ਸ੍ਰਿਸ਼ਟੀ

ਪੈਦਾ ਕੀਤੀ, ਤੇ ਇਹ ਜਗਤ ਦਾ ਸਾਰਾ ਖੇਲ ਤਮਾਸ਼ਾ ਆਪ ਹੀ ਰਚਿਆ ਹੈ, ਇਹ ਸਭ ਉਸ ਦੀ ਹੀ ਵਡਿਆਈ ਹੈ। ਵੱਖ ਵੱਖ ਕਿਸਮ ਦੇ ਇਹ ਸਾਰੇ ਜੀਵਾਂ ਨੂੰ ਅਕਾਲ ਪੁਰਖ ਆਪ ਹੀ ਬਣਾਉਂਦਾ ਹੈ, ਤੇ ਆਪ ਹੀ ਨਾਸ ਕਰ ਕੇ, ਫਿਰ ਹੋਰ ਆਪ ਹੀ ਪੈਦਾ ਕਰਦਾ ਹੈ। ਹਰੇਕ ਸਰੀਰ ਵਿਚ ਅਕਾਲ ਪੁਰਖ ਦਾ ਬਣਾਇਆ ਹੋਇਆ ਸੁਆਸ, ਪਉਣ (ਹਵਾ, ਆਕਸੀਜਨ) ਦੀ ਸਹਾਇਤਾ ਨਾਲ ਚੱਲ ਰਿਹਾ ਹੈ।

ਮਾਰੂ ਮਹਲਾ ੩ ॥ ਜੁਗ ਛਤੀਹ ਕੀਓ ਗੁਬਾਰਾ ॥ ਤੂ ਆਪੇ ਜਾਣਹਿ ਸਿਰਜਣਹਾਰਾ ॥ ਹੋਰ ਕਿਆ ਕੋ ਕਹੈ ਕਿ ਆਖਿ ਵਖਾਣੈ ਤੂ ਆਪੇ ਕੀਮਤਿ ਪਾਇਦਾ ॥੧॥ ਓਅੰਕਾਰਿ ਸਭ ਸ੍ਰਿਸਟਿ ਉਪਾਈ ॥ ਸਭੁ ਖੇਲੁ ਤਮਾਸਾ ਤੇਰੀ ਵਡਿਆਈ ॥ ਆਪੇ ਵੇਕ ਕਰੇ ਸਭਿ ਸਾਚਾ ਆਪੇ ਭੰਨਿ ਘੜਾਇਦਾ ॥੨॥ (੧੦੬੧)

ਅਕਾਲ ਪੁਰਖ ਨੇ ਆਪ ਹੀ ਆਪਣੇ ਆਪ ਨੂੰ ਪਰਗਟ ਕਰ ਕੇ, ਆਪ ਹੀ ਆਪਣੇ ਆਪ ਨੂੰ ਸਮਝਿਆ ਹੈ। ਆਕਾਸ਼ ਤੇ ਧਰਤੀ ਨੂੰ ਵਖੋ ਵਖ ਕਰ ਕੇ ਬਣਾਇਆ, ਤੇ ਇਹ ਆਕਾਸ਼ ਉਸ ਨੇ ਮਾਨੋ, ਆਪਣੇ ਤਖ਼ਤ ਉਤੇ ਚੰਦੋਆ ਤਾਣਿਆ ਹੋਇਆ ਹੈ। ਸਾਰੇ ਜਗਤ ਰੂਪੀ ਦਰਬਾਰ ਉੱਤੇ ਆਕਾਸ਼ ਨੂੰ ਥੰਮ੍ਹਾਂ ਤੋਂ ਬਿਨਾ ਟਿਕਾ ਕੇ (Gravitation), ਆਪਣੇ ਸਬਦ ਰੂਪੀ ਹੁਕਮੁ ਅਨੁਸਾਰ ਬਣਾਇਆ ਹੈ। ਸੂਰਜ ਤੇ ਚੰਦਰਮਾਂ ਨੂੰ ਪੈਦਾ ਕਰਕੇ ਉਨ੍ਹਾਂ ਵਿਚ ਆਪਣੀ ਜੋਤਿ ਟਿਕਾਈ ਹੋਈ ਹੈ, ਤੇ ਜੀਵਾਂ ਦੇ ਕਾਰ ਵਿਹਾਰ ਲਈ ਰਾਤ ਤੇ ਦਿਨ ਰੂਪੀ ਅਚਰਜ ਤਮਾਸ਼ੇ ਬਣਾ ਦਿੱਤੇ ਹਨ।

ਪਉੜੀ ॥ ਆਪੀਨ੍ਹੈ ਆਪੁ ਸਾਜਿ ਆਪੁ ਪਛਾਣਿਆ ॥ ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ ॥ ਵਿਣੁ ਥੰਮ੍ਹਾ ਗਗਨੁ ਰਹਾਇ ਸਬਦੁ ਨੀਸਾਣਿਆ ॥ ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ ॥ ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ ॥ (੧੨੭੯)

ਗੁਰੂ ਸਾਹਿਬਾਂ ਨੇ ਅਕਾਲ ਪੁਰਖ ਨੂੰ ਅੰਦਰ ਖੋਜ਼ਣ ਲਈ ਕਿਹਾ ਹੈ, ਜੋ ਬਾਹਰ ਹੈ, ਉਹੀ ਅੰਦਰ ਹੈ:

ਸਾਇੰਸ ਦੀ ਖੋਜ ਪਦਾਰਥ ਤਕ ਸੀਮਿਤ ਹੈ, ਇਸੇ ਲਈ ਮਨੁੱਖ ਨੇ ਤਕਨੀਕੀ ਤਰੱਕੀ ਤਾਂ ਬਹੁਤ ਕਰ ਲਈ, ਸਰੀਰ ਦੀ ਬਣਤਰ ਬਾਰੇ ਬਹੁਤ ਖੋਜ ਕਰ ਲਈ ਤੇ ਬਹੁਤ ਸਾਰੀਆਂ ਬੀਮਾਰੀਆਂ ਤੇ ਇਲਾਜ ਵੀ ਲੱਭ ਲਏ। ਪਰੰਤੂ ਇਤਨੀ ਤਰੱਕੀ ਹੋਣ ਦੇ ਬਾਵਜੂਦ ਮਨ ਦੀਆਂ ਬੀਮਾਰੀਆਂ ਦੇ ਕਾਰਣ ਤੇ ਇਲਾਜ ਨਹੀਂ ਲੱਭ ਸਕਿਆ। ਇਸ ਨੂੰ ਦੂਸਰੇ ਲੱਫਜ਼ਾਂ ਵਿਚ ਕਹਿ ਲਉ ਕਿ ਮਨੁੱਖ ਨੇ ਅਕਾਲ ਪੁਰਖ ਨੂੰ ਬਾਹਰੋਂ ਖੋਜ਼ਣ ਲਈ ਤਾਂ ਬਹੁਤ ਉਪਰਾਲੇ ਕੀਤੇ ਪਰੰਤੂ ਅੰਦਰੋਂ ਖੋਜ਼ਣ ਲਈ ਕੁਝ ਨਹੀਂ ਕੀਤਾ। ਮਨੁੱਖ ਜਿਆਦਾ ਤਰ ਮਨ ਕਰਕੇ ਦੁਖੀ ਹੁੰਦਾ ਹੈ। ਜੀਵਨ ਤਾਂ ਹੀ ਸੁਖੀ ਤੇ ਸਫਲ ਹੈ, ਜੇ ਕਰ ਮਨ ਦੀਆਂ ਬੀਮਾਰੀਆਂ ਦੇ ਕਾਰਣ ਤੇ ਇਲਾਜ ਵੀ ਲੱਭੇ ਜਾ ਸਕਣ। ਇਹੀ ਕਾਰਣ ਹੈ ਕਿ ਗੁਰੂ ਸਾਹਿਬਾਂ ਨੇ ਅਕਾਲ ਪੁਰਖ ਨੂੰ ਅੰਦਰੋਂ ਖੋਜ਼ਣ ਲਈ ਵੀ ਕਿਹਾ ਹੈ, ਕਿਉਂਕਿ ਜਿਸ ਤਰ੍ਹਾਂ ਅਕਾਲ ਪੁਰਖ ਬਾਹਰ ਦਿਖਾਈ ਦਿੰਦਾ ਹੈ, ਉਸੇ ਤਰ੍ਹਾਂ ਉਹ ਸਭ ਦੇ ਅੰਦਰ ਵੀ ਹੈ।

ਗੁਰੂ ਸਾਹਿਬਾਂ ਨੇ ਬੜੇ ਸਰਲ ਤਰੀਕੇ ਨਾਲ ਸਮਝਾਇਆ ਹੈ ਕਿ ਜੇਕਰ ਧਰਮ ਦੀ ਸਿਖਿਆ ਲੈਂਣਾਂ ਚਾਹੁੰਦੇ ਹਾਂ ਤਾਂ ਸਾਨੂੰ ਕਿਤੇ ਜਾਣ ਦੀ ਲੋੜ ਨਹੀਂ, ਅਸੀਂ ਆਪਣੇ ਸਰੀਰ ਕੋਲੋ ਹੀ ਲੈ ਸਕਦੇ ਹਾਂ। ਇਹ ਮਨੁੱਖਾ ਸਰੀਰ ਧਰਮ ਕਮਾਉਣ ਦੀ ਥਾਂ ਹੈ, ਇਸ ਵਿਚ ਸੱਚੇ ਪ੍ਰਭੂ ਦੀ ਜੋਤਿ ਲੁਕੀ ਹੋਈ ਹੈ। ਇਸ ਸਰੀਰ ਵਿਚ ਦੈਵੀ ਗੁਣ, ਰੂਪ, ਤੇ ਗੁੱਝੇ ਲਾਲ ਰਤਨ ਲੁਕੇ ਹੋਏ ਹਨ। ਸਰੀਰ ਦਾ ਹਰੇਕ ਅੰਗ ਬਾਕੀ ਸਭ ਦੂਸਰੇ ਅੰਗਾਂ ਲਈ ਕੰਮ ਕਰਦਾ ਹੈ ਜਾਂ ਉਨ੍ਹਾਂ ਦੀ ਸਹਾਇਤਾ ਕਰਦਾ ਹੈ, ਪਰੰਤੂ ਬਦਲੇ ਵਿਚ ਕੁਝ ਨਹੀਂ ਮੰਗਦਾ ਹੈ। ਸਾਡੇ ਪੈਰ ਸਾਰੇ ਸਰੀਰ ਨੂੰ ਇਕ ਥਾਂ ਤੋਂ ਦੂਸਰੀ ਥਾਂ ਤੇ ਲਿਜਾਂਦੇ ਹਨ, ਲੱਤਾਂ ਸਰੀਰ ਨੂੰ ਖੜਾ ਹੋਣ ਵਿਚ ਸਹਾਇਤਾ ਕਰਦੀਆਂ ਹਨ, ਮੂੰਹ ਸਰੀਰ ਅੰਦਰ ਖਾਣਾਂ ਲਿਜਾਣ ਲਈ ਸਹਾਈ ਹੁੰਦਾ ਹੈ, ਦੰਦ ਖਾਣਾਂ ਚਬਾਉਂਦੇ ਹਨ ਤਾਂ ਜੋ ਪੇਟ ਨੂੰ ਹਜ਼ਮ ਕਰਨ ਵਿਚ ਮੁਸ਼ਕਲ ਨਾ ਹੋਵੇ, ਜੀਭ ਸੰਤਰੀ ਦਾ ਕੰਮ ਕਰਦੀ ਹੈ, ਕਿ ਕਿਤੇ ਸਰੀਰ ਅੰਦਰ ਗਲਤ ਪਦਾਰਥ ਨਾ ਚਲੇ ਜਾਣ, ਅੱਖਾਂ ਰਸਤਾ ਵੇਖਣ ਵਿਚ ਸਹਾਈ ਹੁੰਦੀਆਂ ਹਨ, ਕੰਨ ਸੁਣਨ ਤੇ ਸਬੰਧ ਕਾਇਮ ਕਰਨ ਲਈ ਸਹਾਈ ਹੁੰਦੇ ਹਨ, ਦਿਮਾਗ ਜੀਵਨ ਵਿਚ ਸੋਚ ਵੀਚਾਰ ਕੇ ਚਲਣ ਲਈ ਸਹਾਈ ਹੁੰਦਾਂ ਹੈ, ਆਦਿ। ਸਰੀਰ ਦਾ ਕੋਈ ਅੰਗ ਵੀ ਦੂਸਰੇ ਅੰਗ ਦੀ

ਨਿੰਦਾ, ਚੁਗਲੀ ਜਾਂ ਵਿਰੋਧਤਾ ਨਹੀਂ ਕਰਦਾ ਹੈ, ਬਲਕਿ ਦੂਸਰੇ ਅੰਗਾਂ ਦੀ ਸਹਾਇਤਾ ਕਰਦਾ ਹੈ ਜਾਂ ਠੀਕ ਮਾਰਗ ਦਰਸ਼ਨ ਕਰਦਾ ਹੈ। ਸਰੀਰ ਦਾ ਹਰੇਕ ਅੰਗ ਦੂਸਰੇ ਅੰਗ ਲਈ ਬਿਨਾਂ ਕਾਮਨਾਂ ਦੇ ਸੇਵਾ ਕਰਦਾ ਹੈ। ਸਤਿਗੁਰੂ ਦੇ ਸਨਮੁਖ ਹੋ ਕੇ ਕੋਈ ਵਿਰਲਾ ਸੇਵਕ ਹੀ ਇਨ੍ਹਾਂ ਗੁਣਾਂ ਨੂੰ ਗੁਰਬਾਣੀ ਦੀ ਡੂੰਘੀ ਵਿਚਾਰ ਨਾਲ ਸਮਝ ਕੇ ਆਪਣੇ ਜੀਵਨ ਵਿਚ ਅਪਨਾਂਦਾ ਹੈ। ਜਦੋਂ ਉਹ ਸੇਵਕ ਇਹ ਲਾਲ ਰਤਨ ਲੱਭ ਲੈਂਦਾ ਹੈ, ਤਾਂ ਉਹ ਇਕ ਅਕਾਲ ਪੁਰਖ ਨੂੰ ਸਾਰੀ ਸ੍ਰਿਸ਼ਟੀ ਵਿਚ ਰਵਿਆ ਹੋਇਆ ਪਛਾਣ ਲੈਂਦਾ ਹੈ।

ਪਉੜੀ ॥ ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥ ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥ (੩੦੯, ੩੧੦)

ਅਕਾਲ ਪੁਰਖ ਦੇ ਨਿਰਗੁਨ ਸਰਗੁਨ ਸਰੂਪ:

ਗੁਰਮਤਿ ਵਿਚਾਰਧਾਰਾ ਦਾ ਮੂਲ ਮਿਸ਼ਨ ਜਾਂ ਨਿਸ਼ਾਨਾਂ ਸਪੱਸ਼ਟ ਤੌਰ ਤੇ ਜਪੁ ਜੀ ਸਾਹਿਬ ਦੀ ਬਾਣੀ ਵਿਚ ਸੰਖੇਪ ਨਾਲ ਅੰਕਿਤ ਕੀਤਾ ਗਿਆ ਹੈ। ਬਾਕੀ ਦੀ ਸਾਰੀ ਵਿਸਥਾਰ ਗੁਰੂ ਗਰੰਥ ਸਾਹਿਬ ਵਿਚ ਸਮਝਾ ਦਿਤੀ ਗਈ ਹੈ। ਅਕਾਲ ਪੁਰਖ ਕਿਸ ਤਰ੍ਹਾਂ ਦਾ ਹੈ, ਤੇ ਉਸ ਨੂੰ ਕਿਸ ਤਰ੍ਹਾਂ ਪਾਉਣਾਂ ਹੈ, ਉਹ ਗੁਰੂ ਗਰੰਥ ਸਾਹਿਬ ਦੇ ਆਰੰਭ ਦੇ ਸਿਰਲੇਖ ਵਿਚ ਹੀ ਸਪੱਸ਼ਟ ਕਰ ਦਿਤਾ ਗਿਆ ਹੈ।

੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ (੧)

ਅਕਾਲ ਪੁਰਖ ਨੇ ਭਾਵੇਂ ਕਈ ਰੰਗਾਂ ਤੇ ਕਿਸਮਾਂ ਦੀ ਦੁਨੀਆ ਰਚ ਦਿੱਤੀ ਹੈ, ਪਰ ਉਹ ਆਪ ਨਿਰਗੁਣ ਸਰੂਪ ਵਿਚ ਇਕੋ ਇਕ ਹਸਤੀ ਹੈ, ਤੇ, ਸਰਗੁਣ ਸਰੂਪ ਵਿਚ ਉਹ ਅਨੇਕਾਂ ਰੂਪਾਂ ਵਾਲਾ ਹੈ। ਜੇਹੜੀ ਗੱਲ ਉਸ ਨੂੰ ਚੰਗੀ ਲੱਗਦੀ ਹੈ, ਉਹੀ ਗੱਲ ਜੀਵਾਂ ਦੇ ਭਲੇ ਵਾਸਤੇ ਹੁੰਦੀ ਹੈ। ਹੋ ਸਕਦਾ ਹੈ ਆਮ ਲੋਕਾਂ ਨੂੰ ਅਕਾਲ ਪੁਰਖ ਦੇ ਨਿਰਗੁਣ ਸਰੂਪ ਤੇ ਸਰਗੁਣ ਸਰੂਪ ਬਾਰੇ ਕੁਝ ਕਿੰਤੂ ਹੋਵੇ ਜਾਂ ਸ਼ੰਕਾ ਹੋਵੇ। ਪਰੰਤੂ ਸਾਇੰਸ ਅਨੁਸਾਰ ਰੌਸ਼ਨੀ (Light) ਦੇ ਦੋ ਰੂਪ ਹਨ, ਇਕ ਤਰੰਗ (ਵੇਵ) (Wave) ਤੇ ਦੂਸਰਾ ਪਦਾਰਥ (ਫੋਟੌਨ) (Photon)। ਜੇ ਅਸੀਂ ਰੌਸ਼ਨੀ ਦੇ ਦੋ ਰੂਪ ਮੰਨ ਸਕਦੇ ਹਾਂ, ਤਾਂ ਅਕਾਲ ਪੁਰਖ ਦੇ ਨਿਰਗੁਣ ਸਰੂਪ ਤੇ ਸਰਗੁਣ ਸਰੂਪ ਬਾਰੇ ਸ਼ੰਕਾ ਕਿਉਂ?

ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ ॥ ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥੨੨॥੨॥ (੭੨੬)

ਆਈਨ ਸਟਾਈਨ ਦੀ ਥਿਊਰੀ (E=mC2) ਅਨੁਸਾਰ ਊਰਜਾ ਪਦਾਰਥ ਵਿਚ ਬਦਲ ਸਕਦੀ ਹੈ, ਤੇ ਪਦਾਰਥ ਊਰਜਾ ਵਿਚ ਬਦਲ ਸਕਦਾ ਹੈ। ਨਿਊਕਲੀਅਰ ਰਿਐਕਸ਼ਨ (Nuclear Reaction) ਨਾਲ ਪਦਾਰਥ ਊਰਜਾ ਵਿਚ ਬਦਲ ਸਕਦਾ ਹੈ, ਜਿਸ ਨਾਲ ਬਹੁਤ ਸਾਰੀ ਊਰਜਾ ਪੈਦਾ ਹੁੰਦੀ ਹੈ। ਇਸ ਲਈ ਕਹਿ ਸਕਦੇ ਹਾਂ ਕਿ ਅਕਾਲ ਪੁਰਖ ਵੀ ਊਰਜਾ ਦੀ ਤਰ੍ਹਾਂ ਜਾਂ ਕੋਈ ਹੋਰ ਅਜੇਹੀ ਕਿਸਮ ਦਾ ਹੋ ਸਕਦਾ ਹੈ, ਜਿਸ ਬਾਰੇ ਅਜੇ ਕੋਈ ਪਤਾ ਨਹੀਂ ਹੈ। ਉਸ ਦੇ ਨਾ ਦਿਖਾਈ ਦੇਣ ਵਾਲੇ ਰੂਪ ਨੂੰ ਗੁਰੂ ਸਾਹਿਬਾਂ ਨੇ ਨਿਰਗੁਣ ਸਰੂਪ ਕਿਹਾ ਹੈ ਤੇ ਦਿਖਾਈ ਦੇਣ ਵਾਲੇ ਰੂਪ ਨੂੰ ਗੁਰੂ ਸਾਹਿਬਾਂ ਨੇ ਸਰਗੁਣ ਸਰੂਪ ਕਿਹਾ ਹੈ। ਇਹ ਅਕਾਲ ਪੁਰਖ ਦੀ ਰਜ਼ਾ ਹੈ ਕਿ ਉਹ ਜਿਸ ਤਰ੍ਹਾਂ ਚਾਹੇ ਨਿਰਗੁਣ ਸਰੂਪ ਵਿਚ ਜਾਂ ਸਰਗੁਣ ਸਰੂਪ ਬਦਲ ਸਕਦਾ ਹੈ। ਇਸ ਲਈ ਅਕਾਲ ਪੁਰਖ ਦਾ ਸਰੂਪ ਬਿਆਨ ਕਰਨਾ ਬਹੁਤ ਮੁਸ਼ਕਲ ਹੈ ਤੇ ਮਨੁੱਖ ਦੀ ਪਹੁੰਚ ਤੋਂ ਬਾਹਰ ਹੈ।

ਸਰਬ ਵਿਆਪਕ ਅਕਾਲ ਪੁਰਖ ਆਕਾਰ ਰਹਿਤ ਵੀ ਹੈ ਤੇ ਤਿੰਨਾਂ ਗੁਣਾਂ ਵਾਲੀ ਮਾਇਆ ਦੇ ਰੂਪ (ਭਾਵ, ਜਗਤ ਰੂਪ) ਵਿਚ ਵੀ ਆਪ ਹੀ ਹੈ। ਅਕਾਲ ਪੁਰਖ ਮਾਇਆ ਦੇ ਤਿੰਨਾਂ ਗੁਣਾਂ ਤੋਂ ਪਰੇ ਵੀ ਆਪ ਹੀ ਹੈ, ਤੇ ਸੁੰਨ ਅਵਸਥਾ ਵਿਚ ਟਿਕਿਆ ਹੋਇਆ ਵੀ ਆਪ ਹੀ ਹੈ। ਇਹ ਸਾਰਾ ਜਗਤ ਅਕਾਲ ਪੁਰਖ ਨੇ ਆਪ ਹੀ ਰਚਿਆ ਹੈ ਤੇ ਜਗਤ ਦੇ ਜੀਵਾਂ ਵਿਚ ਬੈਠ ਕੇ ਉਹ ਆਪ ਹੀ

ਆਪਣੇ ਆਪ ਨੂੰ ਯਾਦ ਕਰ ਰਿਹਾ ਹੈ।

ਸਲੋਕੁ ॥ ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥ ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥੧॥ (੨੯੦)

ਅਕਾਲ ਪੁਰਖ ਆਪ ਖੁਦ ਆਕਾਰ ਰਹਿਤ ਹੈ, ਤੇ ਅਕਾਲ ਪੁਰਖ ਆਪ ਹੀ ਇਸ ਜਗਤ ਦੇ ਸਾਰੇ ਆਕਾਰ ਬਣਾਂਦਾ ਹੈ। ਅਕਾਲ ਪੁਰਖ ਆਪਣੇ ਇਕ ਸਰੂਪ ਤੋਂ ਅਨੇਕਾਂ ਰੂਪ ਬਣਾ ਲੈਂਦਾ ਹੈ, ਪਰ ਇਹ ਅਨੇਕ ਰੂਪ ਉਸ ਤੋਂ ਵੱਖਰੇ ਨਹੀਂ ਹਨ, ਇਹ ਕਿਹਾ ਜਾ ਸਕਦਾ ਹੈ ਕਿ ਅਕਾਲ ਪੁਰਖ ਇਕ ਆਪ ਹੀ ਆਪ ਹੈ। ਅਕਾਲ ਪੁਰਖ ਸਾਰੇ ਜੀਵ ਜੰਤੂਆਂ ਨੂੰ ਆਪਣੇ ਇਕੋ ਹੁਕਮੁ ਦੇ ਧਾਗੇ ਵਿਚ ਪਰੋ ਕੇ ਰੱਖਣ ਦੀ ਸਮਰੱਥਾ ਰੱਖਦਾ ਹੈ। ਇਹ ਸਾਰਾ ਜਗਤ ਜੋ ਸਾਨੂੰ ਦਿੱਸਦਾ ਹੈ, ਉਹ ਸਭ ਅਕਾਲ ਪੁਰਖ ਨੇ ਆਪਣੇ ਅਦ੍ਰਿਸ਼ਟ ਰੂਪ ਤੋਂ ਰਚਿਆ ਹੈ, ਤੇ ਨਾਲ ਹੀ ਮਾਇਆ ਦੇ ਤਿੰਨ ਗੁਣਾਂ ਦਾ ਵੱਖ ਵੱਖ ਖਿਲਾਰਾ ਕਰ ਦਿੱਤਾ ਹੈ। ਅਕਾਲ ਪੁਰਖ ਨੇ ਅਨੇਕਾਂ ਕਿਸਮਾਂ ਦੇ ਜੀਵ ਬਣਾ ਕੇ ਇਸ ਜਗਤ ਦੀ ਉਤਪੱਤੀ ਕੀਤੀ ਹੈ, ਜਨਮ ਮਰਨ ਦਾ ਚਕਰ, ਜੀਵਾਂ ਦੇ ਮਨ ਦਾ ਮੋਹ, ਆਦਿ ਵੀ ਉਸ ਨੇ ਹੀ ਪੈਦਾ ਕੀਤਾ ਹੈ, ਪਰ ਉਹ ਆਪ ਖੁਦ ਜਨਮ ਮਰਨ ਦੇ ਚਕਰ ਤੋਂ ਪਰੇ ਹੈ।

ਸਲੋਕੁ ॥ ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ ॥ ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ ॥੧॥ (੨੫੦)

ਸਿੱਖ ਧਰਮ ਵਿਚ ਕੇਸਾਂ ਦੀ ਮਹੱਤਤਾ:

ਅਕਾਲ ਪੁਰਖੁ ਦੀ ਬਣਾਈ ਹੋਈ ਕੁਦਰਤ ਤੇ ਇਹ ਸਾਰੀ ਰਚਨਾ ਬਹੁਤ ਸੁੰਦਰ ਹੈ, ਜਿਸ ਦਾ ਕੋਈ ਵੀ ਜੀਵ ਮੁਕਾਬਲਾ ਨਹੀਂ ਕਰ ਸਕਦਾ। ਜਿਹੜੀ ਚੀਜ ਅਕਾਲ ਪੁਰਖੁ ਦੀ ਬਣਾਈ ਹੋਈ ਬਣਤਰ ਅਨੁਸਾਰ ਨਹੀਂ ਹੈ, ਉਸ ਵਿਚ ਕੋਈ ਨਾ ਕੋਈ ਖਾਮੀ ਜਰੂਰ ਰਹਿ ਜਾਂਦੀ ਹੈ। ਅੱਜਕਲ ਬਹੁਤ ਤਰ੍ਹਾਂ ਦੇ ਨਕਲੀ ਦਿਲ, ਗੁਰਦੇ (Kidney), ਲੱਤਾਂ, ਤੇ ਹੋਰ ਕਈ ਤਰ੍ਹਾਂ ਦੇ ਅੰਗ ਬਣ ਰਹੇ ਹਨ, ਪਰੰਤੂ ਉਹ ਅਕਾਲ ਪੁਰਖੁ ਦੇ ਬਣਾਇਆ ਹੋਇਆਂ ਅੰਗਾਂ ਦੇ ਮੁਕਾਬਲੇ ਕੁਝ ਵੀ ਨਹੀਂ। ਕਈ ਮੁਸ਼ਕਲਾਂ ਤੇ ਖਾਮੀਆਂ ਨਾਲ ਉਸ ਅਨੁਸਾਰ ਮਨੁੱਖ ਨੂੰ ਢਾਲਣਾ ਪੈਂਦਾ ਹੈ, ਪਰੰਤੂ ਅਕਾਲ ਪੁਰਖੁ ਦੇ ਬਣਾਏ ਗਏ ਅੰਗਾਂ ਵਰਗੀ ਪੂਰਨਤਾ ਕਦੇ ਵੀ ਨਹੀਂ ਮਿਲਦੀ। ਦੰਦ ਮਨੁੱਖ ਦੇ ਚੇਹਰੇ ਦਾ ਸ਼ਿੰਗਾਰ ਹਨ, ਜੇ ਕਰ ਦੰਦ ਨਿਕਲ ਜਾਣ ਤਾਂ ਚਿਹਰਾ ਹੋਰ ਤਰ੍ਹਾਂ ਦਾ ਲਗਦਾ ਹੈ, ਮਨੁੱਖ ਨੂੰ ਆਪਣੇ ਆਪ ਨਾਲ ਘਿਰਣਾਂ ਮਹਿਸੂਸ ਹੁੰਦੀ ਹੋਵੇਗੀ। ਦੰਦ ਆਪਣੀ ਜਗਾਹ ਤੇ ਹੀ ਸ਼ੋਭਾ ਦੇ ਯੋਗ ਹੁੰਦੇ ਹਨ। ਇਸੇ ਤਰ੍ਹਾਂ ਕੇਸ ਵੀ ਮਨੁੱਖ ਦੀ ਸੁੰਦਰਤਾ ਦਾ ਨਿਸ਼ਾਨ ਹਨ। ਕੇਸਾਂ ਦੀ ਸ਼ੋਭਾ ਵੀ ਉਤਨੀ ਦੇਰ ਤਕ ਹੈ, ਜਿਤਨੀ ਦੇਰ ਤਕ ਆਪਣੀ ਜਗਾਹ ਤੇ ਹਨ। ਅਸੀਂ ਹੁਣ ਦੇ ਫੈਸ਼ਨ ਮੁਤਾਬਿਕ ਆਪਣੇ ਆਪ ਨੂੰ ਕਿਸੇ ਤਰ੍ਹਾਂ ਵੀ ਠੀਕ ਕਹਿਣ ਦੀ ਕੋਸ਼ਿਸ਼ ਕਰੀਏ। ਪਰੰਤੂ ਹਕੀਕਤ ਤਾਂ ਇਹ ਹੈ ਕਿ ਹਰ ਧਰਮ ਜਾਂ ਮਜਹਬ ਦੇ ਪੈਗੰਬਰ ਕੇਸਾਧਾਰੀ ਸਨ। ਪੁਰਾਤਨ ਸਮਿਆਂ ਵਿਚ ਜੇਕਰ ਕਿਸੇ ਨੂੰ ਸਜ਼ਾ ਦੇਣੀ ਹੁੰਦੀ ਸੀ ਤਾਂ ਉਸ ਦੇ ਕੇਸ ਕਤਲ ਕਰ ਦਿਤੇ ਜਾਂਦੇ ਸਨ। ਅੱਜ ਕੱਲ ਤਾਂ ਲੋਕ ਫੈਸ਼ਨ ਦੀ ਆੜ ਵਿਚ ਆ ਕੇ ਆਪਣੇ ਆਪ ਨੂੰ ਖੁਦ ਹੀ ਸਜ਼ਾ ਦੇ ਰਹੇ ਹਨ। ਨਾਈ ਦੀ ਬਣਾਈ ਹੋਈ ਸੂਰਤ, ਅਕਾਲ ਪੁਰਖੁ ਦੀ ਬਣਾਈ ਹੋਈ ਸੂਰਤ ਨਾਲੋਂ ਕਦੇ ਵੀ ਬੇਹਤਰ ਨਹੀਂ ਹੋ ਸਕਦੀ।

ਕੇਸ ਮਨੁੱਖ ਨੂੰ ਕੁਦਰਤ ਦੀ ਦਿਤੀ ਹੋਈ ਦਾਤ ਹਨ, ਸੁੰਦਰਤਾ ਦੀ ਨਿਸ਼ਾਨੀ ਹਨ। ਕੇਸ ਗੁਰੂ ਦੀ ਮੋਹਰ ਹਨ, ਅਕਾਲ ਪੁਰਖੁ ਦੇ ਹੁਕਮੁ ਤੇ ਰਜਾ ਅਨੁਸਾਰ ਚਲਣਾ ਸਿਖਣ ਲਈ ਗੁਰੂ ਸਾਹਿਬਾਂ ਦੀ ਦਿਤੀ ਹੋਈ ਬਖਸ਼ਸ਼ ਹਨ। ਜੇ ਕਾਗਜ਼ ਤੇ ਮੋਹਰ ਲੱਗੀ ਹੈ ਤਾਂ ਉਹ ਪਰਵਾਨ ਹੈ, ਨਹੀਂ ਤਾਂ ਉਸ ਦੀ ਕੋਈ ਕੀਮਤ ਨਹੀਂ। ਇਸੇ ਤਰ੍ਹਾਂ ਜੇ ਕਰ ਸਿੱਖ ਤੇ ਗੁਰੂ ਦੀ ਮੋਹਰ (ਕੇਸ) ਹਨ, ਤਾਂ ਹੀ ਉਹ ਗੁਰੂ ਦੇ ਦਰ ਤੇ ਸੁੰਦਰ ਲਗਦਾ ਹੈ। ਕੇਸ ਸਾਨੂੰ ਸਰੀਰਕ ਤਲ ਤੇ ਅਕਾਲ ਪੁਰਖੁ ਦੀ ਰਜ਼ਾ ਵਿਚ ਰਹਿਣਾ ਸਿਖਾਉਂਦੇ ਹਨ। ਜਿਹੜਾ ਮਨੁੱਖ ਸਰੀਰਕ ਤਲ ਤੇ ਹੁਕਮੁ ਅਤੇ ਰਜਾ ਅਨੁਸਾਰ ਨਹੀਂ ਚਲ ਸਕਦਾ, ਉਹ ਆਤਮਿਕ ਤਲ ਤੇ ਹੁਕਮੁ ਅਤੇ ਰਜਾ ਅਨੁਸਾਰ ਕਿਸ ਤਰ੍ਹਾਂ ਚਲ ਸਕੇਗਾ।

ਗੁਰੂ ਨਾਨਕ ਸਾਹਿਬ ਨੇ ਤਾਂ ਜਪੁਜੀ ਸਾਹਿਬ ਦੀ ਪਹਿਲੀ ਪੌੜੀ ਵਿੱਚ ਹੀ ਸਮਝਾ ਦਿੱਤਾ ਹੈ ਕਿ ਜੇ ਕਰ ਅਕਾਲ ਪੁਰਖੁ ਨੂੰ

ਪਾਉਣਾਂ ਹੈ ਤਾਂ ਅਕਾਲ ਪੁਰਖੁ ਦੇ ਹੁਕਮੁ ਤੇ ਉਸ ਦੀ ਰਜ਼ਾ ਅਨੁਸਾਰ ਚਲਣਾ ਪਵੇਗਾ, ਜੋ ਕਿ ਧੁਰ ਤੋਂ ਹੀ ਜੀਵ ਦੇ ਨਾਲ ਲਿਖਿਆ ਹੋਇਆ ਹੈ।

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥ (੧)

ਸਰੀਰ ਦੇ ਵਾਧੂ ਪਦਾਰਥ, ਮਲ ਮੂਤਰ ਰਾਹੀਂ ਬਾਹਰ ਨਿਕਲਦੇ ਰਹਿੰਦੇ ਹਨ। ਪਸੀਨਾਂ ਚਮੜੀ ਰਾਹੀਂ ਬਾਹਰ ਨਿਕਲਦਾ ਹੈ। ਜਿਸ ਨਾਲ ਕਈ ਵਾਧੂ ਪਦਾਰਥ (Salt) ਬਾਹਰ ਨਿਕਲਦੇ ਹਨ। ਪਸੀਨੇ ਨਾਲ ਜੋ ਪਾਣੀ ਨਿਕਲਦਾ ਹੈ, ਉਸ ਨਾਲ ਸਰੀਰ ਨੂੰ ਠੰਡਕ ਮਹਿਸੂਸ ਹੁੰਦੀ ਹੈ। ਕੁਦਰਤ ਨੇ ਸਰੀਰ ਦੇ ਹਰੇਕ ਭਾਗ ਨੂੰ ਖਾਸ ਕੰਮ ਦਿਤੇ ਹਨ। ਇਸੇ ਤਰ੍ਹਾਂ ਕੇਸਾਂ ਦਾ ਵੀ ਖਾਸ ਯੋਗਦਾਨ ਹੈ। ਕਿਉਕਿ ਕੇਸਾਂ ਵਿਚ ਦਰਦ ਮਹਿਸੂਸ ਨਹੀਂ ਹੁੰਦੀ ਹੈ, ਇਸ ਲਈ ਕਈਆਂ ਨੇ ਇਨ੍ਹਾਂ ਨੂੰ ਵੀ ਬੂਟਿਆਂ ਦੀ ਤਰ੍ਹਾਂ ਬੇਜਾਨ ਸਮਝਣਾ ਸ਼ੁਰੂ ਕਰ ਦਿਤਾ ਹੈ ਤੇ ਕੱਟਣ ਲੱਗ ਪਏ ਹਨ। ਅੱਜ ਦੀ ਸਾਇੰਸ ਅਨੁਸਾਰ ਕੇਸ ਵੀ ਜਾਨਦਾਰ ਹਨ, ਕਿਉਂਕਿ ਉਹ ਵਧਦੇ ਹਨ ਤੇ ਇਕ ਦਿਨ ਖਤਮ ਜੋ ਜਾਂਦੇ ਹਨ। ਬੇਜਾਨਦਾਰ ਕੇਸ ਆਪਣੇ ਆਪ ਝੜ ਜਾਂਦੇ ਹਨ। ਫਰਕ ਸਿਰਫ ਇਤਨਾਂ ਹੈ, ਕਿ ਕੇਸਾਂ ਵਿਚ ਸੰਵੇਦਨਸ਼ੀਲਤਾ ਨਹੀਂ ਹੁੰਦੀ ਹੈ, ਜਿਸ ਕਰਕੇ ਕੱਟਣ ਸਮੇਂ ਦਰਦ ਮਹਿਸੂਸ ਨਹੀਂ ਹੁੰਦੀ। ਨਵੇਂ ਵਾਲ ਆਂਉਂਦੇ ਰਹਿੰਦੇ ਹਨ ਤੇ ਪੁਰਾਨੇ ਵਾਲ ਆਪਣੇ ਆਪ ਝੜਦੇ ਰਹਿੰਦੇ ਹਨ, ਤੇ ਕੁਦਰਤ ਦਾ ਇਹ ਨਿਯਮ ਚਲਦਾ ਰਹਿੰਦਾਂ ਹੈ। ਕੇਸ ਬਹੁਤ ਬਰੀਕ ਹੁੰਦੇ ਹਨ, ਪਰੰਤੂ ਇਨ੍ਹਾਂ ਵਿਚ ਤਾਕਤ (Tensile Strength) ਬਹੁਤ ਹੁੰਦੀ ਹੈ, ਜੋ ਕਿ ਕਈ ਆਮ ਧਾਤਾਂ ਤੋਂ ਵੀ ਜਿਆਦਾ ਹੈ। ਅੱਜ ਦੀਆਂ ਖੋਜ਼ਾਂ ਨਾਲ ਪਤਾ ਲੱਗਾ ਹੈ ਕਿ ਕਈ ਜ਼ਹਰੀਲੀਆਂ ਧਾਤਾਂ ਕੇਸਾਂ ਰਾਹੀਂ ਬਾਹਰ ਨਿਕਲਦੀਆਂ ਹਨ। ਆਰਸੈਨਿਕ (Arsenic) ਵਾਲਾ ਰਾਹੀਂ ਬਾਹਰ ਨਿਕਲਦੀ ਹੈ। ਜੇਕਰ ਕਿਸੇ ਨੂੰ ਆਰਸੈਨਿਕ ਜ਼ਹਿਰ ਦੇ ਤੌਰ ਤੇ ਦਿਤਾ ਗਿਆ ਹੋਵੇ ਤਾਂ ਕੇਸਾਂ ਨੂੰ ਪਰਖਿਆ ਜਾਂਦਾ ਹੈ। ਕੁਝ ਹੱਦ ਤਕ ਇਹ ਵੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਕਿਤਨਾ ਸਮਾਂ ਪਹਿਲਾਂ ਜ਼ਹਿਰ ਦਿਤਾ ਗਿਆ ਸੀ। ਇਸੇ ਤਰ੍ਹਾਂ ਕਈ ਹੋਰ ਪਦਾਰਥ, ਜਿਨ੍ਹਾਂ ਦੀ ਸਰੀਰ ਨੂੰ ਜਰੂਰਤ ਨਹੀਂ ਹੁੰਦੀ ਹੈ, ਉਹ ਵੀ ਇਸ ਰਸਤੇ ਰਾਹੀ ਬਾਹਰ ਨਿਕਲਦੇ ਹਨ। ਜੇ ਕਰ ਅਸੀਂ ਇਸ ਵਿਚ ਵਿਘਨ ਪਾਉਂਦੇ ਹਾਂ ਤਾਂ ਸਾਡਾ ਹੀ ਸਰੀਰਕ ਸੰਤੁਲਨ ਵਿਗੜਦਾ ਹੈ ਤੇ ਭਵਿੱਖ ਵਿਚ ਸਾਡਾ ਨੁਕਸਾਨ ਹੋ ਸਕਦਾ ਹੈ।

ਇਸ ਸੰਸਾਰ ਵਿਚ ਅਨੇਕਾਂ ਤਰ੍ਹਾਂ ਦੇ ਜਾਨਵਰ ਜਾਂ ਜੀਵ ਜੰਤੂ ਹਨ, ਪਰੰਤੂ ਮਨੁੱਖ ਇਨ੍ਹਾਂ ਸਾਰਿਆਂ ਤੋਂ ਭਿੰਨ ਹੈ। ਸਿਰਫ ਮਨੁੱਖ ਦੇ ਹੀ ਸਿਰ ਦੇ ਕੇਸ ਲੰਮੇ ਹੁੰਦੇ ਹਨ, ਹੋਰ ਕਿਸੇ ਜਾਨਵਰ ਦੇ ਨਹੀਂ, ਸਿਰਫ ਮਨੁੱਖ ਦੇ ਕੋਲ ਹੀ ਬੁਧੀ ਹੈ, ਹੋਰ ਕਿਸੇ ਜਾਨਵਰ ਦੇ ਕੋਲ ਨਹੀਂ, ਸਿਰਫ ਮਨੁੱਖ ਦੇ ਕੋਲ ਹੀ ਪੰਜ ਵਿਕਾਰ ਹਨ, ਹੋਰ ਕਿਸੇ ਜਾਨਵਰ ਦੇ ਕੋਲ ਨਹੀਂ, ਬਾਕੀ ਸਭ ਦੇ ਇਕ ਇਕ ਹਨ। ਇਸ ਲਈ ਬੁਧੀ ਦੀ ਸੰਭਾਲ ਬਹੁਤ ਜਰੂਰੀ ਹੈ, ਨਹੀਂ ਤਾਂ ਉਹ ਮਨੁੱਖ ਨੂੰ ਵਿਕਾਰਾਂ ਵਲ ਲੈ ਜਾਵੇਗੀ। ਇਸੇ ਤਰ੍ਹਾਂ ਕੇਸਾਂ ਦੀ ਸੰਭਾਲ ਬਹੁਤ ਜਰੂਰੀ ਹੈ ਨਹੀਂ ਤਾਂ ਮਨੁੱਖ, "ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥" ਨਹੀਂ ਸਿਖ ਸਕੇਗਾ।

ਇਸ ਲਈ ਆਓ ਸਾਰੇ ਜਾਣੇ ਜੁਗੋ ਜੁਗ ਅਟੱਲ ਗੁਰੂ ਗਰੰਥ ਸਾਹਿਬ ਵਿਚ ਅੰਕਤ ਗੁਰਬਾਣੀ ਦੀ ਸਹਾਇਤਾ ਨਾਲ ਅਕਾਲ ਪੁਰਖੁ ਦੇ ਹੁਕਮੁ ਤੇ ਰਜਾ ਅਨੁਸਾਰ ਆਪਣੇ ਸਰੀਰ ਤੇ ਮਨ ਨੂੰ ਚਲਾ ਕੇ ਗੁਰੂ ਦੇ ਸੱਚੇ ਸਿੱਖ ਬਣੀਏ ਤੇ ਆਪਣਾ ਮਨੁੱਖਾ ਜਨਮ ਸਫਲ ਕਰੀਏ।

ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ:

ਅਸੀਂ ਅਕਸਰ ਵੇਖਦੇ ਹਾਂ ਕਿ ਬਾਰਸ਼ਾਂ ਦੇ ਦਿਨਾਂ ਵਿਚ ਜਮੀਨ ਵਿਚੋਂ ਨਵੇਂ ਨਵੇਂ ਜੀਵ ਨਿਕਲਣੇ ਸ਼ੁਰੂ ਹੋ ਜਾਂਦੇ ਹਨ। ਜਦੋਂ ਜਮੀਨ ਸੁਕ ਜਾਂਦੀ ਹੈ ਤਾਂ ਇਹ ਖਤਮ ਹੋ ਜਾਂਦੇ ਹਨ। ਸਵਾਲ ਪੈਦਾ ਹੁੰਦਾ ਹੈ ਕਿ ਇਹ ਕਿਸ ਤਰ੍ਹਾਂ ਪੈਦਾ ਹੁੰਦੇ ਹਨ ਤੇ ਕਿਸ ਤਰ੍ਹਾਂ ਮਰ ਜਾਂਦੇ ਹਨ। ਅੱਜ ਦੀ ਸਾਇੰਸ ਨਾਲ ਕੁਝ ਹੱਦ ਤਕ ਅਸੀਂ ਸਮਝ ਸਕਦੇ ਹਾਂ, ਕਿਉਂਕਿ ਅਸੀਂ ਅਕਸਰ ਇਹ ਹਰ

ਸਾਲ ਵਾਪਰਦਾ ਵੇਖਦੇ ਹਾਂ। ਪਰੰਤੂ ਸਵਾਲ ਪੈਦਾ ਹੁੰਦਾ ਹੈ ਕਿ ਪਹਿਲੀ ਵਾਰ ਮਨੁੱਖ ਕਿਸ ਤਰ੍ਹਾਂ ਪੈਦਾ ਹੋਇਆ, ਹੋਰ ਜਾਨਵਰ ਕਿਸ ਤਰ੍ਹਾਂ ਪੈਦਾ ਹੋਏ ਸਨ। ਕਈ ਵੱਡੇ ਵੱਡੇ ਡਾਇਨਾਸੌਰ ਵਰਗਿਆ ਦੇ ਧਰਤੀ ਤੇ ਪੈਦਾ ਹੋਣ ਬਾਰੇ ਤੇ ਅੱਜ ਦੇ ਸਮੇਂ ਵਿਚ ਅਲੋਪ ਹੋਣ ਬਾਰੇ ਸੁਣਦੇ ਹਾਂ। ਸਾਇੰਸ ਅੰਦਾਜੇ ਲਗਾ ਸਕਦੀ ਹੈ, ਪਰੰਤੂ ਕੋਈ ਠੋਸ ਉੱਤਰ ਨਹੀਂ ਦੇ ਸਕਦੀ ਹੈ, ਕਿ ਇਹ ਸਭ ਕੁਝ ਕਿਸ ਤਰ੍ਹਾਂ ਆਰੰਭ ਹੋਇਆ ਤੇ ਹੁਣ ਕਿਸ ਤਰ੍ਹਾਂ ਸਦੀਆਂ ਤੋਂ ਚਲਿਆ ਆ ਰਿਹਾ ਹੈ।

ਜਿੰਦ ਤੇ ਸਰੀਰ ਦਾ ਮਿਲਾਪ ਅਤੇ ਵਿਛੋੜਾ ਅਕਾਲ ਪੁਰਖੁ ਦੇ ਹੁਕਮੁ ਤੇ ਉਸ ਦੀ ਰਜ਼ਾ ਅਨੁਸਾਰ ਹੀ ਹੁੰਦਾ ਹੈ। ਅਕਾਲ ਪੁਰਖੁ ਦੇ ਹੁਕਮੁ ਅੰਦਰ ਪੰਜ ਤੱਤ ਇਕੱਠੇ ਕਰ ਕੇ ਸਰੀਰ ਬਣਾਇਆ ਜਾਂਦਾ ਹੈ। ਅਕਾਲ ਪੁਰਖੁ ਦੇ ਹੁਕਮੁ ਅਨੁਸਾਰ ਹੀ ਜੀਵ ਆਤਮਾ ਸਰੀਰ ਵਿਚ ਪਾਈ ਜਾਂਦੀ ਹੈ ਤੇ ਸਰੀਰ ਅੰਦਰ ਨਿਵਾਸ ਕਰਦੀ ਹੈ। ਮਨੁੱਖ ਦਾ ਜੰਮ ਕੇ ਪਰਵਾਰ ਨਾਲ ਮਿਲਣਾ ਤੇ ਮਰਨ ਤੋਂ ਬਾਅਦ ਪਰਵਾਰ ਨਾਲੋਂ ਵਿਛੁੜਨਾ, ਇਹ ਖੇਡ ਅਕਾਲ ਪੁਰਖੁ ਨੇ ਆਪ ਬਣਾਈ ਹੋਈ ਹੈ। ਅਕਾਲ ਪੁਰਖੁ ਨੇ ਜਗਤ ਦੇ ਜੀਵ ਪੈਦਾ ਕੀਤੇ ਹਨ ਤੇ ਉਨ੍ਹਾਂ ਨੂੰ ਦੁਖ ਸੁਖ ਵੀ ਉਸ ਨੇ ਆਪ ਹੀ ਦਿੱਤੇ ਹਨ। ਜੇਹੜੇ ਗੁਰਮੁਖ ਬੰਦੇ ਗੁਰੂ ਦੀ ਸਰਨ ਵਿਚ ਆ ਕੇ ਮਿੱਠੇ ਸੁਭਾਵ ਵਾਲੇ ਰਹਿੰਦੇ ਹਨ, ਤੇ ਆਪਣੇ ਆਪ ਨੂੰ ਵਿਕਾਰਾਂ ਤੋਂ ਬਚਾਣ ਲਈ ਗੁਰਬਾਣੀ ਦਾ ਸੰਜੋਆ ਪਹਿਨਦੇ ਹਨ, ਉਹ ਦੁਖ ਸੁਖ ਤੋਂ ਨਿਰਲੇਪ ਰਹਿੰਦੇ ਹਨ।

ਸੰਜੋਗੁ ਵਿਜੋਗੁ ਮੇਰੈ ਪ੍ਰਭਿ ਕੀਏ ॥ ਸ੍ਰਿਸਟਿ ਉਪਾਇ ਦੁਖਾ ਸੁਖ ਦੀਏ ॥ ਦੁਖ ਸੁਖ ਹੀ ਤੇ ਭਏ ਨਿਰਾਲੇ ਗੁਰਮੁਖਿ ਸੀਲੁ ਸਨਾਹਾ ਹੇ ॥੮॥ (੧੦੩੨)

ਜੇਕਰ ਇਹ ਸਰੀਰ ਸਾਥ ਨਾ ਦੇਵੇ ਤਾਂ ਮਨੁੱਖਾ ਜੀਵਨ ਨਹੀਂ ਚਲ ਸਕਦਾ ਹੈ। ਪਰੰਤੂ ਸਰੀਰ ਦਾ ਸਾਥ ਇਸ ਲੋਕ ਤਕ ਹੀ ਹੈ, ਇਸ ਲਈ ਮਨੁੱਖ ਨੂੰ ਅੰਤ ਦੇ ਸਾਥ ਵੱਲ ਵੀ ਧਿਆਨ ਦੇਣਾਂ ਚਾਹੀਦਾ ਹੈ। ਗੁਰੂ ਦੇ ਸ਼ਬਦ ਦਾ ਸਾਥ ਇਕ ਅਜੇਹਾ ਸਾਥ ਹੈ, ਜੋ ਕਿ ਇਸ ਲੋਕ ਤੇ ਪਰਲੋਕ ਦੋਹਾਂ ਵਿਚ ਸਹਾਈ ਹੁੰਦਾਂ ਹੈ। ਇਹ ਸਾਡੇ ਵਡੇ ਭਾਗ ਹਨ, ਜਿਸ ਸਦਕਾ ਸਾਨੂੰ ਇਹ ਸੋਹਣਾ ਮਨੁੱਖਾ ਸਰੀਰ ਮਿਲਿਆ ਹੈ। ਮਨੁੱਖ ਲਈ ਅਕਾਲ ਪੁਰਖੁ ਨੂੰ ਮਿਲਣ ਦਾ ਇਹੀ ਮੌਕਾ ਹੈ। ਜੇ ਅਕਾਲ ਪੁਰਖੁ ਨੂੰ ਮਿਲਣ ਲਈ ਕੋਈ ਉੱਦਮ ਨਾ ਕੀਤਾ, ਤਾਂ ਹੋਰ ਸਾਰੇ ਕੰਮ ਕਿਸੇ ਵੀ ਅਰਥ ਨਹੀਂ ਆਉਣੇ, ਜਿੰਦ ਨੂੰ ਕੋਈ ਲਾਭ ਨਹੀਂ ਦੇ ਸਕਣਗੇ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਸਾਧਸੰਗਤਿ ਵਿਚ ਮਿਲ ਬੈਠਿਆ ਕਰ ਤੇ ਸਿਰਫ਼ ਅਕਾਲ ਪੁਰਖੁ ਦਾ ਨਾਮੁ ਯਾਦ ਕਰਿਆ ਕਰ। ਸਾਧ ਸੰਗਤਿ ਵਿਚ ਬੈਠਣ ਦਾ ਲਾਭ ਤਾਂ ਹੀ ਹੈ, ਜੇ ਉਥੇ ਤੂੰ ਅਕਾਲ ਪੁਰਖੁ ਦੀ ਸਿਫ਼ਤਿ-ਸਾਲਹ ਵਿਚ ਜੁੜੇਂ। ਇਸ ਲਈ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਲੰਘਣ ਦੇ ਉਪਰਾਲੇ ਲਈ ਲੱਗ ਜਾ। ਨਿਰੇ ਮਾਇਆ ਦੇ ਪਿਆਰ ਵਿਚ ਇਹ ਮਨੁੱਖਾ ਜਨਮ ਵਿਅਰਥ ਜਾ ਰਿਹਾ ਹੈ।

ਆਸਾ ਮਹਲਾ ੫ ॥ ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥ ਸਰੰਜਾਮਿ ਲਾਗੁ ਭਵਜਲ ਤਰਨ ਕੈ ॥ ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥੧॥ ਰਹਾਉ ॥ (੧੨)

ਚੰਦਰਮਾ ਸੂਰਜ ਕੋਲੋ ਚਾਨਣ ਲੈਂਦਾ ਹੈ:

ਗਰੀਕ ਦੇ ਦਾਰਸ਼ਨਿਕ ਐਨਾਕਸਾਗੋਰਸ (Anaxagoras) ਨੇ 428 BC ਵਿਚ ਕਿਹਾ ਸੀ, ਕਿ ਚੰਦਰਮਾ ਸੂਰਜ ਦੀ ਰੌਸ਼ਨੀ ਮੋੜ ਕੇ ਧਰਤੀ ਤੇ ਭੇਜਦਾ ਹੈ। 499 AD ਵਿਚ ਭਾਰਤੀ ਆਸਟਰੌਨਮਰ ਆਰਿਆ ਭੱਟ (Aryabhata) ਨੇ ਵੀ ਕਿਹਾ ਸੀ, ਕਿ ਚੰਦਰਮਾ ਸੂਰਜ ਦੀ ਰੌਸ਼ਨੀ ਮੋੜ ਕੇ ਧਰਤੀ ਤੇ ਭੇਜਦਾ ਹੈ। ਅੱਲਹਜ਼ਨ (Alhazen (965–1039)) ਨੇ ਦੱਸਿਆ ਸੀ, ਕਿ ਚੰਦਰਮਾ ਸੂਰਜ ਦੀ ਰੌਸ਼ਨੀ ਨੂੰ ਇਕ ਸ਼ੀਸ਼ੇ ਦੀ ਤਰ੍ਹਾਂ ਨਹੀਂ ਮੋੜਦਾ ਹੈ, ਬਲਕਿ ਚੰਦਰਮੇ ਦੇ ਹਰੇਕ ਭਾਗ ਤੋਂ ਰੌਸ਼ਨੀ ਮੋੜੀ ਜਾਂਦੀ ਹੈ। ਸੈਲਿਊਕਸ (2nd century BC, Seleucus) ਨੇ ਦੱਸਿਆ ਕਿ ਸਮੁੰਦਰ ਵਿਚ ਜਵਾਰ ਭਾਟਾ ਚੰਦਰਮੇ ਦੀ ਖਿਚ

ਕਰਕੇ ਹੁੰਦਾ ਹੈ, ਤੇ ਇਸ ਦੀ ਉਚਾਈ ਚੰਦਰਮੇ ਦੀ ਸਥਿਤੀ ਤੇ ਨਿਰਭਰ ਕਰਦੀ ਹੈ।

ਚੰਦਰਮੇ, ਗ੍ਰਹਿ ਤੇ ਤਾਰਿਆਂ ਸਬੰਧੀ ਬਹੁਤ ਸਾਰੀਆਂ ਖੋਜਾਂ ਗੈਲੀਲੀਓ ਦੀ ਦੂਰਬੀਨ (Galileo, 1609) ਦੀ ਕਾਢ ਨਾਲ ਸਾਬਤ ਹੋਈਆਂ। ਉਸ ਸਮੇਂ ਆਮ ਇਹੀ ਕਿਹਾ ਜਾਂਦਾ ਸੀ, ਕਿ ਸੂਰਜ ਤੇ ਸਾਰੇ ਤਾਰੇ ਧਰਤੀ ਦੇ ਦੁਆਲੇ ਘੁੰਮਦੇ ਹਨ, ਪਰੰਤੂ ਗੈਲੀਲੀਓ ਨੇ ਇਸ ਦੇ ਉਲਟ ਕਿਹਾ ਸੀ, ਕਿ ਧਰਤੀ ਸਮੇਤ ਸਾਰੇ ਗ੍ਰਹਿ ਸੂਰਜ ਦੇ ਦੁਆਲੇ ਘੁੰਮਦੇ ਹਨ। ਸਮੇਂ ਦੇ ਹਾਕਮਾਂ ਨੇ ਅਜੇਹਾ ਕਹਿਣ ਤੇ ਗੈਲੀਲੀਓ ਨੂੰ ਉਸ ਦੇ ਘਰ ਵਿਚ ਕੈਦ ਕਰ ਦਿਤਾ ਸੀ।

ਗੁਰੂ ਨਾਨਕ ਸਾਹਿਬ (1469-1539) ਕੋਲ ਕੋਈ ਦੂਰਬੀਨ (Telescope) ਨਹੀਂ ਸੀ, ਪਰੰਤੂ ਉਨ੍ਹਾਂ ਨੇ ਆਪਣੀ ਬਾਣੀ ਵਿਚ ਸਪੱਸ਼ਟ ਕਹਿ ਦਿਤਾ ਸੀ, ਕਿ ਜੋ ਅਸੀਂ ਚੰਦਰਮੇ ਦੀ ਰੌਸ਼ਨੀ ਨਾਲ ਰਾਤ ਵੇਲੇ ਵੇਖਦੇ ਹਾਂ, ਉਹ ਰੌਸ਼ਨੀ ਚੰਦਰਮੇ ਦੀ ਆਪਣੀ ਨਹੀਂ ਹੁੰਦੀ ਹੈ, ਬਲਕਿ ਚੰਦਰਮੇ ਦੇ ਅੰਦਰ ਸੂਰਜ ਦੀ ਰੌਸ਼ਨੀ ਸਮਾਈ ਹੁੰਦੀ ਹੈ। ਹੇਠ ਲਿਖਿਆ ਸਬਦ ਇਹੀ ਸਮਝਾਂਉਂਦਾ ਹੈ ਕਿ ਚੰਦਰਮੇ ਦੇ ਅੰਦਰ ਸੂਰਜ ਦੀ ਗਰਮੀ ਸਮਾ ਜਾਂਦੀ ਹੈ। ਭਾਵ ਸ਼ਾਂਤੀ ਦੇ ਘਰ (ਅਕਾਲ ਪੁਰਖ) ਵਿਚ ਮਨੁੱਖ ਦੇ ਮਨ ਦੀ ਤਪਸ਼ ਸਮਾ ਜਾਂਦੀ ਹੈ, ਉਸ ਵੇਲੇ ਮਨੁੱਖ ਅਕਾਲ ਪੁਰਖ ਨਾਲ ਮਿਲਾਪ ਕਰਵਾਉਂਣ ਵਾਲੀ ਜੁਗਤੀ ਦੀ ਕਦਰ ਸਮਝਦਾ ਹੈ। ਫਿਰ ਮਨੁੱਖ ਉਸ ਅਕਾਲ ਪੁਰਖ ਵਿਚ ਆਪਣੀ ਸੁਰਤਿ ਜੋੜੀ ਰੱਖਦਾ ਹੈ, ਜਿਹੜਾ ਸਾਰੀ ਸ੍ਰਿਸ਼ਟੀ ਵਿਚ ਅਤੇ ਹਰੇਕ ਥਾਂ ਸਮਾਇਆ ਹੋਇਆ ਹੈ।

ਚਉਦਸਿ ਚਉਥੇ ਥਾਵਹਿ ਲਹਿ ਪਾਵੈ ॥ ਰਾਜਸ ਤਾਮਸ ਸਤ ਕਾਲ ਸਮਾਵੈ ॥ ਸਸੀਅਰ ਕੈ ਘਰਿ ਸੂਰੁ ਸਮਾਵੈ ॥ (੮੪੦)

ਸਤਿਗੁਰੂ ਦਾ ਸ਼ਬਦ ਉੱਚਾਰਨ ਨਾਲ ਮਨੁੱਖ ਦੇ ਹਿਰਦੇ ਵਿਚ ਚੰਦਰਮੇ ਦੀ ਅਪਾਰ ਜੋਤਿ ਪਰਗਟ ਹੋ ਜਾਂਦੀ ਹੈ, ਭਾਵ, ਮਨੁੱਖ ਦੇ ਹਿਰਦੇ ਵਿਚ ਸ਼ਾਂਤੀ ਪੈਦਾ ਹੋ ਜਾਂਦੀ ਹੈ। ਜਦੋਂ ਮਨੁੱਖ ਦੇ ਹਿਰਦੇ ਵਿਚ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ, ਤਾਂ ਫਿਰ ਅਗਿਆਨਤਾ ਦਾ ਹਨੇਰਾ ਮਿਟ ਜਾਂਦਾ ਹੈ। ਚੰਦਰਮਾ ਦੇ ਘਰ ਵਿਚ ਸੂਰਜ ਆ ਵੱਸਦਾ ਹੈ ਭਾਵ, ਸ਼ਾਂਤ ਹਿਰਦੇ ਵਿਚ ਗਿਆਨ ਦਾ ਸੂਰਜ ਚੜ੍ਹ ਪੈਂਦਾ ਹੈ। ਸ਼ਬਦ ਗੁਰੂ ਦੀ ਬਰਕਤਿ ਨਾਲ ਜਦੋਂ ਗੁਰਮੁਖ ਸੁਖ ਤੇ ਦੁਖ ਨੂੰ ਇਕੋ ਜਿਹਾ ਜਾਣ ਕੇ ਅਕਾਲ ਪੁਰਖ ਦੇ ਨਾਮੁ ਨੂੰ ਆਪਣੇ ਜੀਵਨ ਦਾ ਆਧਾਰ ਬਣਾਂਦਾ ਹੈ, ਫਿਰ ਭਾਂਵੇ ਸੁਖ ਹੋਵੇ ਜਾਂ ਦੁਖ ਉਹ ਹਰ ਵੇਲੇ ਅਕਾਲ ਪੁਰਖ ਨੂੰ ਯਾਦ ਰੱਖਦਾ ਹੈ, ਤੇ ਅਕਾਲ ਪੁਰਖ ਆਪ ਹੀ ਮਨੁੱਖ ਨੂੰ ਇਸ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਲੰਘਾ ਲੈਂਦਾ ਹੈ।

ਸਬਦੁ ਭਾਖਤ ਸਸਿ ਜੋਤਿ ਅਪਾਰਾ ॥ ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ ॥ (੯੪੩)

ਸਤਿਗੁਰ ਮਿਲਹੁ ਆਪੇ ਪ੍ਰਭੁ ਤਾਰੇ ॥ ਸਸਿ ਘਰਿ ਸੂਰੁ ਦੀਪਕੁ ਗੈਣਾਰੇ ॥ ਦੇਖਿ ਅਦਿਸਟੁ ਰਹਹੁ ਲਿਵ ਲਾਗੀ ਸਭੁ ਤ੍ਰਿਭਵਣਿ ਬ੍ਰਹਮੁ ਸਬਾਇਆ ॥੩॥ (੧੦੪੧)

ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਅਤੇ ਸਾਇੰਸ ਦੀ ਇਹ ਸਾਰੀ ਤੁਲਨਾ ਸਾਨੂੰ ਇਹੀ ਸਿਖਿਆ ਦਿੰਦੀ ਹੈ ਕਿ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਇਕ ਅਧੁਨਿਕ ਤੇ ਵਿਗਿਆਨਕ ਸਿਖਿਆ ਦਾ ਸੋਮਾਂ ਹੈ। ਇਸ ਲਈ ਸਾਨੂੰ ਪਰਚੱਲਤ ਰਵਾਇਤਾ ਤੋਂ ਉਪਰ ਉਠ ਕੇ ਗੁਰੂ ਗਰੰਥ ਸਾਹਿਬ ਅਨੁਸਾਰ ਦਿਤੀ ਗਈ ਸਿਖਿਆ ਤੇ ਉਸ ਸਬੰਧੀ ਖੋਜ ਇਕ ਵਿਗਿਆਨਕ ਤਰੀਕੇ ਨਾਲ ਕਰਨੀ ਚਾਹੀਦੀ ਹੈ। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਤਕ ਸਾਰੇ ਗੁਰੂ ਸਾਹਿਬਾਂ ਨੇ ਆਪਣੇ ਜੀਵਨ ਕਾਲ ਵਿਚ ਜੁਗੋ ਜੁਗ ਅਟੱਲ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਅਨੁਸਾਰ ਚਲ ਕੇ ਵਿਖਾਇਆ ਹੈ। ਇਸ ਮਨੁੱਖਾ ਜੀਵਨ ਨੂੰ ਸਫਲ ਕਰਨ ਲਈ ਜਰੂਰੀ ਹੈ ਕਿ ਗੁਰਬਾਣੀ ਨੂੰ ਇਕ ਅਧੁਨਿਕ ਤੇ ਵਿਗਿਆਨਕ ਤਰੀਕੇ ਨਾਲ ਪੜ੍ਹਿਆ, ਸਮਝਿਆ ਤੇ ਜੀਵਨ ਵਿਚ ਅਪਨਾਇਆ ਜਾਵੇ। ਰਵਾਇਤਾਂ ਤੇ ਮੰਨ ਘੜਤ ਕਹਾਣੀਆਂ ਤੋਂ ਉਪਰ ਉਠਣ ਲਈ ਸਾਇੰਸ ਤੇ ਹੋਰ ਬਹੁਤ ਸਾਰੇ ਵਿਸ਼ਿਆਂ ਦਾ ਗਿਆਨ ਹਾਸਲ ਕੀਤਾ ਜਾਵੇ ਤਾਂ ਜੋ ਅਸੀਂ ਗੁਰਬਾਣੀ ਦੁਆਰਾ ਜੀਵਨ ਦੀ ਅਸਲੀਅਤ ਨੂੰ ਸਮਝ ਸਕਈਏ। ਇਸ ਲਈ ਆਓ ਸਾਰੇ ਜਾਣੇ ਸਿੱਖ ਧਰਮ ਦੇ ਮੁਢਲੇ ਸਿਧਾਂਤ, 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ

ਨਾਲਿ' ਅਨੁਸਾਰ ਚਲ ਕੇ ਗੁਰੂ ਦੇ ਸੱਚੇ ਸਿੱਖ ਬਣੀਏ ਤੇ ਆਪਣਾ ਮਨੁੱਖਾ ਜਨਮ ਸਫਲ ਕਰੀਏ। ਗੁਰਬਾਣੀ ਨੂੰ ਆਪਣੇ ਜੀਵਨ ਦਾ ਆਧਾਰ ਬਣਾ ਕੇ ਸਬਦ ਗੁਰੂ ਦੁਆਰਾ ਆਪਣੇ ਅੰਦਰ ਚਾਨਣ ਪੈਦਾ ਕਰੀਏ ਅਤੇ ਪੂਰੀ ਦੁਨੀਆ ਵਿਚੋਂ ਅਗਿਆਨਤਾ ਦਾ ਅੰਧੇਰਾ ਦੂਰ ਕਰਨ ਲਈ ਉਪਰਾਲਾ ਕਰੀਏ।

ਮਃ ੪ ॥ ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥ (੩੦੫-੩੦੬)

ਇਸ ਲਈ ਹਰੇਕ ਸਿੱਖ ਦਾ ਫਰਜ਼ ਬਣ ਜਾਂਦਾ ਹੈ, ਕਿ ਉਹ ਗੁਰਬਾਣੀ ਵਿਚ ਦਰਸਾਈਆਂ ਗਈਆਂ ਸਚਾਈਆਂ ਤੇ ਵਿਸ਼ਵਾਸ ਕਰੇ, ਉਨ੍ਹਾਂ ਨੂੰ ਖੋਜੇ ਤੇ ਆਪਣਾ ਜੀਵਨ ਸਫਲ ਕਰਨ ਦੇ ਨਾਲ ਨਾਲ ਮਨੁੱਖਤਾ ਦਾ ਭਲਾ ਕਰੇ। ਜੇ ਕਰ ਸਮਾਂ ਨਾ ਸੰਭਾਲਿਆ, ਆਪਣੇ ਅੰਦਰ ਅਕਾਲ ਪੁਰਖ ਦੇ ਗੁਣ ਨਾ ਪੈਦਾ ਕੀਤੇ ਤਾਂ ਇਹ ਮਨੁੱਖਾ ਜਨਮ ਦੁਬਾਰਾ ਨਹੀਂ ਮਿਲਣਾ ਤੇ ਨਾ ਹੀ ਬੀਤ ਗਿਆ ਸਮਾਂ ਦੁਬਾਰਾ ਹੱਥ ਆਉਂਣਾਂ ਹੈ। ਸਾਇੰਸ ਦੀਆਂ ਖੋਜਾਂ ਨਾਲ ਪੂਰੀ ਸਚਾਈ ਤਕ ਪਹੁੰਚਣ ਲਈ ਅਨੇਕਾਂ ਸਾਲ ਲੱਗ ਸਕਦੇ ਹਨ, ਪਰੰਤੂ ਮਨੁੱਖਾ ਜੀਵਨ ਤਾਂ ਕੁਝ ਦਹਾਕਿਆਂ ਦਾ ਹੀ ਹੁੰਦਾ ਹੈ। ਇਸ ਲਈ ਫਾਇਦਾ ਇਸੇ ਵਿਚ ਹੈ, ਕਿ ਸਾਡੇ ਕੋਲ ਜੋ ਗੁਰਬਾਣੀ ਦਾ ਖ਼ਜਾਨਾ ਹੈ, ਉਸ ਨੂੰ ਸੰਭਾਲੀਏ ਤੇ ਵਰਤੀਏ, ਅਤੇ ਸਾਇੰਸ ਦੁਆਰਾ ਜੋ ਸਪਸ਼ਟੀਕਰਨ ਤੇ ਸਹੂਲਤਾਂ ਮਿਲ ਰਹੀਆਂ ਹਨ, ਉਨ੍ਹਾਂ ਦੀ ਸਹਾਇਤਾ ਨਾਲ ਗੁਰਬਾਣੀ ਦਾ ਸੰਦੇਸ਼ਾ ਪੂਰੀ ਦੁਨੀਆ ਤਕ ਪਹੁੰਚਾਈਏ। ਇਸ ਲਈ ਆਓ ਸਾਰੇ ਜਾਣੇ ਸਬਦ ਗੁਰੂ, ਗੁਰੂ ਗਰੰਥ ਸਾਹਿਬ ਵਿਚ ਅੰਕਿਤ ਸੱਚੀ ਬਾਣੀ ਨੂੰ ਪੜ੍ਹੀਏ, ਸੁਣੀਏ, ਸਮਝੀਏ, ਖੋਜੀਏ ਤੇ ਜੀਵਨ ਦੀ ਅਸਲੀਅਤ ਨੂੰ ਸਮਝੀਏ। ਗੁਰਬਾਣੀ ਨੂੰ ਆਪਣੇ ਜੀਵਨ ਦਾ ਆਧਾਰ ਬਣਾ ਕੇ ਸਬਦ ਗੁਰੂ ਦੁਆਰਾ ਆਪਣੇ ਅੰਦਰ ਚਾਨਣ ਪੈਦਾ ਕਰੀਏ ਅਤੇ ਪੂਰੀ ਦੁਨੀਆ ਵਿਚੋਂ ਅਗਿਆਨਤਾ ਦਾ ਅੰਧੇਰਾ ਦੂਰ ਕਰਨ ਲਈ ਉਪਰਾਲਾ ਕਰੀਏ।

ਮੁੰਦਾਵਣੀ ਮਹਲਾ ੫ ॥ ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥ ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥ ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥ ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥ ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥ (੧੪੨੯)

"ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ"

( ਡਾ: ਸਰਬਜੀਤ ਸਿੰਘ )

Email = sarbjitsingh@yahoo.com

http://www.geocities.ws/sarbjitsingh/,

06/02/2020 at 1:44pm 1 Like

HashOver Comments – RSS Feed · Source Code · JavaScript

ਖ਼ਤ ਲਿਖਣ ਲਈ ਪਤਾ

ਘਰ